# ਚਿਰਾਗ

ਅਪ੍ਰੈਲ-ਜੂਨ 2009

**April-June 2009**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



20 ਰੁਪਏ **68** ਅਪ੍ਰੈਲ - ਜੂਨ 2009

# ਚਿਰਾ.ਗ ਤਿਮਾਹੀ

ਅਪ੍ਰੈਲ - ਜੂਨ 2009



ਸੰਪਾਦਕ ਹਰਭਜਨ ਸਿੰਘ ਹੁੰਦਲ

ਸੰਪਾਦਕੀ ਮੰਡਲ - ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੁਲੱਖਣ ਸਰਹੱਦੀ, ਲਾਲ ਸਿੰਘ

ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


| | |
|---|---|
| ✦ ਸੰਪਾਦਕੀ ਟਿੱਪਣੀ | ਇਹ ਸਭ ਕੀ ਹੈ? |
| ✦ ਇਸ ਵਾਰ ਦਾ ਵਿਸ਼ੇਸ਼ ਕਵੀ | ਕਰਨੈਲ ਸਿੰਘ ਦੀਆਂ ਚਾਰ ਗ਼ਜ਼ਲਾਂ |
| ✦ ਵਿਸ਼ਵ ਕਵਿਤਾ | ਮਿਸਰੀ ਕਵਿਤਾ- ਲੈਲਾ ਤੇ ਮੇਰੀ ਮਾਤ ਭੂਮੀ (ਅਬਦੁਲ ਰਹਿਮਾਨ ਉਲ-ਸ਼ਰਕਾਵੀ) |
| ✦ ਵਾਹਗਿਓਂ ਪਾਰ | ਮਾਂ ਬੋਲੀ (ਮਕਸੂਦ ਸਾਕਿਬ), ਗ਼ਜ਼ਲ (ਰਵਾਕਤ ਹੁਸੈਨ ਮੁਮਤਾਜ) |
| ✦ ਭਾਰਤੀ ਕਵਿਤਾ | ਹਰਭਗਵਾਨ ਚਾਵਲਾ |
| ✦ ਮਹਿਮਾਨ ਹਿੰਦੀ ਕਹਾਣੀ | ਉਦੈ ਪ੍ਰਕਾਸ਼ ਦੀ ਕਹਾਣੀ, ਦੱਦੂ ਤਿਵਾੜੀ ਗਣਨਾ-ਅਧਿਕਾਰੀ |
| ✦ ਪੰਜਾਬੀ ਗ਼ਜ਼ਲਾਂ | ਸੁਲੱਖਣ ਸਰਹੱਦੀ, ਜਗਤਾਰ ਸਾਲਮ, ਹਰਭਜਨ ਸਰਨਾ, ਦਾਦਰ ਪੰਡੋਰਵੀ, ਹਰਸ਼ਰਨ ਸ਼ਰੀਫ਼ |
| ✦ ਨਜ਼ਮਾਂ | ਹਰਭਜਨ ਸਿੰਘ ਹੁੰਦਲ, ਜੋਧ ਸਿੰਘ |
| ✦ ਪੰਜਾਬੀ ਕਹਾਣੀ | ਬੱਗੀ (ਜ਼ੋਰਾ ਸਿੰਘ ਸੰਧੂ) |
| ✦ ਸਿਮ੍ਰਿਤੀਆਂ | ਬਿਰਖ ਦੀ ਛਾਂ ਹੇਠ (ਪ੍ਰਿੰ. ਪ੍ਰੀਤਮ ਸਿੰਘ ਦੇ ਬਾਰੇ) ਹਰਭਜਨ ਸਿੰਘ ਹੁੰਦਲ |
| ✦ ਮੁਲਾਂਕਣ | ਕੈਨੇਡੀਅਨ ਪੰਜਾਬੀ ਕਹਾਣੀ (ਅਰਵਿੰਦਰ ਕੌਰ ਕੈਨੇਡਾ), ਇਹਨਾਂ ਰਾਹਾਂ ਉੱਤੇ (ਹਰਿੰਦਰ ਬਰਾੜ) |
| ✦ ਪੁਸਤਕ ਪੜਚੋਲ | ਮੇਰੇ ਬੋਲ, ਅਰਸ਼ੋਂ ਉੱਤਰੇ ਤਾਰੇ (ਸੁਲੱਖਣ ਸਰਹੱਦੀ), ਸਾਮਰਾਜੀ ਸੰਕਟ (ਅਮਰਜੀਤ ਸੂਫੀ) ਨਿੱਕੇ ਵੱਡੇ ਹਿਟਲਰ (ਡਾ. ਅਮਰ ਕੋਮਲ) |
| ✦ ਪੁਸਤਕ ਪ੍ਰਾਪਤੀ | ✦✦✦ |
| ✦ ਮੁੱਖ ਚਿੱਤਰ | ਰੂਸੀ ਬੁੱਤ ਤਰਾਸ਼ ਗੇਦੀਮੀਨਾਸ ਜੋਕੂਬੋਨੀਸ ਦਾ ਸਿਰਜਿਆ ਬੁੱਤ 'ਜੰਗ ਤੇ ਮਾਂ' |



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188
(M) 99150-42242



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

**ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 30 ਅਪ੍ਰੈਲ 2009


ਸੰਪਾਦਕੀ ਟਿੱਪਣੀ

## ਇਹ ਸਭ ਕੀ ਹੈ?

ਇੱਕ ਸਮਾਂ ਸੀ ਕਿ ਪੰਜਾਬੀ ਭਾਸ਼ਾ ਵਿਚ ਕੋਈ ਟਾਵਾਂ-ਟੱਲਾ ਰਸਾਲਾ ਨਿਕਲਦਾ ਸੀ, ਕੁਝ ਚਿਰ ਪੈਸੇ ਦੇ ਜ਼ੋਰ 'ਤੇ ਚੱਲਦਾ ਸੀ ਤੇ ਕੁਝ ਸਾਲਾਂ ਪਿੱਛੋਂ ਇਹ ਹਾਲ ਇਕੱਲੇ ਸਾਹਿਤਕ ਰਸਾਲਿਆਂ ਦਾ ਹੀ ਨਹੀਂ ਸੀ ਬਲਕਿ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਪਰਚਿਆਂ ਦਾ ਵੀ ਇਹੋ ਹਾਲ ਸੀ। ਰਸਾਲਿਆਂ ਤੋਂ ਸ਼ੁਰੂ ਹੋ ਕੇ ਹਫ਼ਤਾਵਰੀ ਜਾਂ ਪੰਦਰਾ ਰੋਜ਼ਾ ਦੋ-ਵਰਕੀਆਂ 'ਤੇ ਵੀ ਆ ਜਾਂਦੇ ਸਨ। ਉਹ ਵੀ ਚੰਦੇ ਲੈ ਕੇ ਨਹੀਂ ਚਲਦੇ ਸਨ ਬਲਕਿ ਦਾਨ ਲੈ ਕੇ ਚਲਾਏ ਜਾਂਦੇ ਸਨ। 1926 ਦੇ ਕਰੀਬ ਪਹਿਲਾ ਮਾਸਿਕ ਪਰਚਾ "ਪ੍ਰੀਤਲੜੀ" ਨਿਕਲਿਆ ਜਿਸਨੇ ਆਪਣੀ ਹੋਂਦ ਲਈ ਸਿਰੜੀ ਲੜਾਈ ਲੜੀ। ਉਸਨੇ ਪੰਜਾਬੀ ਪਾਠਕਾਂ ਵਿਚ ਆਪਣਾ ਵਿਲੱਖਣ ਸਥਾਨ ਬਣਾ ਲਿਆ। ਇਹ ਪਰਚਾ ਪੜ੍ਹੇ-ਲਿਖੇ ਮੱਧਵਰਗੀ ਅਤੇ ਨਿਮਨ ਮੱਧ ਵਰਗੀ ਪਰਿਵਾਰਾਂ ਵਿਚ ਚੱਲ ਨਿਕਲਿਆ। ਇਹਨੇ ਖ਼ਾਸ ਕਰਕੇ ਸ਼ਹਿਰਾਂ ਵਿਚ ਉੱਭਰੇ ਮੱਧ ਵਰਗ ਦੇ ਪੇਸ਼ਾਵਰ ਲੋਕਾਂ, ਮਾਸਟਰਾਂ, ਪ੍ਰੋਫੈਸਰਾਂ ਤੇ ਵਿਦਿਆਰਥੀਆਂ ਵਿਚ ਲੰਮਾ ਸਮਾਂ ਆਪਣਾ ਪ੍ਰਭਾਵ ਕਾਇਮ ਰੱਖਿਆ। ਜਿੱਥੇ ਇਸ ਵਿਚ ਕਈ ਹੋਰ ਵਾਧੇ ਸਨ ਉੱਥੇ ਸਭ ਤੋਂ ਪ੍ਰਭਾਵਸ਼ਾਲੀ ਇਸਦੇ ਮਾਲਕ ਤੇ ਸੰਪਾਦਕ ਦੇ ਵਿਅਕਤੀਤਵ ਤੇ ਵਿਦਵਤਾ ਤੇ ਵਿਸ਼ੇਸ਼ ਲਿਖਣ ਸ਼ੈਲੀ ਦਾ ਪ੍ਰਭਾਵ ਮੁੱਖ ਸੀ। ਇਸੇ ਸਮੇਂ ਤੋਂ ਹੋਰ ਪਰਚਾ "ਫੁਲਵਾੜੀ" ਨਿਕਲਿਆ ਜਿਹੜਾ ਕੌਮੀ ਖ਼ਿਆਲਾਂ ਦੇ ਸਿੱਖਾਂ ਵਿਚ ਮਕਬੂਲ ਹੋਇਆ। ਉਸਦੇ ਪਿੱਛੇ ਵੀ ਦੇਸ਼ ਭਗਤ ਤੇ ਕਵੀ ਗਿਆਨੀ ਹੀਰਾ ਸਿੰਘ ਦਰਦ ਦਾ ਪ੍ਰਭਾਵ ਕੰਮ ਕਰਦਾ ਸੀ। ਇਸ ਤਰ੍ਹਾਂ ਸਮੇਂ-ਸਮੇਂ ਹੋਰ ਪਰਚੇ ਵੀ ਨਿਕਲੇ। ਪ੍ਰੋ. ਮੋਹਨ ਸਿੰਘ ਨੇ "ਪੰਜ ਦਰਿਆ" ਕੱਢਿਆ। ਨਾਨਕ ਸਿੰਘ ਨੇ "ਲੋਕ ਸਾਹਿਤ" ਕੱਢਿਆ। ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਨੇ "ਆਰਸੀ" ਕੱਢਿਆ। ਉੱਘੀ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਨੇ ਵੀ "ਨਾਗਮਣੀ" ਕੱਢਿਆ। ਕੁਝ ਸਰਕਾਰੀ ਪਰਚੇ ਵੀ ਨਿਕਲੇ ਜਿਵੇਂ ਭਾਸ਼ਾ ਵਿਭਾਗ ਦੇ "ਪੰਜਾਬੀ ਦੁਨੀਆਂ" ਤੇ "ਜਨ ਸਾਹਿਤ"। ਲੋਕ ਸੰਪਰਕ ਵਿਭਾਗ ਨੇ ਆਪਣੇ ਪਰਚੇ "ਜਾਗ੍ਰਿਤੀ" ਨੂੰ ਸਾਹਿਤਕ ਅਤੇ ਸਮਾਜਿਕ ਰੂਪ ਦੇਣ ਲਈ ਹੰਭਲੇ ਮਾਰੇ। ਨਕਸਲੀ ਲਹਿਰ ਸਮੇਂ ਵੀ ਕੁਝ ਪਰਚੇ ਨਿਕਲੇ ਪਰੰਤੂ ਉਹ ਮੌਸਮੀ ਘਾਹ ਵਾਂਗੂੰ ਸੁੱਕ ਗਏ। ਇੱਕ ਸਮਾਂ ਮਾਸਿਕਾਂ ਦੀ ਥਾਂ ਤ੍ਰੈ-ਮਾਸਿਕਾਂ ਦਾ ਆਇਆ। ਬੰਬਈ ਤੋਂ ਇੱਕ ਵੱਡਾ ਰਸਾਲਾ "ਚੇਤਨਾ" ਕੱਢਿਆ ਗਿਆ ਪਰੰਤੂ ਇਹ ਵੀ ਖ਼ਤਮ ਹੋ ਗਿਆ। ਖੱਬੀ ਦਿੱਖ ਵਾਲਾ ਇਕ ਮਾਸਿਕ ਪਰਚਾ ਗੁਰਮੇਲ ਪੰਨੂ ਤੇ ਉਹਦੇ ਸਾਥੀਆਂ ਨੇ "ਸੇਧ" ਕੱਢਿਆ। ਸਮਾਂ ਪਾ ਕੇ ਇਕ ਪਾਸੜ ਤੇ ਉਲਾਰ ਹੋ ਜਾਣ ਕਾਰਨ ਉਹ ਵੀ ਮੁੱਕ ਗਿਆ। ਇਕ ਤ੍ਰੈ-ਮਾਸਿਕ ਪਰਚਾ "ਸਿਰਜਣਾ" ਜਿਹੜਾ ਸਾਹਿਤਕ ਅਤੇ ਜਮਹੂਰੀ ਹੈ, ਲੰਮੀ ਉਮਰ ਭੋਗ ਗਿਆ ਹੈ। ਹਾਲੇ ਵੀ ਇਹਦੀ ਤੋਰ ਤਿੱਖੀ ਹੈ।

ਇੱਕ ਸਮਾਂ ਫੇਰ ਆਇਆ ਕਿ ਮੁੜ ਪਰਚਿਆਂ ਦੀ ਭਰਮਾਰ ਹੋ ਰਹੀ ਹੈ। ਅੱਜ ਹਰ ਇੱਕ ਪੁੱਠੇ-ਸਿੱਧੇ ਹੱਥ ਨਾਲ ਦੋ ਅੱਖਰ ਲਿਖਣ ਵਾਲਾ ਵਿਅਕਤੀ, ਜਿਸਦੇ ਦੁਆਲੇ ਚਾਰ ਵਿਅਕਤੀ

ਥੋੜ੍ਹੇ ਬਹੁਤੇ ਪੈਸੇ ਖਰਚਣ ਵਾਲੇ ਹੋਣ, ਪਰਚੇ ਦਾ ਸੰਪਾਦਕ ਬਣਨ ਦਾ ਇੱਛੁਕ ਹੈ। ਸਾਡੇ ਕੋਲ ਹਰ ਰੋਜ਼ ਜਾਂ ਦੂਜੇ-ਤੀਜੇ ਦਿਨ ਇਹ ਪਰਚੇ ਪੁੱਜਦੇ ਹਨ। ਇਹਨਾਂ ਦੇ ਕੁਝ ਅੰਕ ਖ਼ੂਬ ਰੰਗ-ਬਿਰੰਗੇ ਟਾਈਟਲ ਅਤੇ ਢੋਲ-ਢਮੱਕੇ ਨਾਲ ਨਿਕਲਦੇ ਹਨ ਤੇ ਕੁਝ ਸਮੇਂ ਬਾਅਦ ਗਾਇਬ ਹੋ ਜਾਂਦੇ ਹਨ। ਮੁੱਢਲੇ ਪਰਚਿਆਂ ਵਿਚ ਵਾਅਦੇ ਵੀ ਵੱਡੇ-ਵੱਡੇ ਕੀਤੇ ਹੁੰਦੇ ਹਨ ਪਰੰਤੂ ਇਹ ਸਭ ਬੇਅਰਥ ਸਾਬਿਤ ਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਪਰਚੇ ਰਜਿਸਟਰ ਵੀ ਨਹੀਂ ਹੁੰਦੇ, ਕੇਵਲ ਪੁਸਤਕ ਲੜੀ ਵਜੋਂ ਚਲਾਏ ਜਾਂਦੇ ਹਨ। ਅਜਿਹੇ ਪਰਚਿਆਂ ਵਿਚ ਲੇਖਕਾਂ ਤੇ ਪ੍ਰਬੰਧਕਾਂ ਦੇ ਜਿਹੜੇ ਨਾਂਅ ਹੁੰਦੇ ਹਨ ਉਹ ਕਦੇ ਵੀ ਸਮਾਜਿਕ ਤੇ ਸਾਹਿਤਕ ਜੀਵਨ ਵਿਚ ਸੁਣੇ ਜਾਂ ਪੜ੍ਹੇ ਗਏ ਨਹੀਂ ਹੁੰਦੇ। ਵਿਦੇਸ਼ ਗਏ ਅੱਧ-ਪੜ੍ਹੇ ਤੇ ਪੜ੍ਹੇ ਨਵੇਂ ਗੱਭਰੂਆਂ ਵਿਚੋਂ ਜਿੱਥੇ ਪੇਂਡੂ ਪਿਛੋਕੜ ਵਾਲੇ ਬਹੁਤੇ ਗੱਭਰੂ ਜਿਨ੍ਹਾਂ ਵਿਚੋਂ ਬਹੁਤੇ ਕਬੱਡੀ ਦੇ ਟੂਰਨਾਮੈਂਟ ਕਰਵਾ ਕੇ ਆਪਣਾ ਨਾਂਅ ਚਮਕਾਉਂਦੇ ਹਨ। ਉੱਥੇ ਉਹਨਾਂ ਵਿਚੋਂ ਇੱਕ ਹਿੱਸਾ ਅੱਖਰਾਂ ਦਾ ਸ਼ੁਗਲ ਵੀ ਪਾਲਣ ਲੱਗ ਗਿਆ ਹੈ। ਅੱਜ-ਕੱਲ ਪਿੰਡਾਂ ਤੇ ਸ਼ਹਿਰਾਂ ਵਿਚ ਲੇਖਕ ਕਹਾਉਣ ਦਾ ਸ਼ੁਗਲ ਫੁਰਮਾਉਣ ਵਾਲੇ ਬੇਰੁਜ਼ਗਾਰ ਗੱਭਰੂ ਬਹੁ-ਗਿਣਤੀ ਵਿਚ ਮਿਲ ਜਾਂਦੇ ਹਨ। ਇਸ ਤਰ੍ਹਾਂ ਘਰੇਲੂ ਅਤੇ ਬਾਹਰਲੇ ਸ਼ੁਗਲਬਾਜ਼ ਰਲ ਕੇ ਕਿਸੇ ਨਵੇਂ ਪਰਚੇ ਦੀ ਪੁਸਤਕ ਲੜੀ ਨੂੰ ਜਨਮ ਦੇ ਦਿੰਦੇ ਹਨ। ਇਸਦੇ ਨਾਲ ਹੀ ਲੇਖਕਾਂ ਤੇ ਕਵੀਆਂ ਦੀ ਧਾੜ ਇਕੱਠੀ ਕਰ ਲੈਂਦੇ ਹਨ। ਇਸ ਸਾਰੇ ਕੁਝ ਨੂੰ ਉਹ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਸੇਵਾ ਕਰਨਾ ਦੱਸਦੇ ਹਨ। ਅਸੀਂ ਸਮਝਦੇ ਹਾਂ ਕਿ ਜੇਕਰ ਇਹ ਲੋਕ ਕਿਸੇ ਦੀ ਸੇਵਾ ਕਰਦੇ ਹਨ ਤਾਂ ਉਹ ਨਵੀਆਂ ਖੁੱਲ੍ਹੀਆਂ ਕੰਪਿਊਟਰ ਵਾਲਿਆਂ ਦੀਆਂ ਦੁਕਾਨਾਂ ਦੀ ਸੇਵਾ ਕਰਦੇ ਹਨ ਅਤੇ ਅੱਗੇ ਉਹ "ਜਿਹਾ ਤੇਰਾ ਅੰਨ ਪਾਣੀ, ਤੇਹਾ ਮੇਰਾ ਕੰਮ ਜਾਣੀ" ਵਾਲੀ ਗੱਲ ਕਰਦੇ ਹਨ। ਇਸ ਸਾਰੇ ਕੁਝ ਬਾਰੇ ਸਾਡੀ ਰਾਇ ਹੈ ਕਿ ਇਸ ਸਮੇਂ ਪੰਜਾਬੀ ਬੋਲੀ ਤੇ ਸਾਹਿਤ ਐਨਾ ਨਿਤਾਣਾ ਨਹੀਂ ਰਿਹਾ ਹੈ ਕਿ ਇਹਨਾਂ ਨੂੰ ਰੁੱਖੇ ਟੁਕੜਿਆਂ ਦੀਆਂ ਬੁਰਕੀਆਂ ਦੀ ਲੋੜ ਹੋਵੇ। ਹਕੀਕਤ ਵਿਚ ਇਹ ਪਰਚੇ ਬਹੁਤ ਹੀ ਨੀਵੇਂ ਪੱਧਰ ਦਾ ਸਾਹਿਤ ਰਚ ਰਹੇ ਹਨ ਤੇ ਭਾਸ਼ਾ ਨੂੰ ਬੁਰੀ ਤਰ੍ਹਾਂ ਵਿਗਾੜ ਰਹੇ ਹਨ। ਗ਼ਜ਼ਲ ਵਰਗੀ ਪਰਿਪੱਕ ਸਾਹਿਤਕ ਸਿਨਫ਼ ਦੇ ਨਾਂਅ 'ਤੇ ਇਹ ਬੈਂਤ ਅਤੇ ਕਵਿਤਾ ਦੇ ਨਾਂਅ 'ਤੇ ਕੋਰੜਾ ਛੰਦ ਲਿਖ ਰਹੇ ਹਨ। ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਸਾਹਿਤ ਤੇ ਬੋਲੀ ਦੇ ਵਿਕਾਸ ਲਈ ਪਰਚੇ ਲਾਜ਼ਮੀ ਹਨ ਪਰੰਤੂ ਇਹ ਕੰਮ ਸ਼ੁਗਲਬਾਜ਼ਾਂ ਦਾ ਤੇ ਕੱਚ ਘਰੜਾਂ ਦਾ ਤੇ ਜਿਨ੍ਹਾਂ ਦੀ ਜੇਬ ਖਾਲੀ ਹੋਵੇ ਉਹਨਾਂ ਦੇ ਕਰਨ ਦਾ ਨਹੀਂ। ਸਾਨੂੰ ਇਸ ਗੱਲ ਵਿਚ ਵੀ ਕੋਈ ਸ਼ੰਕਾ ਨਹੀਂ ਕਿ ਇਹ ਸਾਰਾ ਕੁਝ ਵੀ ਆਪੇ ਖਤਮ ਹੋ ਜਾਵੇਗਾ ਜਿਵੇਂ ਕਿਸੇ ਸਮੇਂ ਚੰਗੇ ਪਰਚੇ ਖ਼ਤਮ ਹੋ ਗਏ। ਅਸੀਂ ਇਸ ਸਾਰੇ ਕੁਝ ਦਾ ਦੋਸ਼ ਹੋਰ ਕਿਸੇ ਨੂੰ ਨਹੀਂ ਬਲਕਿ ਆਪਣੇ ਪੰਜਾਬੀ ਪਾਠਕਾਂ ਨੂੰ ਹੀ ਦਿੰਦੇ ਹਾਂ ਜਿਨ੍ਹਾਂ ਵਿਚ ਹਾਲੇ ਤੱਕ ਪੁਸਤਕ ਤੇ ਅੱਖਰ ਸਭਿਆਚਾਰ ਜਨਮ ਨਹੀਂ ਲੈ ਸਕਿਆ। ਹੋਰਨਾਂ ਜ਼ੁਬਾਨਾਂ ਦੇ ਪਰਚੇ ਕੇਵਲ ਚੱਲਦੇ ਹੀ ਨਹੀਂ ਬਲਕਿ ਮਾਲਕਾਂ, ਸੰਪਾਦਕਾਂ ਤੇ ਲੇਖਕਾਂ ਨੂੰ ਰੋਟੀ ਵੀ ਦਿੰਦੇ ਹਨ। ਇਸਦੇ ਉਲਟ ਪੰਜਾਬੀ ਵਿਚ ਸਾਰੇ ਭੁੱਖੇ ਮਰਦੇ ਹਨ। ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਕਿਸੇ ਕੌਮੀਅਤ ਦੇ ਮਾਨਸਿਕ, ਸਾਹਿਤਕ ਤੇ ਬੌਧਿਕ ਵਿਕਾਸ ਲਈ ਪੁਸਤਕ ਸਭਿਆਚਾਰ ਬਹੁਤ ਜ਼ਰੂਰੀ ਹੈ। ਸਾਨੂੰ ਸਾਰਿਆਂ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। •

- ਸੰਪਾਦਕੀ ਮੰਡਲ





# ਗ਼ਜ਼ਲਾਂ

- ਕਰਨੈਲ ਸਿੰਘ

## 1.

ਤੋਤਿਆਂ ਨੂੰ ਹਰਫ ਹੁਣ ਉਹ, ਉਹ ਰਟਾਵਾਂਗੇ ਅਸੀਂ।
ਅਰਥ ਹਰਫਾਂ ਸਾਰਿਆਂ ਦੇ ਖ਼ੁਦ ਸੁਝਾਵਾਂਗੇ ਅਸੀਂ।

ਲੋੜ ਕੀ ਸਾਨੂੰ ਕਿਸੇ ਦੀ ਸੁਣਨ ਦੀ ਜਾਂ ਪੜ੍ਹਨ ਦੀ,
ਸੈਨਤਾਂ ਦੇ ਨਾਲ ਹੀ ਰਸਤਾ ਦਿਖਾਵਾਂਗੇ ਅਸੀਂ।

ਘਰ ਕਿਸੇ ਦੇਂ ਪਹੁੰਚ ਜਾਊ ਅੰਨ ਦਾ ਦਾਣਾ ਕਿਵੇਂ,
ਬੋਹਲ ਰਾਖੀ ਬੱਕਰੇ ਆਪਣੇ ਬਿਠਾਵਾਂਗੇ ਅਸੀਂ।

ਰਾਜ ਸੱਤਾ ਹੱਥ ਲੱਗੇ ਭਾਵੇਂ ਇਕ ਦਿਨ ਦੇ ਲਈ,
ਉਮਰ ਭਰ ਫਿਰ ਆਪਣਾ ਸਿੱਕਾ ਚਲਾਵਾਂਗੇ ਅਸੀਂ।

ਸ਼ਿਅਰ ਹਾਂ ਨਾਜ਼ੁਕ ਜਿਹੇ, ਨਾਜ਼ੁਕ ਜਿਹੀ ਇਕ ਗ਼ਜ਼ਲ ਦੇ,
ਵੇਖ ਕੇ ਤਾਲੇ ਦਰਾਂ ਤੋਂ ਪਰਤ ਜਾਵਾਂਗੇ ਅਸੀਂ।

## 2.

ਜੰਗਲ ਉੱਗੇ, ਜੰਗਲ ਮੌਲੇ, ਐਪਰ ਜੰਗਲ ਰਾਜ ਨਾ ਹੋਵੇ।
ਜੋ ਨਾ ਜਾਣੇ ਪੀੜ ਪਰਾਈ ਉਸਦੇ ਸਿਰ ਤੇ ਤਾਜ ਨਾ ਹੋਵੇ।

ਫੁੱਲ ਮਸਲੇ ਤੇ ਘਟ ਵੀ ਤੋਲੇ, ਹੱਥ ਜੋ ਹੋਵੇ ਨਿਰਾ ਹਥੌੜਾ,
ਡੁੱਬ ਮਰੇ ਉਹ ਮਾਲੀ ਜਿਸਨੂੰ ਬਾਂਹ ਪਕੜੀ ਦੀ ਲਾਜ ਨਾ ਹੋਵੇ।

ਬਾਣੀ ਹੋਵੇ, ਬਾਣਾ ਹੋਵੇ, ਵਿਚ ਹੋਵੇ ਕਿਰਦਾਰ ਵੀ ਸੱਚਾ,
ਕੂੰਜਾਂ ਦੀ ਰਾਖੀ ਦੇ ਨਾਂ ਤੇ ਚਿੜੀਆਂ ਕੋਂਹਦਾ ਬਾਜ ਨਾ ਹੋਵੇ।

ਪੈਸਾ ਪੈਸਾ ਬਣੇ ਰੁਪਈਆ ਇਕ-ਇਕ ਕਰਕੇ ਬਣੇ ਕਾਫਲਾ,
ਪਰ ਉਸ ਧਾੜ ਦਾ ਵੀ ਕੀ ਫ਼ਾਇਦਾ, ਜੋ ਹੱਕ ਦੀ ਆਵਾਜ਼ ਨਾ ਹੋਵੇ।

ਇਸ ਧਰਤੀ ਦੇ ਸਿਰਜਣਹਾਰੇ, ਸਿਰਜੀਂ ਏਹੋ ਜਿਹਾ ਸੁਹੱਪਣ,
ਸੂਰਤ ਹੋਵੇ, ਸੀਰਤ ਹੋਵੇ, ਕੇਵਲ ਨਖ਼ਰਾ ਨਾਜ਼ ਨਾ ਹੋਵੇ।

ਅੱਜ ਤੱਕ ਤੈਥੋਂ ਕੁਝ ਨਹੀਂ ਮੰਗਿਆ, ਜੇ ਖੁਸ਼ ਹੈ ਤਾਂ ਇਹ ਵਰ ਦੇਵੀਂ,
ਜੰਗ ਲੱਗੀ ਤਲਵਾਰ ਨਾ ਹੋਵੇ, ਸੁਰਾਂ ਵਿਹੂਣਾ ਸਾਜ਼ ਨਾ ਹੋਵੇ।

3.

ਹੁਨਾਲੇ ਵਿਚ ਸਿਆਲੇ ਵਿਚ ਹੈ ਥਿਰ ਆਪਣੀ ਹੀ ਥਾਂ ਉੱਤੇ,
ਨਹੀਂ ਡਰ ਧੁੱਪ ਦਾ ਕੋਈ ਤੇ ਨਾ ਹੀ ਮਾਣ ਛਾਂ ਉੱਤੇ।

ਹੋਏਗਾ ਰੱਬ ਦਾ ਹੀ ਰੂਪ ਜਿਨ ਦੁਨੀਆਂ ਇਹ ਸਾਜ਼ੀ ਹੈ,
ਉਹ ਧੁੱਪਾਂ ਵਿਚ ਖਲੋਤਾ, ਹੱਸਦਾ ਹੋਏਗਾ ਛਾਂ ਉੱਤੇ।

ਇਹ ਚਿੱਟੇ ਲਾਲ ਬੱਦਲ ਜੋ ਕਦੀ ਭਗਵੇਂ ਤੇ ਨੀਲੇ ਬਣ,
ਬੁਝਾਉਂਦੇ ਆਪਣੀ ਹੀ ਤ੍ਰੇਹ ਜਾਂ ਵਰ੍ਹਦੇ ਸਾਗਰਾਂ ਉੱਤੇ।

ਹਰਿੱਕ ਘਰ ਦੀਪ ਜਗਦਾ ਹੈ ਤੇ ਭਖਦਾ ਹੈ ਹਰਿਕ ਚੁੱਲ੍ਹਾ,
ਅਜੇ ਤੱਕ 'ਵਾ ਨਹੀਂ ਵਗੀ, ਕੁਲਹਿਣੀ ਇਸ ਗਰਾਂ ਉੱਤੇ।

ਅਸੀਂ ਉਂਗਲਾਂ ਤੇ ਗਿਣਦੇ ਹਾਂ, ਜਿਨ੍ਹਾਂ ਨੇਕੀ ਨਹੀਂ ਕੀਤੀ,
ਤੇ ਕਾਰੋਬਾਰ ਚੱਲਦਾ ਹੈ ਉਨ੍ਹਾਂ ਦਾ ਨੇਕ ਨਾਂ ਉੱਤੇ।

ਅਜਬ ਦਸਤੂਰ ਮੈਂ ਤੱਕਿਐ ਤੇਰੇ ਇਸ ਬਾਗ਼ ਦਾ ਮਾਲੀ,
ਕਿ ਕਾਂ ਕੱਛਾਂ ਵਜਾਉਂਦੇ ਨੇ ਤੇ ਪਹਿਰਾ ਬੁਲਬੁਲਾਂ ਉੱਤੇ।

ਉਦੋਂ ਪਨਘਟ ਤੇ ਗਗਰੀ ਫੇਰ ਛਲਕੇਗੀ ਯਕੀਨਨ ਹੀ,
ਜਦੋਂ ਸਾਰੇ ਹੀ ਬੈਠਾਂਗੇ ਅਸੀਂ ਸੁੱਕੇ ਸਰਾਂ ਉੱਤੇ।

4.

ਸਿਮਟ ਕੇ ਬਿੰਦੂ ਬਣੇ ਜਾਂ ਫੈਲ ਕੇ ਸਾਗਰ ਬਣੇ।
ਮੈਂ ਨਹੀਂ ਚਾਹੁੰਦਾ ਕਿ ਮਨ ਇਹ ਅਧ-ਭਰੀ ਗਗਰ ਬਣੇ।

ਤੀਲਿਆਂ ਦੇ ਵਾਂਗ ਖਿੰਡਿਆ ਕਾਫਲਾ ਬਹੁਕਰ ਬਣੇ,
ਪੱਥਰ ਬਣੇ ਪੌੜੀ ਕਿਸੇ ਦਾ, ਰਾਹ ਦਾ ਨਾ ਪੱਥਰ ਬਣੇ।



ਕੁਝ ਤਾਂ ਆਪਣੇਪਣ ਦਾ ਵੀ ਅਹਿਸਾਸ ਦੇ ਐ ਚਾਰਾਗਰ,
ਤਾਂ ਜੋ ਇਸ ਬਿਮਾਰ ਦੀ ਹਾਲਤ ਜ਼ਰਾ ਬਿਹਤਰ ਬਣੇ।

ਕੁੱਖ ਦੇ ਵਿਚ ਮਾਂ ਮਰੇ ਤੇ ਉਸਦੀ ਕਾਤਲ ਵੀ ਮਾਂ,
ਹਰ ਅਹੱਲਿਆ ਹਰਿੱਕ ਯੁੱਗ ਹੀ ਕਿਉਂ ਸਦਾ ਪੱਥਰ ਬਣੇ।

ਇਲਮ ਨੇ ਬਣਨਾ ਹੈ ਕੁਝ ਤਾਂ, ਇਹ ਬਣੇ ਸੰਜੀਵਨੀ,
ਜੇ ਕਿਤੇ ਨਾਸੂਰ ਬਣ ਜਾਏ ਤਾਂ ਖ਼ੁਦ ਨਸ਼ਤਰ ਬਣੇ।

ਵੱਖਰੀ ਤਸਵੀਰ ਤੇ ਤਕਦੀਰ ਹੋਵੇ ਹਿੰਦ ਦੀ,
ਹਰਿੱਕ ਸਾਧੂ ਸੰਤ ਜੇਕਰ 'ਹਿੰਦ ਦੀ ਚਾਦਰ' ਬਣੇ।

ਜੋੜ ਕੇ ਟੁੱਟੇ ਦਿਲਾਂ ਨੂੰ ਧਰਤ ਕਰੀਏ ਪੱਧਰੀ,
ਮਸਜਿਦਾਂ ਮੰਦਿਰਾਂ ਦੀ ਥਾਂ ਤੇ ਇਕ ਹੀ ਰੱਬ ਦਾ ਘਰ ਬਣੇ।

5.

ਸ਼ਬਦਾਂ ਦੇ ਅਰਥ ਹੋਰ ਹਨ, ਅਰਥਾਂ ਦੇ ਭਾਵ ਹੋਰ।
ਸਾਡਾ ਸਵਾਲ ਹੋਰ ਹੈ, ਤੇਰਾ ਜਵਾਬ ਹੋਰ।

ਕਿੰਨਾ ਕੁ ਚਿਰ ਤਰੇਗੀ ਕਾਗਜ਼ ਦੀ ਨਾਂਵ ਹੋਰ,
ਕਦ ਤੀਕ ਇਹ ਮੁਖੌਟੇ ਕਦ ਤੱਕ ਨਕਾਬ ਹੋਰ।

ਸਾਈਂ ਦੇ ਸਿਰ ਦੀ ਕੀਮਤ ਜਿਸਨੂੰ ਮਿਲੀ ਮਸ਼ੀਨ,
ਨੈਣਾਂ 'ਚ ਉਸਦੇ ਆਇਆ ਹੋਣਾ ਸੈਲਾਬ ਹੋਰ।

ਕਿਸ ਸ਼ਬਦਕੋਸ਼ ਵਿਚੋਂ ਲੱਭੀਏ ਤੇ ਦੱਸੀਏ,
ਪੰਜਆਬ ਹੋਰ ਸੀ, ਅੱਜ ਦਾ ਪੰਜਾਬ ਹੋਰ।

ਜੜ੍ਹ ਵੱਢ ਕੇ ਬੂਟਿਆਂ ਦੀ ਮਾਲੀ ਇਹ ਸੋਚਦੇ,
ਕਲੀਆਂ ਨੇ ਮੁਸਕਰਾਉਣੈ, ਖਿੜਨੇ ਗੁਲਾਬ ਹੋਰ।

ਰੋਟੀ ਦਾ ਹੱਕ ਹੁੰਦੇ ਨੀਲਾਮ ਜਿਸ ਫਿਜ਼ਾ ਵਿਚ,
ਇਸ ਤੋਂ ਕੀ ਵੱਧ ਹੋਣੈ, ਮੌਸਮ ਖਰਾਬ ਹੋਰ। •

ਕਵਿਤਾ

## ਕਵਿਤਾ ਦੀ ਆਮਦ

- ਹਰਭਜਨ ਸਿੰਘ ਹੁੰਦਲ

ਫਿਰ ਆਈ ਹੈ ਕਵਿਤਾ
ਮੇਰੇ ਕੋਲ।
ਆਖਦੀ ਹੈ,
"ਲਿਖ ਲੈ ਮੈਨੂੰ
ਛੇਤੀ-ਛੇਤੀ
ਨਹੀਂ ਤਾਂ ਕਿਰ ਜਾਵਾਂਗੀ ਮੈਂ
ਤੇਰੇ ਹੱਥਾਂ ਵਿਚੋਂ ਰੇਤਾ ਵਾਂਗੂੰ।"

ਪੁੱਛਿਆ,
"ਕਿੱਥੋਂ ਕਿੱਥੋਂ ਘੁੰਮ-ਘੁੰਮਾ ਕੇ
ਆਈ ਏਂ ਐਤਕੀਂ।"

ਆਖਣ ਲੱਗੀ
"ਕੀ ਪੁੱਛਦਾ ਏਂ?
ਵੇਖ ਮੇਰੇ ਬਸਤਰਾਂ ਨੂੰ
ਲਹੂ-ਭਿੱਜੇ
ਪੈਰ ਮੇਰੇ
ਬੇਗੁਨਾਹਾਂ ਦੀ ਰੱਤ ਵਿਚ ਲਿੱਬੜੇ।"

"ਵੀਰ ਮੇਰੇ
ਕੀ ਕਹਾਂ
ਤੇਰੇ ਤੋਂ ਕਾਹਦਾ ਲੁਕਾ।
ਬਸਰੇ ਤੇ ਬਗਦਾਦ ਹੋ ਕੇ ਆਈ ਐਤਕੀਂ
ਬਾਬੇ ਨਾਨਕ ਦੀ ਪੈੜ ਨੱਪਦੀ,
"ਏਤੀ ਮਾਰ ਪਈ ਕੁਰਲਾਣੈ"
ਦੀ ਪੰਗਤੀ ਗੁਣਗੁਣਾਉਂਦੀ।

ਗਲੀਆਂ ਵਿਚ ਭਟਕਦੀਆਂ
ਵਿਧਵਾਵਾਂ ਨੂੰ ਮਿਲਦੀ
ਯਤੀਮਾਂ ਨੂੰ ਵਰਚਾਉਂਦੀ
ਕਿਸੇ ਦੀ ਲੱਤ ਕੱਟੀ
ਕਿਸ ਦੀ ਬਾਂਹ ਲੁੰਝੀ"

"ਮੈਂ ਆਈ ਹਾਂ
ਥਾਂ ਥਾਂ ਪੱਛੇ
ਤੇ ਵਲੂੰਦਰੇ
ਇਰਾਕ ਦੇ ਚਿਹਰੇ ਨੂੰ ਵੇਖ
ਚਿਹਰਾ ਜੋ ਮਾਰੂਥਲ ਹੀ ਜਾਪਦਾ ਸੀ,
ਜਿੱਥੇ ਕੱਲ੍ਹ ਦੀ ਨਹੀਂ
ਅੱਜ ਦੀ ਚਿੰਤਾ ਸੀ।"

ਮੈਂ ਆਖਿਆ
"ਬੈਠ ਘੜੀ ਪਲ
ਆਪਾਂ ਕਾਫੀ ਪੀਂਦੇ ਹਾਂ।"

ਆਖਣ ਲੱਗੀ,
"ਨਹੀਂ ਕਦੇ ਫੇਰ ਸਹੀ
ਮੈਂ ਅਜੇ ਕਾਬਲ ਤੇ ਕੰਧਾਰ ਵੀ ਜਾਣਾ ਹੈ।"
ਜਿੱਥੇ ਦਨਦਨਾਉਂਦੀ ਫਿਰਦੀ ਹੈ ਮੌਤ
ਗਲੀ-ਗਲੀ, ਘਰੋ-ਘਰੀਂ
ਭੁੱਖੇ ਬਘਿਆੜਾਂ ਦੇ ਵਾਂਗ।"

ਖਜੂਰਾਂ ਤੇ ਅੰਗੂਰਾਂ ਦੀ ਧਰਤੀ
ਜਿੱਥੇ ਅੰਬਰ ਤੋਂ
ਮੌਤ ਦੀ ਬਾਰਿਸ਼ ਹੁੰਦੀ ਹੈ
ਜਾਂ ਫਿਰ ਰਾਕਟਾਂ ਦੀ।

ਵੇਖ ਆਵਾਂ
ਆਪਣੀਆਂ ਅੱਖਾਂ ਦੇ ਨਾਲ
ਕਾਤਲਾਂ ਦੇ ਕਾਲੇ ਕਾਰਨਾਮੇ
ਕਿ ਜਿੱਥੇ ਅੱਖਰਾਂ ਦੇ ਨੂਰ ਨੂੰ
ਤਰਸ ਗਈਆਂ ਨੇ ਕੰਜਕਾਂ-ਕੁਆਰੀਆਂ।

ਵੇਖ ਆਵਾਂ ਉਹ ਸਭ ਕੁਝ,
ਜੋ ਆਮ ਅੱਖ ਨੂੰ ਦਿਸਦਾ ਨਹੀਂ
ਵਕਤ ਮਿਲਿਆ ਤਾਂ
ਫਲਸਤੀਨ ਵੀ ਜਾਵਾਂਗੀ
ਮਹਿਮੂਦ ਦਰਵੇਸ਼ ਦੇ
ਮਜ਼ਾਰ ਉੱਤੇ ਸਿਜਦੇ ਲਈ।

ਏਨਾ ਆਖ ਉਹ ਪਰਤ ਗਈ ਵਾਪਸ
ਤੇ ਮੇਰੇ ਹੱਥਾਂ ਵਿਚ ਫੜੇ ਵਰਕੇ
ਤਰਸਦੇ ਹੀ ਰਹਿ ਗਏ ਉਸਦੀ ਆਮਦ ਨੂੰ।

•••



ਵਿਸ਼ਵ ਕਵਿਤਾ
ਮਿਸਰ

## ਲੈਲਾ ਤੇ ਮੇਰੀ ਮਾਤ-ਭੂਮੀ

- ਅਬਦੁਲ-ਰਹਿਮਾਨ-ਉਲ-ਸ਼ਰਕਾਵੀ

ਲੈਲਾ ਸਾਡੇ ਮੱਥੇ ਤੇ ਸਜਾਈਆਂ ਸਭ ਜੈ-ਮਾਲਾਵਾਂ
ਕੰਡਿਆਂ ਦੇ ਤਾਜ ਸਨ
ਕੀ ਅਸੀਂ ਦੁੱਖ, ਭਟਕਣ ਤੇ ਜਲਾਵਤਨੀ
ਵਿਚ ਰਹਿਣ ਲਈ ਹੀ ਜਨਮੇ ਸੀ?
ਤਾਰਿਆਂ ਦੀ ਧਰਤੀ ਤੇ ਅਜਨਬੀ?
ਹਿਰਸ ਦੀ ਮਹਿਫਿਲ ਦੇ ਪ੍ਰਾਹੁਣੇ?

ਅਸੀਂ ਇੱਕ ਦਿਨ ਵਾਪਸ ਮੁੜਨ ਤੇ
ਦੂਜਿਆਂ ਵਾਂਗ ਜੀਊਣ ਦਾ
ਸੁਪਨਾ ਲਿਆ ਸੀ
ਬਸ ਸਿਰਫ਼ ਦੂਸਰਿਆਂ ਵਾਂਗ ਜੀਊਣ ਦਾ
ਮੈਂ ਕਦੇ ਐਸ਼ ਕਰਨ ਦਾ ਸੁਪਨਾ ਨਹੀਂ ਸੀ ਲਿਆ
ਦੂਜਿਆਂ ਦੇ ਉਲਟ,
ਮੈਨੂੰ ਖੁਸ਼ੀ ਤੇ ਐਸ਼ ਦੇ ਸੁਪਨੇ ਲੈਣ ਦਾ
ਕੋਈ ਅਧਿਕਾਰ ਨਹੀਂ ਸੀ

ਮੈਂ ਸਿਰਫ਼ ਆਪਣੀ ਭੋਂ ਤੇ ਸਤਿਕਾਰ ਨਾਲ
ਰਹਿਣ ਦਾ ਸੁਪਨਾ ਲੈਂਦੀ ਸੀ
ਬੁੱਢੀ ਉਮਰ ਵਿਚ ਪਿਉ ਨੂੰ ਆਰਾਮ ਕਰਦਾ
ਵੇਖਣ ਦਾ ਸੁਪਨਾ।
ਮੈਂ ਉਹਨਾਂ ਨੂੰ ਦੇਸ਼-ਨਿਕਾਲਾ ਨਹੀਂ ਸੀ ਦੇਣਾ ਚਾਹੁੰਦੀ,
ਜਿਹਨਾਂ ਮੈਨੂੰ ਜਲਾਵਤਨ ਕੀਤਾ ਸੀ
ਮੈਂ 'ਸੈਮਸਨ' ਵਾਂਗ ਮੰਦਰ ਦੇ ਖੰਡਰਾਂ
ਵਿਚ ਮਰ ਜਾਣ ਦੀ ਆਸ ਨਹੀਂ ਕੀਤੀ ਸੀ।
ਮੈਂ ਆਪਣਾ ਸਾਦਾ ਜੀਵਨ ਮਾਣ ਨਾਲ
ਗੁਜ਼ਾਰਨ ਦੀ ਉਮੀਦ ਰੱਖੀ ਸੀ
ਤੇ ਆਪਣੀਆਂ ਮੁਸ਼ਕਿਲਾਂ ਦੇ ਖ਼ਤਮ ਹੋਣ ਦੀ
ਆਸ ਤੋਂ ਵੱਧ ਕੁਝ ਨਹੀਂ

ਬੱਸ ਦੂਸਰਿਆਂ ਵਾਂਗ ਜੀਉਣ ਦੀ
ਆਸ ਰੱਖੀ ਸੀ
ਜਿਸ ਮਿੱਟੀ ਤੇ ਅਸੀਂ ਤੁਰਦੇ ਹਾਂ
ਉਸ ਦੇ ਮਾਲਕ ਹੋਣ ਦੀ ਆਸ ਤੋਂ ਵੱਧ ਕੁਝ ਨਹੀਂ

ਮੈਂ ਕਦੇ ਬੱਦਲਾਂ ਦੇ ਸੁਪਨੇ ਨਹੀਂ ਲਏ ਸੀ,
ਮਾਤ-ਭੂਮੀ ਦੇ ਹੋਣ ਤੋਂ ਸਿਵਾਏ ਹੋਰ ਕੋਈ
ਸੁਪਨਾ ਨਹੀਂ ਸੀ ਲਿਆ
ਮੇਰੀ ਮਾਤ-ਭੂਮੀ ਅੱਥਰੂਆਂ ਦੀ ਉਹ ਧਰਤੀ ਹੈ,
ਜਿੱਥੇ ਹਰ ਤਰ੍ਹਾਂ ਦੇ ਹੰਝੂ ਡੁੱਲ੍ਹੇ ਨੇ
ਇਸ ਦੇ ਉਸਰਈਏ ਢੱਠੀ ਹੋਈ ਕੰਧ ਦੇ
ਹੇਠਾਂ ਹੱਥ ਫੈਲਾਈ ਪਏ ਨੇ।
ਮੇਰੀ ਮਾਂ-ਭੂਮੀ ਨੇ ਸੱਭਿਅਤਾ ਨੂੰ
ਸਭ ਤੋਂ ਕੀਮਤੀ ਤੋਹਫੇ ਦਿੱਤੇ ਨੇ
ਮੇਰੀ ਮਾਤ-ਭੂਮੀ ਨੇ ਮਨੁੱਖ ਨੂੰ ਸੱਚ ਦੀ ਰੌਸ਼ਨੀ ਦਿੱਤੀ
ਮੇਰੀ ਮਾਤ-ਭੂਮੀ ਜਿੱਥੋਂ ਵਿਸ਼ਵਾਸਾਂ ਦਾ ਚਾਨਣ ਆਇਆ ਸੀ
ਅੱਜ ਮੰਗਤਾ ਬਣੀ ਉਡੀਕਦੀ ਖਲੋਤੀ ਹੈ
ਜਦ ਕਿ ਦੂਸਰੇ ਲੋਕ ਇਲਾਕਿਆਂ ਦਾ ਮਾਣ ਕਰਦੇ ਨੇ।

ਸਾਡੀਆਂ ਜਵਾਨ ਬਾਹਾਂ ਤੋਂ ਬਿਨਾਂ
ਕੌਣ ਸਾਨੂੰ ਆਜ਼ਾਦ ਕਰਾਵੇਗਾ
ਕੋਈ ਵੀ ਤਾਕਤ ਭਾਵੇਂ ਕਿੰਨੀ ਮਿੱਤਰ-ਭਾਵੀ ਹੋਵੇ
ਤੋਂ ਸਾਨੂੰ ਆਜ਼ਾਦ ਕਰਾਉਣ ਦੀ ਆਸ ਨਾ ਰੱਖੋ।
ਇਸ ਲਈ ਸੱਟ ਮਾਰਨ ਵਿਚ ਪਹਿਲ ਕਰੋ
ਤੇ ਤੁਹਾਨੂੰ ਅਣ-ਮੰਗੀ ਸਹਾਇਤਾ ਵੀ ਮਿਲੇਗੀ
ਹੱਕ ਸਾਡਾ ਹੈ
ਜਾਂ ਇਹ ਸਾਡੀ ਸ਼ਰਮ ਹੈ ਜਾਂ ਮਾਣ
ਕੀ ਮੈਂ ਏਥੇ ਖਲੋ ਕੇ ਚੀਕਾਂ ਤੇ ਤਰਸ ਦੀ ਪਾਤਰ ਬਣਾਂ?
ਜੇ ਅਸਾਂ ਕੁਰਬਾਨੀ ਦੀ ਖ਼ੈਰਾਤ ਮੰਗਣੀ ਹੈ
ਤਾਂ ਸਾਨੂੰ ਸ਼ਰਮ ਵਿਚ ਡੁੱਬ ਮਰਨਾ ਚਾਹੀਦਾ ਹੈ।
ਲੈਲਾ ਉਹ ਰੇਤ ਦੇ ਕਿਣਕਿਆਂ ਵਿਚ ਨੇ
ਸਿਤਾਰਿਆਂ ਦੀ ਚਮਕ ਵਿਚ ਵੀ,



ਉਹ ਝੱਖੜਾਂ ਦੀ ਸ਼ਕਤੀ ਵਿਚ ਨੇ
ਬਿਜਲੀ ਦੀ ਗਰਜ ਵਿਚ ਨੇ।
ਉਹਨਾਂ ਪੁਲਾੜ ਭਰਿਆ ਹੋਇਆ
ਉਹਨਾਂ ਨੂੰ ਪੁਲਾੜ 'ਚੋਂ ਲੱਭੋ
ਪਰ ਉਹ ਲੱਭਣਗੇ ਨਹੀਂ
ਉਹਨਾਂ ਨੂੰ ਪੱਥਰਾਂ ਚੋਂ ਲੱਭੋ
ਉਹ ਪੱਥਰਾਂ ਦੀਆਂ ਸਭ ਨਾੜਾਂ ਵਿਚ ਨੇ
ਉਹ ਹਰ ਹਿਰਦੇ ਵਿਚ ਵੱਸਦੇ ਨੇ
ਹਰ ਹਿਰਦੇ ਚੋਂ ਲੱਭੋ।
ਉਹ ਬੱਦਲਾਂ ਤੋਂ ਉੱਪਰ ਨੇ
ਉਹ ਕਬਰਾਂ ਤੋਂ ਉਤਾਂਹ ਹਨ
ਉਹਨਾਂ ਨੇ ਮੁਰਦਿਆਂ ਨੂੰ ਕਬਰਾਂ ਚੋਂ ਕੱਢ
ਲਿਆਂਦਾ ਹੈ
ਤੁਸੀਂ ਉਹਨਾਂ ਨੂੰ ਹਰੀਆਂ ਚਰਾਂਦਾਂ ਜਾਂ
ਮਿੱਲਾਂ ਦੇ ਦਿਲ ਵਿਚ ਵੇਖੋਗੇ
ਤੁਸੀਂ ਉਹਨਾਂ ਨੂੰ ਜੇਤੂ ਹਾਸਿਆਂ ਵਿਚ ਵੇਖੋਗੇ
ਜਾਂ ਜਿੱਥੇ ਵੀ ਕਿਤੇ ਅੱਥਰੂ ਵਗਦੇ ਨੇ।
ਤੁਸੀਂ ਉਹਨਾਂ ਨੂੰ ਤਰੇਲ-ਤੁਪਕਿਆਂ ਦੀ
ਚਮਕ ਵਿਚ ਵੇਖੋਗੇ
ਗੂੰਜਾਂ ਵਿਚ ...........
ਝੱਖੜ ਵਿਚ ...........
ਰੋੜ੍ਹ ਖੜਨ ਵਾਲੇ ਹੜ੍ਹਾਂ ਵਿਚ
ਉਹ ਹਰ ਉਸ ਆਦਮੀ ਵਿਚ ਨੇ
ਜਿਹੜਾ ਸੋਚਣ ਤੇ ਮਹਿਸੂਸ ਕਰਨ ਲਈ ਆਜ਼ਾਦ ਹੈ
ਤਾਂ ਫਿਰ ਹਰ ਸੋਚਣ ਵਾਲੇ ਮਨ ਚੋਂ ਲੱਭੋ
ਹਰ ਜੀਊਂਦੀ ਆਤਮਾ ਚੋਂ ਲੱਭੋ
ਉਹ ਹਰ ਪਿਆਰੀ ਮਾਂ ਦੇ ਸਨੇਹ ਵਿਚ ਹਨ।
ਉਹ ਰਾਤ ਦੇ ਸੰਘਣੇ ਹਨੇਰੇ ਵਿਚ ਹਨ
ਸਵਰਗਾਂ ਦੇ ਅਣਵਗੇ ਅੱਥਰੂਆਂ ਵਿਚ
ਕਿਉਂਕਿ ਉਹ ਤਾਰਿਆਂ ਦੇ ਚਾਨਣ ਵਿਚ
ਸਖ਼ਤ ਹੋ ਗਏ ਹਨ
ਉਹ ਹਰ ਟੁੱਟੇ ਦਿਲ ਦੇ ਹਉਕੇ ਵਿਚ ਹਨ

ਉਹ ਸਰਘੀ ਦੀ ਲਾਲੀ ਵਿਚ ਹਨ
ਉਹ ਤਿੱਖੀਆਂ ਦਾਤੀਆਂ ਦੇ ਚੰਗਿਆੜਿਆਂ ਵਿਚ ਹਨ
ਉਹ ਮਹਾਨ ਸਫ਼ਰ ਵਿਚ ਛੱਲਾਂ ਦੀ ਸ਼ਕਤੀ ਵਿਚ ਹਨ।

ਉਹਨਾਂ ਲਈ 'ਈਸਾ' ਦਾ ਕੰਡਿਆਂ ਦਾ ਤਾਜ ਮੰਗੋ
ਜੇ ਤੁਸੀਂ ਸ਼ਹੀਦ ਹੋਏ 'ਜੌਹਨ' ਕੋਲ ਨਹੀਂ ਜਾ ਸਕਦੇ
ਜਾਂ ਮੁਹੰਮਦ ਦੇ ਵਿਰਸੇ ਨੂੰ ਖੋਜ ਨਹੀਂ ਸਕਦੇ।
ਉਹਨਾਂ ਨੂੰ 'ਡੇਵਿਡ' ਦੀ ਸਿਆਣਪ ਤੇ ਸੱਚ ਵਿਚੋਂ ਲੱਭੋ
ਜੇ ਨਹੀਂ ਤਾਂ ਸਿਆਣੇ 'ਮੋਜ਼ਿਜ਼' ਨੂੰ ਪੁੱਛ ਵੇਖੋ।
ਕੀ ਤੁਸੀਂ ਆ ਰਹੇ ਕੱਲ੍ਹ ' ਵੇਖ ਰਹੇ ਹੋ?
ਉਹ ਕੱਲ੍ਹ ਦੇ ਪੈਰ-ਚਿੰਨ੍ਹ ਹਨ।

ਉਹ ਸਭ ਕੁਝ ਹਨ ਜੋ ਸ਼ਬਦ ਕਹਿ ਸਕਦੇ ਹਨ
ਉਹ ਬੰਦੂਕ ਦੀ ਹਰ ਗੋਲੀ ਵਿਚ ਹਨ
ਉਹ ਦਿਲਾਂ ਦੀ ਅੰਦਰਲੀ ਡੂੰਘਾਈ ਵਿਚ
ਆਸ ਦੀ ਧੜਕਣ ਹਨ
ਉਹ ਹਰ ਖ਼ੁਸ਼ਬੂ
ਆਸ ਦੀ ਹਰ ਸਰਘੀ ਦੀ ਤਰੇਲ ਵਿਚ ਹਨ।
ਉਹ ਹਰ ਉਸ ਫਾਲੇ ਵਿਚ ਹਨ, ਜਿਹੜਾ
ਜੀਵਨ ਨੂੰ ਪੈਦਾ ਕਰਨ ਤੇ ਵਾਧਾ ਕਰਨ ਲਈ
ਧਰਤੀ ਨੂੰ ਵਾਹੁੰਦਾ ਹੈ।
ਉਹ ਡਰ ਪੈਦਾ ਕਰਨ ਵਾਲੇ ਹਰ ਝੱਖੜ ਵਿਚ ਹਨ
ਉਹ ਹਰ ਈਮਾਨਦਾਰ ਆਦਮੀ ਵਿਚ ਹਨ
ਸਾਡੇ ਆਪਣੇ ਲੋਕਾਂ ਵਿਚ
ਤੁਹਾਡਿਆਂ ਵਿਚ।

ਜੇਕਬ ਹਾਂ ਮੈਂ ਵਿਹੰਨਾ ............. ਜਵਾਨ
ਕੁੜੀਏ ਤੇਰਾ ਨਾਂ ਕੀ ਹੈ? ਆ ਤੇ ਮੈਨੂੰ ਦੱਸ।
ਲੈਲਾ ਮੈਂ ਸਭ ਅੱਥਰੂਆਂ ਦੀ ਗੂੰਜ ਹਾਂ।
ਮੈ ਹਨੇਰੇ ਦੇ ਹਿਰਦੇ ਚੋਂ
ਹੁਣੇ ਹੁਣ ਚੜ੍ਹਿਆ ਸੂਰਜ ਹਾਂ
ਤੂੰ ਮੇਰਾ ਨਾਂ ਨਹੀਂ ਜਾਣਦਾ।



ਮੇਰਾ ਨਾਂ ਅਰਬ ਕੁੜੀ ਹੈ
ਲਾਲ-ਸੂਹੀ ਆਜ਼ਾਦੀ ਦਾ ਮੇਰਾ ਨਾਂ ਹੈ
ਮੇਰਾ ਨਾਮ ?
ਮੇਰਾ ਨਾਂ ਆਸ ਹੈ।
ਚਮਕਦਾ ਭਵਿੱਖ ਮੇਰਾ ਨਾਂ ਹੈ
ਮੇਰਾ ਨਾਂ ਉਹ ਸਰਾਪ ਹੈ, ਜਿਹੜਾ ਲਾਟਾਂ
ਬਣ ਤੁਹਾਡੇ ਸਿਰਾਂ ਤੇ ਡਿੱਗਣਾ ਹੈ। •

## ਗ਼ਜ਼ਲ

- ਹਰਭਜਨ ਧਰਨਾ

ਛੋਟੀ ਉਮਰੇ ਢਲਦੇ ਚਿਹਰੇ।
ਇਕ ਦੂਜੇ ਸੰਗ ਰਲਦੇ ਚਿਹਰੇ।

ਸੇਕ ਉਗਲਦੇ ਸਾਹਾਂ ਵਿਚੋਂ,
ਲਾਟਾਂ ਛੱਡਦੇ ਬਲਦੇ ਚਿਹਰੇ।

ਧੜ ਗੱਡੇ ਨੇ ਪੱਥਰਾਂ ਵਾਂਗਰ,
ਸੋਚਾਂ ਲੈ ਕੇ ਚੱਲਦੇ ਚਿਹਰੇ।

ਸੰਭਲ ਸੰਭਲ ਕੇ ਡਿਗਦੇ ਵੇਖੇ,
ਡਿਗ-ਡਿਗ ਕਈ ਸੰਭਲਦੇ ਚਿਹਰੇ।

ਆਪਣੀ ਆਈ ਤੇ ਜਦ ਆਵਣ,
ਟਾਲੇ ਵੀ ਨਾ ਟਲਦੇ ਚਿਹਰੇ।

ਸੂਹੀਆਂ ਕਿਰਨਾਂ ਦੇ ਲੈ ਪਰਚਮ,
ਪਾਲੋ ਪਾਲ ਨਿਕਲਦੇ ਚਿਹਰੇ

ਅੱਜ ਵੀ 'ਧਰਨਾ' ਜੂਝ ਰਹੇ ਨੇ,
ਜੋ ਸੀ ਬੀਤੀ ਕੱਲ੍ਹ ਦੇ ਚਿਹਰੇ।

(76, ਨਿਊ ਪੰਜਾਬ ਮਾਤਾ ਨਗਰ,
ਨੇੜੇ ਜਵੱਦੀ ਕਲਾਂ, ਲੁਧਿਆਣਾ)

# ਦੱਦੂ ਤਿਵਾੜੀ : ਗਣਨਾ ਅਧਿਕਾਰੀ

**ਮੂਲ ਲੇਖਕ - ਉਦੈ ਪ੍ਰਕਾਸ਼**

ਉਹ ਦਿਨ ਬਹੁਤ ਪੁਰਾਣੇ ਹੋ ਗਏ ਜਦ ਤਿਵਾੜੀ ਹੁਣੇ-ਹੁਣੇ ਵਗੇ ਖੇਤ ਦੀ ਨਮ ਮਿੱਟੀ ਵਿਚ ਸਮਨੂ, ਜੈ ਪਾਲ, ਰਮਨਾ, ਰਮੇਸ਼ ਅਤੇ ਪਿੰਡ ਦੇ ਸਾਰੇ ਮੁੰਡਿਆਂ ਨਾਲ ਕਬੱਡੀ ਖੇਡਦੇ ਹੁੰਦੇ ਸਨ। ਪਿੰਡ ਦੇ ਦੂਜੇ ਸਿਰੇ ਤੇ ਬਣੇ ਤਲਾਅ ਦੇ ਕਿਨਾਰੇ ਆਪਣੀ ਕੱਛ, ਬਨੈਣ ਉਤਾਰ ਕੇ ਰੱਖ ਦਿੰਦੇ ਅਤੇ ਨੰਗ-ਧੜੰਗੇ ਪਾਣੀ ਵਿਚ ਵੜੇ ਰਹਿੰਦੇ। ਸ਼ਰਮ ਨਾਲ ਉਨ੍ਹਾਂ ਦੀ ਪਛਾਣ ਤਦ ਤੱਕ ਨਹੀਂ ਸੀ ਹੋਈ। ਨਦੀ ਤੇ ਜਾਂਦੇ ਤਾਂ ਸਾਰੀ ਦੁਪਹਿਰ ਕੇਕੜੇ ਫੜਦੇ ਜਾਂ ਨਦੀ ਵਿਚ ਪੱਥਰਾਂ ਅਤੇ ਕਾਈ-ਕੂਈ ਹਟਾ ਕੇ ਤੇਲਨੂੰ ਅਤੇ ਗੰਡਨੂੰ ਮੱਛੀਆਂ ਲੱਭਦੇ। ਤਦ ਦੱਦੂ ਤਿਵਾੜੀ ਵਿਚ ਬ੍ਰਾਹਮਣਪੁਣਾ ਵੀ ਪੈਦਾ ਨਹੀਂ ਹੋਇਆ ਸੀ। ਤਦ ਤੱਕ ਉਹ 'ਦਵਿੱਜ' ਨਹੀਂ ਸਨ ਕਿਉਂਕਿ ਕਈ ਵਾਰ ਰਮਨਾ ਅਤੇ ਜੈਪਾਲ ਦੇ ਨਾਲ ਨਦੀ ਕਿਨਾਰੇ ਰੇਤ ਵਿਚ ਪਾਥੀਆਂ ਤੇ ਭੁੰਨ ਕੇ ਭਿੰਨੀਆਂ-ਭਿੰਨੀਆਂ ਕੋਤਰੀ ਮੱਛੀਆਂ ਉਨ੍ਹਾਂ ਨੇ ਲੂਣ-ਮਿਰਚ ਦੇ ਨਾਲ ਖਾਧੀਆਂ ਸਨ। ਤਦ ਉਨ੍ਹਾਂ ਵਿਚ ਜਾਤ ਦੀ ਅਜਿਹੀ ਭਾਵਨਾ ਪੈਦਾ ਨਹੀਂ ਸੀ ਹੋਈ। ਕਿਉਂਕਿ ਉਹ ਕਈ ਵਾਰ ਸਮਨੂ ਦਾ ਜੂਠਾ ਅਮਰੂਦ ਖਾ ਲੈਂਦੇ, ਸਰਈ ਦੇ ਪੱਤਿਆਂ ਨਾਲ ਬਣਾਈ ਗਈ ਚੋਂਗੀ ਵਿਚ ਤੰਬਾਕੂ ਭਰ ਕੇ ਇੱਕ ਹੀ ਚੋਂਗੀ ਵਿਚ ਸਾਰਿਆਂ ਵਰਣਾਂ ਦੇ ਮੁੰਡੇ ਸੂਟੇ ਮਾਰਦੇ। ਉਨ੍ਹਾਂ ਵਿਚ ਜਾਤੀ-ਭੇਦ ਦੀ ਭਾਵਨਾ ਤਦ ਪੈਦਾ ਨਹੀਂ ਸੀ ਹੋਈ ਇਸ ਦੀ ਪੁਸ਼ਟੀ ਇਸ ਤੱਥ ਨਾਲ ਹੋਰ ਵੀ ਹੋ ਜਾਂਦੀ ਹੈ ਕਿ ਉਹ ਅਰਹਰਿਆਂ ਵਿਚ ਪਿੰਡ ਦੇ ਮੋਚੀ ਗਨੇਸਵਾ ਦੀ ਕੁੜੀ ਦੁਅਸੀਆ ਦੇ ਨਾਲ ਦੋ ਵਾਰ ਉਸਦਾ ਬੁੱਲ੍ਹ ਚੂਸਦੇ ਹੋਏ ਰੰਗੇ ਹੱਥੀ ਫੜੇ ਗਏ ਸਨ।

ਉਹ ਦਿਨ ਸੱਚਮੁਚ ਪੁਰਾਣੇ ਹੋ ਗਏ। ਤਦ ਦੱਦੂ ਤਿਵਾੜੀ ਦੇ ਕੋਲ ਇਕ ਬਨੈਣ ਸੀ, ਜਿਸ ਨੂੰ ਦੁਨੀਆਂ ਭਰ ਦੀ ਮੈਲ ਚਿੰਬੜੀ ਰਹਿੰਦੀ। ਤਦ ਦੱਦੂ ਤਿਵਾੜੀ ਦੇ ਚਿੱਤੜਾਂ ਅਤੇ ਗੋਡਿਆਂ ਤੇ ਅਕਸਰ ਫੋੜੇ ਨਿਕਲੇ ਰਹਿੰਦੇ ਸਨ, ਜਿਨ੍ਹਾਂ ਤੇ ਮੱਖੀਆਂ ਭਿਣਕਦੀਆਂ ਹੁੰਦੀਆਂ ਹਨ। ਉਨ੍ਹਾਂ ਦਾ ਨੱਕ ਵੀ ਬਾਰ੍ਹਾਂ ਮਹੀਨੇ ਵਗਦਾ ਰਹਿੰਦਾ ਸੀ, ਕਦੇ-ਕਦੇ ਉਸ ਵੱਲ ਆਪਣੀ ਜੀਭ ਵੀ ਘੁਸਾ ਲੈਂਦੇ ਸਨ।

ਹੁਣ ਤਾਂ ਤਿਵਾੜੀ ਜੀ ਛੇ ਫੁੱਟ ਲੰਮੇ ਹੋ ਗਏ ਸਨ। ਸਰੀਰ ਉਨ੍ਹਾਂ ਦਾ ਮਹਾਤਮਾ ਗਾਂਧੀ ਮਾਰਕਾ ਹੀ ਸੀ। ਲੰਮੀਆਂ-ਲੰਮੀਆਂ ਗੋਡਿਆਂ ਤੱਕ ਪਹੁੰਚਦੀਆਂ ਹੋਈਆਂ ਬਾਹਾਂ। ਛੋਟੀਆਂ-ਛੋਟੀਆਂ ਭੂਰੀਆਂ ਜਿਹੀਆਂ ਅੱਖਾਂ, ਹੇਠਾਂ ਵੱਲ ਵਧਦੀਆਂ ਹਲਕੀਆਂ ਭੂਰੀਆਂ ਮੁੱਛਾਂ ਅਤੇ ਬਿਲਕੁਲ ਪਤਲਾ ਲੱਕ। ਉਹ ਤੁਰਦੇ ਤਾਂ ਲੱਗਦਾ ਬਾਂਸ ਦੀ ਲੱਠ ਨੇ ਤੁਰਨਾ ਸਿੱਖ ਲਿਆ ਹੈ। ਦੱਦੂ ਤਿਵਾੜੀ ਨੇ ਤਿੰਨ ਸਾਲ ਪਹਿਲਾਂ ਤੀਜੇ ਦਰਜੇ ਵਿਚ ਹਾਇਰ ਸੈਕੰਡਰੀ ਦੀ ਪ੍ਰੀਖਿਆ ਪਾਸ ਕਰ ਲਈ ਸੀ ਅਤੇ ਹੁਣ ਬੇਕਾਰੀ ਵਿਚ ਦਿਨ ਲੰਘਾ ਰਹੇ ਸਨ।

ਦੁਨੀਆਂ ਦੀ ਹਰ ਭਾਸ਼ਾ ਵਿਚ ਇੱਕ ਅਜਿਹੀ ਕਹਾਵਤ ਜ਼ਰੂਰੀ ਹੁੰਦੀ ਹੈ ਜਿਸਦਾ



ਭਾਵ ਇਹ ਹੁੰਦਾ ਹੈ ਕਿ ਕਦੇ ਨਾ ਕਦੇ ਘੂਰੇ ਦੇ ਵੀ ਦਿਨ ਫਿਰਦੇ ਹਨ, ਤਾਂ ਉਸੇ ਤਰ੍ਹਾਂ ਤਿਵਾੜੀ ਜੀ ਦੇ ਦਿਨ ਵੀ ਫਿਰੇ।

ਉਨ੍ਹਾਂ ਦੇ ਬੱਪਾ ਸ੍ਰੀ ਭਦਹਾ ਤਿਵਾੜੀ ਨੇ ਦੱਦੂ ਤਿਵਾੜੀ ਦੇ ਬਾਰੇ ਭਾਰਤੀ ਸਿਨੇਮੇ ਤੋਂ ਵੀ ਜ਼ਿਆਦਾ ਹੈਰਤਅੰਗੇਜ਼ ਅਤੇ ਰੰਗੀਨ ਸੁਪਨਾ ਦੇਖ ਰੱਖਿਆ ਸੀ। ਕਦੇ-ਕਦੇ ਦੱਦੂ ਉਨ੍ਹਾਂ ਨੂੰ ਦਰੋਗਾ ਦੀ ਵਰਦੀ ਵਿਚ ਨਜ਼ਰ ਆਉਂਦੇ ਅਤੇ ਉਨ੍ਹਾਂ ਦਾ ਬੈਂਤ ਪੰਡਤ ਜੀ ਦੇ ਤਮਾਮ ਦੁਸ਼ਮਣਾਂ ਦੀ ਪਿੱਠ ਤੇ ਬਰਸਦਾ ਦਿਖਾਈ ਦੇਣ ਲੱਗਦਾ। ਕਦੇ ਦੱਦੂ ਜੀਪ ਵਿਚ ਬੈਠੇ ਦਿਸਦੇ ਅਤੇ ਪਿੰਡ ਦੇ ਖੂਹਾਂ ਦਾ ਮੁਆਇਨਾ ਕਰਨ ਲਈ ਕੋਟ ਪੈਂਟ ਵਿਚ ਸਜੇ-ਧਜੇ ਹੇਠਾਂ ਉਤਰਦੇ। ਪਿੰਡ ਦੇ ਲੋਕ ਹੱਥ ਬੰਨ੍ਹੀ ਉਨ੍ਹਾਂ ਨੂੰ ਖੁਸ਼ ਕਰਨ ਦੀ ਫ਼ਿਰਾਕ ਵਿਚ ਦੰਦ ਕੱਢਦੇ ਦਿਖਾਈ ਦਿੰਦੇ। ਕਦੇ ਪੰਡਿਤ ਜੀ ਦੇਖਦੇ ਦੱਦੂ ਤਾਂ ਮਨਿਸਟਰ ਬਣ ਗਿਆ ਹੈ। ਸਫ਼ੈਦ ਕੁੜਤਾ, ਕਥਈ ਜੈਕਟ ਅਤੇ ਸਫ਼ੈਦ ਪਜ਼ਾਮਾ। ਲਾਊਡ-ਸਪੀਕਰ ਦੇ ਮਾਈਕ ਤੇ ਦੱਦੂ ਤਿਵਾੜੀ ਦਾ ਭਾਸ਼ਣ ਗੂੰਜਦਾ ਅਤੇ ਲੋਕਾਂ ਦੀ ਭੀੜ ਸ੍ਰੀ ਦੱਦੂ ਤਿਵਾੜੀ ਜ਼ਿੰਦਾਬਾਦ, ਜ਼ਿੰਦਾਬਾਦ ਚੀਕਦੀ। ਪੰਡਿਤ ਜੀ ਦਾ ਰੋਮ-ਰੋਮ ਕੰਬ ਜਾਂਦਾ।

ਕਈ ਵਾਰ ਸ਼ਾਮ ਪੈਂਦੀ ਤਾਂ ਪੰਡਿਤ ਜੀ ਦੱਦੂ ਨੂੰ ਆਪਣੇ ਕੋਲ ਬਿਠਾ ਕੇ ਕੁਝ ਕਰ ਗੁਜ਼ਰਨ ਦੀ ਹਿੰਮਤ ਅਤੇ ਅਸੂਲ ਸਮਝਾਉਂਦੇ। ਉਹ ਦੱਸਦੇ ਕਿ ਦੁਨੀਆਂ ਵਿਚ ਆਦਮੀ ਦੀ ਇੱਜ਼ਤ ਅਹੁਦੇ ਅਤੇ ਪੈਸੇ ਨਾਲ ਹੀ ਹੁੰਦੀ ਹੈ। ਨਹੀਂ ਤਾਂ ਚਾਹੇ ਜਿੰਨਾ ਭਲਾ ਕਰੋ ਲੋਕ ਪਗਲੈਟ ਹੀ ਸਮਝਦੇ ਹਨ ਅਤੇ ਮੌਕਾ ਮਿਲਦਿਆਂ ਹੀ ਕੱਸ ਕੇ ਬੱਤੀ ਲਾ ਦਿੰਦੇ ਹਨ। ਉਹ ਕਹਿੰਦੇ, ਦੱਦੂ, ਫਕੀਰ ਚੰਦ ਬਣਨ ਨਾਲੋਂ ਚੰਗਾ ਹੈ ਨਦੀ ਵਿਚ ਡੁੱਬ ਕੇ ਜਾਨ ਦੇ ਦੇਈਂ। ਕਲਯੁਗ ਦੇ ਬਾਰੇ ਵਿਚ ਚਾਣਕਿਆ ਸਵਾਮੀ ਦਾ ਕਹਿਣਾ ਹੈ ਜਿਵੇਂ ਕਿਵੇਂ ਧਨ ਅਤੇ ਸ਼ਕਤੀ ਪ੍ਰਾਪਤ ਕਰਨੀ ਚਾਹੀਦੀ ਹੈ।

ਬਚਪਨ ਵਿਚ ਪੰਡਿਤ ਜੀ ਦੱਦੂ ਦੀ ਚੰਗੀ ਤਰ੍ਹਾਂ ਪਿਟਾਈ ਕਰਦੇ ਸਨ। ਇਕ ਵਿਸ਼ੇਸ਼ ਜਗਨਨਾਥੀ ਸੋਟਾ ਉਨ੍ਹਾਂ ਦੇ ਇਸ ਕੰਮ ਲਈ ਵੱਖਰਾ ਰੱਖਿਆ ਹੋਇਆ ਸੀ। ਪਵਿੱਤਰ ਤੀਰਥ ਸਥਾਨ ਤੋਂ ਲਿਆਂਦੇ ਇਸ ਦੇਵ ਸਥਾਨੀ ਬੈਂਤ ਦੀ ਕੁੱਟ ਨਾਲ ਹੀ ਜੇ ਦੱਦੂ ਦੀ ਕਿਸਮਤ ਵਿਚਲੀ ਰੁਕਾਵਟ ਦੂਰ ਹੋ ਜਾਵੇ ਤਾਂ ਚੰਗਾ ਹੈ। ਬਚਪਨ ਵਿਚ ਦੱਦੂ ਕਿਸੇ ਦੇ ਖੇਤ ਵਿਚ ਮਟਰ ਦੀਆਂ ਫਲੀਆਂ ਪੁੱਟ ਲੈਂਦੇ ਜਾਂ ਖੀਰੇ ਚੋਰੀ ਕਰ ਲੈਂਦੇ ਤਾਂ ਪੰਡਿਤ ਜੀ ਇਸੇ ਡੰਡੇ ਨਾਲ ਦੱਦੂ ਤੇ ਵਾਰ ਕਰਦੇ। ਅੱਠਵੀਂ ਜਮਾਤ ਵਿਚ ਇਕ ਵਾਰ ਡੁਬਕੀ ਮਾਰ ਲੈਣ ਤੇ ਦੱਦੂ ਤੇ ਸੋਟਿਆਂ ਤੇ ਭੀਸ਼ਮ ਵਰਖਾ ਹੋਈ ਸੀ। ਜੇ ਤ੍ਰੇਤਾ ਜਾਂ ਸਤਯੁੱਗ ਹੁੰਦਾ ਤਾਂ ਦੱਦੂ 'ਤ੍ਰਾਹੀ ਮਾਮ ਤ੍ਰਾਹੀ ਮਾਮ' ਕਹਿ ਕੇ ਰੋਂਦੇ। ਇਹ ਕਲੀ ਕਾਲ ਦਾ ਅਸਰ ਸੀ ਕਿ ਉਨ੍ਹਾਂ ਦੇ ਮੂੰਹ ਵਿਚੋਂ 'ਭੱਜੋ ਬੱਪਾ ਨੇ ਮਾਰ ਦਿੱਤਾ..... ਮਾਰ ਦਿੱਤਾ ...... ਮਾਰ ਦਿੱਤਾ .......' ਵਰਗੀ ਭਾਸ਼ਾ ਨਿਕਲ ਰਹੀ ਸੀ।

ਇਹ ਗੱਲਾਂ ਤਾਂ ਪੁਰਾਣੀਆਂ ਹੋਈਆਂ। ਹੁਣ ਦੱਦੂ ਤਿਵਾੜੀ ਦੇ ਗ੍ਰਹਿ ਨਛੱਤਰ ਉਨ੍ਹਾਂ ਨੂੰ ਇਸ ਮੋੜ ਤੱਕ ਲੈ ਆਏ ਸਨ ਕਿ ਉਹ ਕਿਸੇ ਹੱਦ ਤੱਕ ਆਪਣੇ ਬੱਪਾ ਦੇ ਸੁਪਨਿਆਂ ਨੂੰ ਪੂਰਾ

ਕਰ ਸਕਦੇ ਸਨ।

ਹੋਇਆ ਇਹ ਸੀ ਕਿ ਕੇਨ ਨਦੀ ਦੇ ਉੱਪਰ ਪੁੱਲ ਬਣ ਕੇ ਤਿਆਰ ਹੋ ਗਿਆ ਸੀ। ਪੁਲ ਬਨਣ ਤੇ ਚਾਲੀ ਲੱਖ ਖਰਚ ਹੋਏ ਸਨ ਅਤੇ ਉਸਦੇ ਉਦਘਾਟਨ ਦੇ ਮੌਕੇ ਤੇ ਭਾਸ਼ਣ ਦਿੰਦਿਆਂ ਹੋਇਆਂ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਇਹ ਇੱਕ ਕ੍ਰਾਂਤੀ ਹੋਈ ਹੈ। ਇੱਥੇ ਪੰਚਗਾਂਵ ਦੇ ਕੋਲ ਕੇਨ ਦੇ ਉੱਪਰ ਪੁੱਲ ਬਣ ਗਿਆ ਹੈ। ਪੁਲ ਦੇ ਠੇਕੇਦਾਰ ਨੂੰ ਵਧਾਈ ਦਿੰਦਿਆਂ ਹੋਇਆ ਉਨ੍ਹਾਂ ਨੇ ਕਿਹਾ ਕਿ ਹੁਣ ਇਸ ਇਲਾਕੇ ਵਿਚ ਸੰਪਰਦਾਇਕ ਤਨਾਅ ਦੂਰ ਹੋਵੇਗਾ, ਪਿਛੜੇ ਵਰਗਾਂ ਅਤੇ ਜਾਤੀਆਂ ਦੇ ਲੋਕਾਂ ਨੂੰ ਵਿਕਾਸ ਕਰਨ ਦਾ ਪੂਰਾ ਮੌਕਾ ਮਿਲੇਗਾ। ਹੁਣ ਹਰੀਜਨਾਂ ਅਤੇ ਆਦਿਵਾਸੀਆਂ ਦੇ ਬੱਚੇ ਬੜੀ ਆਸਾਨੀ ਨਾਲ ਪੁਲ ਪਾਰ ਕਰਕੇ ਬਨਾਰਸ, ਕਲਕੱਤਾ, ਇਲਾਹਾਬਾਦ ਆਦਿ ਵੱਡੇ ਸ਼ਹਿਰਾਂ ਵਿਚ ਉੱਚ ਸਿੱਖਿਆ ਪ੍ਰਾਪਤ ਕਰ ਸਕਣਗੇ। ਇਸ ਪੁਲ ਦੇ ਕਾਰਣ ਇਸ ਖੇਤਰ ਦੀ ਆਰਥਿਕ ਅਸਮਾਨਤਾ ਦੂਰ ਹੋਵੇਗੀ। ਤਾੜੀਆਂ ਦੀ ਗੜਗੜਾਹਟ ਦੇ ਵਿਚ ਪੁਲ ਦੇ ਠੇਕੇਦਾਰ ਤ੍ਰਿਲੋਕੀ ਕੰਸਟ੍ਰਕਸ਼ਨ ਪ੍ਰਾਈਵੇਟ ਲਿਮਿਟਡ ਦੇ ਸਵੈ-ਅਧਿਕਾਰ ਸ੍ਰੀ ਤ੍ਰਿਲੋਕੀ ਨਾਥ ਅਰੋੜਾ ਦੇ ਮੁੱਖ ਮੰਤਰੀ ਅਤੇ ਪੀ. ਡਬਲਯੂ. ਡੀ. ਦੇ ਅਫ਼ਸਰ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਬਿਨਾਂ ਉਨ੍ਹਾਂ ਦੇ ਸਹਿਯੋਗ ਦੇ ਇਹ ਕੰਮ ਹੋ ਹੀ ਨਾ ਸਕਦਾ। ਉਨ੍ਹਾਂ ਨੇ ਕਿਹਾ ਜਨਤਾ ਦਾ ਕਲਿਆਣ ਤਦੇ ਹੋ ਸਕਦਾ ਹੈ ਜਦ ਮੰਤਰੀ ਅਤੇ ਸਰਕਾਰੀ ਅਫ਼ਸਰ ਠੇਕੇਦਾਰਾਂ ਨਾਲ ਸਹਿਯੋਗ ਕਰਨ। ਇਹ ਪੁਲ ਇਸਦੀ ਉਦਾਹਰਣ ਹੈ। ਇਸ ਤੋਂ ਬਾਅਦ ਦੇਸ਼ ਦੀ ਬੇਰੁਜ਼ਗਾਰੀ ਦਾ ਕਰੁਣ ਚਿੱਤਰ ਖਿੱਚਦਿਆਂ ਹੋਇਆਂ ਸ੍ਰੀ ਅਰੋੜਾ ਨੇ ਕਿਹਾ ਕਿ ਪੰਚਗਾਂਵ ਦੇ ਨੇੜੇ-ਤੇੜੇ ਦੇ ਇਲਾਕੇ ਦੀ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਉਹ ਇਸ ਕੇਨ ਕਿਨਾਰੇ ਦੇ ਪੁਲ ਦੇ ਕੋਲ ਇਕ ਸ਼ਿਵ ਮੰਦਿਰ ਦਾ ਨਿਰਮਾਣ ਪੰਦਰਾਂ ਦਿਨਾਂ ਦੇ ਅੰਦਰ ਕਰ ਦੇਣਗੇ। ਇਸ ਵਿਚ ਇੱਕ ਪੁਜਾਰੀ ਅਤੇ ਇਕ ਫਰਾਸ ਦੀ ਨਿਯੁਕਤੀ ਸਰਕਾਰੀ ਤਨਖ਼ਾਹ ਤੇ ਹੋਵੇਗੀ। ਦੋਵੇਂ ਨੌਕਰੀਆਂ ਸਥਾਈ ਹੋਣਗੀਆਂ। ਸ਼ਿਵ ਮੰਦਰ ਨਾਲ ਨੇੜੇ-ਤੇੜੇ ਦੇ ਲੋਕਾਂ ਨੂੰ ਰੁਜ਼ਗਾਰ ਪ੍ਰਾਪਤ ਹੋਵੇਗਾ।

ਸ੍ਰੀ ਅਰੋੜਾ ਦੀ ਇਸ ਘੋਸ਼ਣਾ ਤੇ ਖ਼ੁਦ ਮੁੱਖ ਮੰਤਰੀ ਜੀ ਨੇ ਤਾੜੀਆਂ ਵਜਾਈਆਂ, ਉਦਘਾਟਨ ਸਮਾਪਤ ਹੋਣ ਤੇ ਸਵਾਗਤ ਸੰਮਤੀ ਦੇ ਪ੍ਰਧਾਨ ਪੰਚਗਾਂਵ ਪ੍ਰਾਇਮਰੀ ਸਕੂਲ ਦੇ ਮੁੱਖ ਅਧਿਆਪਕ ਸ੍ਰੀ ਨੱਥੂ ਲਾਲ ਸ਼ਰਮਾ ਨੇ ਸ੍ਰੀ ਅਰੋੜਾ ਅਤੇ ਮੁੱਖ ਮੰਤਰੀ ਜੀ ਦਾ ਧੰਨਵਾਦ ਕੀਤਾ ਅਤੇ ਜਨਤਾ ਨੂੰ ਦੱਸਿਆ ਕਿ ਠੇਕੇਦਾਰ ਇੰਨੇ ਉਦਾਰ ਅਤੇ ਜਨ-ਕਲਿਆਣ ਦੀ ਭਾਵਨਾ ਨਾਲ ਭਰੇ ਹੋਏ ਹਨ ਕਿ ਸਕੂਲ ਦੀਆਂ ਦੋ ਪੌੜੀਆਂ ਦੀ ਮੁਰੰਮਤ ਉਨ੍ਹਾਂ ਨੇ ਖ਼ੁਦ ਸੀਮੈਂਟ ਦਾਨ ਦੇ ਕੇ ਕਰਵਾਈ ਹੈ। ਸਿੱਖਿਆ ਦੇ ਪ੍ਰਸਾਰ ਅਤੇ ਜਨਤਾ ਦੇ ਕਲਿਆਣ ਪ੍ਰਤੀ ਸਮਰਪਤ ਅਜਿਹੇ ਗਾਂਧੀਵਾਦੀ ਅਰੋੜਾ ਜੀ ਤੇ ਕੁਝ ਸਥਾਨਕ ਲੋਕਾਂ ਨੇ ਜਿਸ ਤਰ੍ਹਾਂ ਨਾਲ ਸੀਮੈਂਟ ਪ੍ਰਕਰਣ ਚੁੱਕ ਕੇ ਘ੍ਰਿਣਤ ਦੋਸ਼ ਲਾਏ ਹਨ, ਉਹ ਸ਼ਰਮਨਾਕ ਹੈ। ਜਨਤਾ ਵਿਦਿਆਰਥੀ ਅਤੇ ਸਿੱਖਿਅਕ ਵਰਗ ਨੂੰ ਅਜਿਹੀ ਰਾਜਨੀਤੀ ਤੋਂ ਦੂਰ ਰਹਿਣਾ ਚਾਹੀਦਾ ਹੈ। ਕੇਨ ਨਦੀ ਦਾ ਪੁਲ ਰਾਜਨੀਤੀ ਤੋਂ ਉੱਪਰ ਹੈ।



ਕੇਨ ਨਦੀ ਦੇ ਉਸੇ ਪੁਲ ਨੇ ਦੱਦੂ ਤਿਵਾੜੀ ਦੀ ਕਿਸਮਤ ਨੂੰ ਬਦਲਿਆ। ਇਹ ਨਦੀ ਦੋ ਜ਼ਿਲ੍ਹਿਆਂ ਦੀ ਅਸਲ ਸੀਮਾ ਰੇਖਾ ਸੀ। ਹੁਣ ਪੁਲ ਕਾਰਣ ਦੋਵੇਂ ਜ਼ਿਲ੍ਹੇ ਮਿਲ ਗਏ ਸਨ। ਇਸ ਲਈ ਉੱਥੇ ਇਕ ਚੁੰਗੀ ਨਾਕਾ ਬਣਨ ਦੀ ਗੱਲ ਤਹਿ ਹੋਈ। ਪੁਲ ਪਾਰ ਕਰਨ ਵਾਲੇ ਵਾਹਨਾਂ ਤੇ ਟੈਕਸ ਲਾਇਆ ਗਿਆ। ਭਰੇ ਹੋਏ ਟਰੱਕ ਤੇ ਅੱਠ ਰੁਪਏ, ਖਾਲੀ ਦੇ ਚਾਰ, ਜੀਪ ਕਾਰ ਆਦਿ ਗੱਡੀਆਂ ਤੇ ਦੋ ਰੁਪਏ, ਟਰੈਕਟਰ ਆਦਿ ਖੇਤੀ ਉਪਯੋਗੀ ਵਾਹਨਾਂ ਤੇ ਛੋਟ ਆਦਿ-ਆਦਿ।

ਪੰਡਤ ਭਦਹਾ ਤਿਵਾੜੀ ਆਪਣੇ ਪਿੰਡ ਦੇ ਸਰਪੰਚ ਸ੍ਰੀ ਮੋਹਰ ਸਿੰਘ ਨੂੰ ਮਿਲੇ ਅਤੇ ਆਪਣੀ ਦਰਿੱਦਰਤਾ ਦਾ ਰੋਣਾ ਰੋਇਆ। ਮੋਹਰ ਸਿੰਘ ਪੰਡਤ ਜੀ ਨੂੰ ਲੈ ਕੇ ਪੀ. ਡਬਲਯੂ. ਡੀ. ਦੇ ਓਵਰਸੀਅਰ ਨੂੰ ਮਿਲੇ। ਓਵਰਸੀਅਰ ਨੇ ਐਸ. ਡੀ. ਓ. ਨਾਲ ਗੱਲਬਾਤ ਕੀਤੀ ਅਤੇ ਇਸ ਤਰ੍ਹਾਂ ਦੱਦੂ ਤਿਵਾੜੀ ਮਹਾਮਨਾ ਮਦਨ ਮੋਹਨ ਮਾਲਵੀਆ ਮਿਸਤਰੀ ਕੇਨ ਪੁਲ ਦੇ ਚੁੰਗੀ ਨਾਕੇ ਤੇ ਗਣਨਾ ਅਧਿਕਾਰੀ ਦੇ ਪਦ ਤੇ ਨਿਯੁਕਤ ਕਰ ਦਿੱਤੇ ਗਏ। ਗਰੇਡ 325-600 ਇੱਕ ਚਪੜਾਸੀ ਵੀ ਨਿਯੁਕਤ ਕੀਤਾ ਗਿਆ।

ਹੁਣ ਪੰਡਤ ਭਦਹਾ ਤਿਵਾੜੀ ਇਸ ਪ੍ਰਯਤਨ ਵਿਚ ਲੱਗੇ ਕਿ ਸ਼ਿਵ ਮੰਦਿਰ ਦੇ ਪੁਜਾਰੀ ਪਦ ਦੇ ਜੇ ਉਨ੍ਹਾਂ ਦੀ ਖ਼ੁਦ ਦੀ ਨਿਯੁਕਤੀ ਹੋ ਜਾਵੇ ਤਾਂ ਘਰ ਵਿਚ ਲੱਛਮੀ ਜੀ ਸਾਵਣ-ਭਾਦੋਂ ਵਾਂਗੂ ਬਰਸਣ ਲੱਗੇਗੀ। ਸੁਣਿਆ ਜਾ ਰਿਹਾ ਸੀ ਕਿ ਸ਼ਿਵ ਮੰਦਿਰ ਦੇ ਪੁਜਾਰੀ ਦੀ ਨਿਯੁਕਤੀ ਸਰਕਾਰੀ ਹੋਵੇਗੀ ਅਤੇ ਉਸਨੂੰ ਪੁਜਾਰੀ ਨਹੀਂ "ਧਰਮ ਅਧਿਕਾਰੀ" ਕਿਹਾ ਜਾਵੇਗਾ। ਗਰੇਡ 240-425, ਦੱਦੂ ਤਿਵਾੜੀ ਦੇ ਗਣਨਾ ਅਧਿਕਾਰੀ ਦੇ ਪਦ ਤੇ ਨਿਯੁਕਤ ਹੋਣ ਦਾ ਪਿੰਡ ਵਿਚ ਬੜੇ ਜੋਸ਼ ਨਾਲ ਸਵਾਗਤ ਕੀਤਾ ਗਿਆ। ਪੰਡਿਤ ਜੀ ਨੇ ਖ਼ਾਸ ਮਥੁਰਾ ਦੇ ਪੇੜੇ ਵੰਡੇ, ਜਿਹੜੇ ਉਨ੍ਹਾਂ ਨੇ ਕੋਤਮਾ ਬਜ਼ਾਰ ਦੇ ਮਥੁਰਾ ਮਿਸ਼ਠਾਨ ਭੰਡਾਰ ਤੋਂ ਖਰੀਦੇ ਸਨ। ਪੰਡਿਤ ਜੀ ਨੇ ਉਸ ਦਿਨ ਦੱਦੂ ਨੂੰ ਕਿਹਾ ਕਿ ਉਹ ਜਾ ਕੇ ਪਿੰਡ ਦੇ ਹਰ ਬੰਦੇ ਨੂੰ ਮਿਲੇ। ਪਿੰਡ ਦਰਅਸਲ ਇਕ ਪਰਿਵਾਰ ਹੀ ਹੁੰਦਾ ਹੈ।

ਰੱਬ ਦੀ ਮਿਹਰ ਨਾਲ ਇਹੋ ਜਿਹੇ ਸ਼ੁਭ ਕੰਮ ਤੇ ਜਾਣ ਤੋਂ ਪਹਿਲਾਂ ਪਿੰਡ ਦੇ ਸਿਆਣਿਆਂ, ਗੁਰੂਆਂ ਦਾ ਆਸ਼ੀਰਵਾਦ ਅਤੇ ਬਾਕੀਆਂ ਦਾ ਸਨੇਹ, ਸ਼ੁੱਭ ਇੱਛਾਵਾਂ ਲੈਣੀਆਂ ਹੀ ਚੰਗੀਆਂ ਹਨ।

ਦੱਦੂ ਤਿਵਾੜੀ ਉਸ ਦਿਨ ਬੜੀ ਨਿਮਰਤਾ ਨਾਲ, ਸੁੰਗੜੇ ਸਿਮਟੇ ਸਭ ਨੂੰ ਮਿਲੇ। ਲੋਕ ਉਨ੍ਹਾਂ ਨੂੰ ਆਸ਼ੀਰਵਾਦ ਦਿੰਦੇ ਤਾਂ ਉਹ ਕ੍ਰਿਤੱਗਤਾ ਨਾਲ ਹੋਰ ਵੀ ਝੁਕ ਜਾਂਦੇ। ਆਪਣੇ ਦੋਸਤ ਨੂੰ ਉਹ ਗਲੇ ਲੱਗ ਕੇ ਮਿਲੇ। ਉਨ੍ਹਾਂ ਨੂੰ ਆਪਣੇ ਸੀਨੇ ਨਾਲ ਲਾ ਕੇ ਘੁੱਟ ਲਿਆ, ਕਿ ਦੇਖੋ ਇੰਨਾ ਵੱਡਾ ਅਧਿਕਾਰੀ ਹੋਣ ਤੇ ਵੀ ਦੱਦੂ ਤਿਵਾੜੀ ਵਿਚ ਬਿਲਕੁਲ ਵੀ ਘੁਮੰਡ ਅਤੇ ਗਰੂਰ ਨਹੀਂ ਹੈ। ਨਿਮਰ ਹੋਣ ਦੀ ਇਸ ਕੋਸ਼ਿਸ਼ ਵਿਚ ਦਰਅਸਲ ਦੱਦੂ ਨਟ ਬਣ ਗਏ ਸਨ। ਵਾਰ-ਵਾਰ ਉਨ੍ਹਾਂ ਦਾ ਤੀਲੇ ਵਰਗਾ ਸਰੀਰ ਝੁਕਦਾ, ਕਦੇ ਦੂਹਰਾ ਹੋ ਜਾਂਦਾ, ਕਦੇ ਤਿਹਰਾ, ਦੋਵੇਂ ਹੱਥ ਵਾਰ-ਵਾਰ ਬੇਨਤੀ ਦੀ ਸ਼ਕਲ ਵਿਚ ਜੁੜਦੇ, ਅੱਖਾਂ ਮਿਚਦੀਆਂ ਅਤੇ ਦੰਦ ਬਾਹਰ

ਨਿਕਲ ਆਉਂਦੇ। ਵਾਰ-ਵਾਰ ਸਰੀਰ ਕਦੇ ਝੁਕਦਾ, ਕਦੇ ਸਭ ਤੁਹਾਡੀ ਹੀ ਕਿਰਪਾ ਹੈ, ਦਯਾ ਹੈ, ਦੱਦਾ ਵਰਗੇ ਵਾਕ ਉਹ ਬੋਲਦੇ। ਕੋਈ ਉਨ੍ਹਾਂ ਨੂੰ ਸੀਨੇ ਨਾਲ ਲਾਉਂਦਾ ਤਾਂ ਉਹ ਛੂਈ-ਮੂਈ ਹੋ ਜਾਂਦੇ। ਝੁਕ ਕੇ ਪੈਰ ਛੂੰਹਦੇ।

ਦੂਜੇ ਦਿਨ ਪੁਲ ਦੇ ਪਰਲੇ ਪਾਸੇ 'ਕੁਝ' ਲੱਕੜੀ ਦੀਆਂ ਥੰਮੀਆਂ ਦੇ ਉਪਰ ਇਕ ਟੀਨ ਦਾ ਟੋਟਾ ਪਾ ਦਿੱਤਾ ਗਿਆ। ਅਰਹਰ ਦੀ ਖੜੀਆਂ ਨਾਲ ਤਿੰਨ ਪਾਸੇ ਵਾੜ ਬਣਾ ਦਿੱਤੀ ਗਈ। ਇਸ ਤਰ੍ਹਾਂ ਜਿਹੜਾ ਟੱਪਰਾ ਤਿਆਰ ਹੋਇਆ ਉਹੀ ਗਣਨਾ ਅਧਿਕਾਰੀ ਦਾ ਦਫ਼ਤਰ ਸੀ।

ਤੀਜੇ ਦਿਨ ਪੰਚਗਾਂਵ ਪ੍ਰਾਇਮਰੀ ਸਕੂਲ ਤੋਂ ਇੱਕ ਹੱਥੇਵਾਲੀ ਲੱਕੜੀ ਦੀ ਕੁਰਸੀ ਇੱਕ ਮੇਜ਼ ਮੰਗਵਾ ਲਿਆ ਗਿਆ ਅਤੇ ਉਸਨੂੰ ਆਲੀਸ਼ਾਨ ਦਫ਼ਤਰ ਵਿਚ ਰੱਖ ਦਿੱਤਾ ਗਿਆ।

ਚੌਥੇ ਦਿਨ ਦੱਦੂ ਤਿਵਾੜੀ ਨੇ ਇਕ ਨੇਮ ਪਲੇਟ ਬਣਵਾ ਕੇ ਦਫਤਰ ਦੀ ਬਾਹਰਲੀ ਕੰਧ ਤੇ ਟੰਗ ਦਿੱਤੀ, ਜਿਸ ਤੇ ਲਿਖਿਆ ਸੀ

ਸ੍ਰੀ ਡੀ. ਤਿਵਾੜੀ

ਗਣਨਾ ਅਧਿਕਾਰੀ

ਪੰਜਵੇਂ ਦਿਨ ਰਾਮ ਨਰੇਸ਼ ਚਪੜਾਸੀ ਦੇ ਪਦ ਤੇ ਬਹਾਲ ਹੋ ਕੇ ਆ ਗਿਆ ਅਤੇ ਇਸ ਤਰ੍ਹਾਂ ਚੁੰਗੀ ਨਾਕੇ ਦਾ 'ਪਰਿਵਹਿਨ ਕਰ ਦਫ਼ਤਰ' ਦਾ ਕੰਮ ਸੁਚਾਰੂ ਰੂਪ ਵਿਚ ਚੱਲਣ ਲੱਗਾ।

ਜਦ ਕੋਈ ਟਰੱਕ ਆਉਂਦਾ ਅਤੇ ਬੈਰੀਅਰ ਬੰਦ ਹੋਣ ਤੇ ਰੁਕਦਾ ਤਾਂ ਦੱਦੂ ਦੀਆਂ ਧੜਕਣਾਂ ਤੇਜ਼ ਹੋ ਜਾਂਦੀਆਂ। ਕੋਈ ਭਾਰੀ-ਭਰਕਮ ਡਰਾਈਵਰ ਉੱਤਰ ਕੇ ਉਸ ਵਿਚ ਆਉਂਦਾ, ਦੱਦੂ ਤਿਵਾੜੀ ਨੂੰ ਕੁਰਸੀ ਤੇ ਬੈਠਾ ਦੇਖ ਕੇ ਸਲਾਮ ਕਰਦਾ, ਜੇਬ ਵਿਚੋਂ ਅੱਠ ਰੁਪਏ ਕੱਢ ਕੇ ਮੇਜ਼ ਤੇ ਰੱਖਦਾ। ਦੱਦੂ ਤਿਵਾੜੀ ਉਸ ਤੋਂ ਟਰੱਕ ਦਾ ਨੰਬਰ ਪੁੱਛਦੇ, ਰਸੀਦ ਬੁੱਕ ਵਿਚ ਲਿਖਦੇ, ਹੇਠਾਂ ਆਪਣੇ ਦਸਤਖ਼ਤ ਕਰਦੇ ......ਡੀ. ਬਿੰਦੀ. ਟੀ. ਆਈ.... ਡਬਲਯੂ... ਏ.... ਆਰ... ਆਈ....। ਡੀ. ਤਿਵਾੜੀ। ਕਿਸੇ-ਕਿਸੇ ਟਰੱਕ ਦਾ ਡਰਾਈਵਰ ਅਸੱਭਿਅਕ ਹੁੰਦਾ ਤਾਂ ਸਿੱਧਾ ਟਰੱਕ ਵਿਚੋਂ ਅਵਾਜ਼ ਮਾਰਦਾ। 'ਕਿੰਨੇ ਰੁਪਏ ਮੰਗਦਾ ਹੈ ਯਾਰ, ਫਟਾਫਟ ਲੈ ਲੈ।' ਦੱਦੂ ਤਿਵਾੜੀ ਨੂੰ ਇਹ ਅਪਮਾਨਜਨਕ ਲੱਗਦਾ। ਆਖ਼ਰ ਦਫ਼ਤਰ ਤੇ ਪਦ ਦੀ ਕੋਈ ਸ਼ੋਭਾ ਹੁੰਦੀ ਹੈ। ਅਜਿਹੇ ਵੇਲੇ ਉਹ ਉੱਚੀ ਆਵਾਜ਼ ਮਾਰਦੇ, 'ਚਪੜਾਸੀ, ਦੇਖੀਂ ਟਰੱਕ ਲੋਡਡ ਹੈ ਕਿ ਨਹੀਂ।' ਥੋੜ੍ਹਾ ਰੁਕ ਕੇ ਫਿਰ ਅਵਾਜ਼ ਦਿੰਦੇ, 'ਕੋਈ ਇਲਲੀਗਲ ਮਾਲ ਤਾਂ ਨਹੀਂ ਲੱਦਿਆ ਇਸ ਵਿਚ।'

ਹੌਲੀ-ਹੌਲੀ ਜ਼ਿਆਦਾਤਰ ਡਰਾਈਵਰ ਕਲੀਨਰ ਉਨ੍ਹਾਂ ਨੂੰ ਜਾਨਣ ਲੱਗੇ। ਉਹ ਟਰੱਕ ਅੰਦਰੋਂ ਹੀ ਚੀਕਦੇ 'ਤਿਵਾੜੀ ਜੀ ਨਮਸਕਾਰ।' ਦੱਦੂ ਨਮਸਕਾਰ ਦਾ ਜਵਾਬ ਦਿੰਦੇ। ਇਕ ਡਰਾਈਵਰ ਪਰਵੀਨ ਬ਼ਾਬੀ ਦੀ ਰੰਗੀਨ ਤਸਵੀਰ ਵਾਲਾ ਕੈਲੰਡਰ ਉਨ੍ਹਾਂ ਨੂੰ ਦੇ ਗਿਆ। ਉਹ ਉਨ੍ਹਾਂ ਨੇ ਦਫ਼ਤਰ ਵਿਚ ਹੀ ਟੰਗ ਲਿਆ। ਚੁੰਗੀ ਨਾਕਾ ਖੁੱਲ੍ਹਣ, ਬੈਰੀਅਰ ਦੇ ਹੋਣ ਅਤੇ



ਟਰੱਕਾਂ, ਗੱਡੀਆਂ ਦੇ ਉਸ ਥਾਂ ਰੁਕਣ ਦੇ ਕਾਰਣ ਸੜਕ ਦੇ ਦੂਜੇ ਪਾਸੇ ਇਕ ਚਾਹ-ਭੁਜੀਏ ਦਾ ਢਾਬਾ ਅਤੇ ਇਕ ਪਾਨ-ਸਿਗਰਟ-ਬੀੜੀ ਦੀ ਦੁਕਾਨ ਖੁੱਲ੍ਹ ਗਈ। ਕਈ ਟਰੱਕ ਡਰਾਈਵਰ ਲੰਮੇ ਸਫ਼ਰ ਦੇ ਥੱਕੇ ਹੋਏ, ਘੱਟੇ ਨਾਲ ਭਰੇ ਹੋਏ ਆਉਂਦੇ। ਟਰੱਕ ਉੱਥੇ ਹੀ ਖੜ੍ਹੇ ਕਰਕੇ ਨਦੀ ਵਿਚ ਨਹਾਉਂਦੇ। ਢਾਬੇ ਵਾਲੇ ਕੋਲੋਂ ਦਾਲ-ਰੋਟੀ ਬਣਵਾਉਂਦੇ ਅਤੇ ਦਾਰੂ ਪੀ ਕੇ ਉੱਥੇ ਹੀ ਟਰੱਕ ਵਿਚ ਸੌਂ ਜਾਂਦੇ।

ਦੱਦੂ ਤਿਵਾੜੀ ਦੀ ਜਾਣ-ਪਛਾਣ ਅਤੇ ਉਨ੍ਹਾਂ ਦਾ ਇੱਜ਼ਤ-ਮਾਣ ਇਸ ਤਰ੍ਹਾਂ ਵਧਦਾ ਰਿਹਾ। ਟਪਰੇ ਉਰਫ਼ ਦਫ਼ਤਰ ਦੇ ਅੰਦਰ ਕੈਲੰਡਰ ਅਤੇ ਤਸਵੀਰਾਂ ਦੀ ਗਿਣਦੀ ਵਧਦੀ ਰਹੀ।

ਦੱਦੂ ਤਿਵਾੜੀ ਨੇ ਰਾਮ ਨਰੇਸ਼ ਨੂੰ ਕਹਿ ਦਿੱਤਾ ਸੀ ਕਿ ਉਹ ਹਰ ਰੋਜ਼ ਗਿੱਲੇ ਕੱਪੜੇ ਨਾਲ ਮੇਜ਼ ਨੂੰ ਚੰਗੀ ਤਰ੍ਹਾਂ ਸਾਫ ਕਰੇ। ਚਾਹ ਦਾ ਹਲਕਾ ਜਿਹਾ ਦਾਗ ਵੀ ਉੱਥੇ ਨਹੀਂ ਹੋਣਾ ਚਾਹੀਦਾ। ਦੱਦੂ ਤਿਵਾੜੀ ਇਕ ਦਿਨ ਬਜ਼ਾਰੋਂ ਕੱਚ ਦੇ ਦੋ ਗਿਲਾਸ ਖਰੀਦ ਲਿਆਏ। ਇੱਕ ਉਨ੍ਹਾਂ ਦੇ ਪਾਣੀ ਆਦਿ ਪੀਣ ਦੇ ਲਈ। ਦੂਜਾ ਗਿਲਾਸ ਉਨ੍ਹਾਂ ਨੇ ਟੇਬਲ 'ਤੇ ਰੱਖਿਆ, ਉਸ ਵਿਚ ਚੌਥਾ ਹਿੱਸਾ ਨਦੀ ਦੀ ਰੇਤ ਭਰ ਦਿੱਤੀ, ਉੱਪਰ ਪਾਣੀ ਭਰ ਦਿੱਤਾ ਉਸ ਵਿਚ ਗੁਡਹਲ ਦੇ ਦੋ ਲਾਲ-ਲਾਲ ਫੁੱਲ ਲਾ ਦਿੱਤੇ। ਇਸ ਤਰ੍ਹਾਂ ਉਨ੍ਹਾਂ ਦਾ ਮੇਜ਼ ਸਜਣ ਲੱਗਾ।

ਰਾਮ ਨਰੇਸ਼ ਨੂੰ ਉਨ੍ਹਾਂ ਨੇ ਉਸੇ ਦਿਨ ਕਹਿ ਦਿੱਤਾ ਸੀ ਕਿ ਸਵੇਰੇ ਜਦ ਉਹ ਡਿਊਟੀ ਤੇ ਆਵੇ ਤਾਂ ਆਉਂਦਾ ਹੋਇਆ ਆਪਣੇ ਨਾਲ ਫੁੱਲ ਜ਼ਰੂਰ ਲੈ ਕੇ ਆਏ ਅਤੇ ਲਿਆ ਕੇ ਗਿਲਾਸ ਵਿਚ ਲਾ ਦੇਵੇ।

ਕੁਝ ਦਿਨਾਂ ਬਾਅਦ ਉਨ੍ਹਾਂ ਨੇ ਇਕ ਤੌਲੀਆ ਲਿਆ ਕੇ ਕੁਰਸੀ ਦੀ ਪਿੱਠ ਤੇ ਪਾ ਦਿੱਤਾ ਅਤੇ ਫਿਰ ਕੁਝ ਦਿਨ ਬਾਅਦ ਰੂੰ ਦਾ ਸਿਰਹਾਣਾ ਕੁਰਸੀ ਤੇ ਕੁਸ਼ਨ ਵਾਂਗੂ ਬਿਰਾਜਮਾਨ ਹੋ ਗਿਆ। ਹੁਣ ਦਿਨ-ਰਾਤ ਉਨ੍ਹਾਂ ਦੇ ਦਿਮਾਗ ਵਿਚ ਕੁਰਸੀ-ਮੇਜ਼ ਘੁੰਮਦੇ। ਉਹ ਲਗਾਤਾਰ ਉਸ ਮੇਜ਼ ਨੂੰ ਸਜਾਉਂਦੇ। ਇੱਕ ਦਿਨ ਇੱਕ ਪੇਪਰ ਵੇਟ ਲਿਆ ਕੇ ਉਸਤੇ ਰੱਖਿਆ। ਫਿਰ ਅੰਗਰੇਜ਼ੀ ਰਸਾਲਿਆਂ ਵਿਚ ਛਪੇ ਸਮੁੰਦਰ ਜਾਂ ਨਦੀ ਵਿਚ ਉੱਗਦੇ ਜਾਂ ਡੁੱਬਦੇ ਸੂਰਜ ਦੇ ਰੰਗੀਨ ਫੋਟੋਗ੍ਰਾਫ ਬਲੇਡ ਨਾਲ ਕੱਟ ਕੇ, ਲੇਵੀ ਲਾ ਕੇ ਉਸ ਤੇ ਚਿਪਕਾਇਆ। ਹੁਣ ਘਰ ਵਿਚ ਉਨ੍ਹਾਂ ਦਾ ਸਨਮਾਨ ਵਧ ਗਿਆ ਸੀ। ਪੰਡਿਤ ਜੀ ਰੋਜ਼ ਉਨ੍ਹਾਂ ਤੋਂ ਨਾਕੇ ਦਾ ਹਾਲ ਪੁੱਛਦੇ। ਪੰਡਿਤ ਜੀ ਉਸਨੂੰ 'ਚੁੰਗੀ ਨਾਕਾ' ਕਹਿੰਦੇ ਸਨ ਜਦ ਕਿ ਦੱਦੂ ਚਾਹੁੰਦੇ ਸਨ ਕਿ ਉਸਨੂੰ 'ਆਫਿਸ' ਕਿਹਾ ਜਾਵੇ। ਇਕ ਦਿਨ ਦੱਬੀ ਜ਼ੁਬਾਨ ਵਿਚ ਆਪਣਾ ਇਤਰਾਜ਼ ਉਨ੍ਹਾਂ ਬੱਪਾ ਤੇ ਪ੍ਰਗਟ ਵੀ ਕਰ ਦਿੱਤਾ। ਪੰਡਿਤ ਜੀ ਦੱਦੂ ਦੀ ਮਨੋਭਾਵਨਾ ਸਮਝਦੇ ਸਨ ਇਸ ਲਈ ਉਨ੍ਹਾਂ ਨੇ ਜ਼ੋਰ ਨਾਲ ਨਿਕਲਦਾ ਆਪਣਾ ਹਾਸਾ ਰੋਕ ਲਿਆ।

ਦੱਦੂ ਸਦਾ ਧੋਤੇ ਅਤੇ ਪ੍ਰੈਸ ਕੀਤੇ ਹੋਏ ਕੱਪੜੇ ਪਾਉਂਦੇ। ਟੈਰੀਕਾਟ ਦੀ ਪੈਂਟ ਅਤੇ ਟੈਰੀਕਾਟ ਦੀ ਸ਼ਰਟ, ਕਾਲੇ ਬੂਟ।

ਜਦ ਕਦੇ ਰਮਨਾ ਜਾਂ ਸਮਨੂ ਉਨ੍ਹਾਂ ਨੂੰ 'ਦੱਦੂ ਸਾਲੇ' ਕਹਿ ਕੇ ਬੁਲਾਉਂਦੇ ਤਾਂ ਉਹ ਅੰਦਰੋ ਸੁਲਗ ਉੱਠਦੇ ਸਨ। ਅਜਿਹਾ ਗਣਨਾ ਅਧਿਕਾਰੀ ਬਣਨ ਤੋਂ ਡੇਢ ਤੋਂ ਦੋ ਮਹੀਨੇ ਬਾਅਦ

ਸ਼ੁਰੂ ਹੋਣ ਲੱਗਾ ਸੀ। ਬਚਪਨ ਦੇ ਦਿਨਾਂ ਦੇ ਸਾਰੇ ਸਾਥੀ ਹੁਣ ਉਨ੍ਹਾਂ ਨੂੰ ਬਦਤਮੀਜ਼, ਪੇਂਡੂ, ਲਫੰਗੇ ਅਤੇ ਅਸਭਿਅਕ ਲੱਗਣ ਲੱਗੇ ਸਨ। ਉਨ੍ਹਾਂ ਨਾਲ ਗੱਲ ਕਰਨਾ ਵੀ ਦੱਦੂ ਨੂੰ ਅਖ਼ਰਦਾ ਸੀ। ਬਚਪਨ ਵਿਚ ਜਦ ਉਹ ਗਡਨਾ ਨਾਲਾ ਲੰਘ ਕੇ ਪਿੰਡ ਦੇ ਟਾਟ ਪੱਟੀ ਵਾਲੇ ਸਕੂਲ ਵਿਚ ਪੜ੍ਹਨ ਜਾਂਦੇ ਸਨ ਤਾਂ ਅਕਸਰ ਸਕੂਲੋਂ ਭੱਜ ਕੇ ਸਨਈ ਦੇ ਖੇਤਾਂ ਵਿਚ ਲੁਕ ਕੇ ਖੀਰਾ ਜਾਂ ਛੱਲੀ ਖਾਂਦੇ, ਜਾਂ ਕਦੇ-ਕਦੇ ਬੀੜੀ ਦੇ ਸੂਟੇ ਮਾਰਦੇ। ਉਹਨੀਂ ਦਿਨੀਂ ਉਨ੍ਹਾਂ ਦਾ ਸਭ ਤੋਂ ਪੱਕਾ ਦੋਸਤ ਰਮੇਸ਼ ਹੁੰਦਾ ਸੀ।

ਦੋ ਦਿਨ ਪਹਿਲਾਂ ਹੀ ਰਮੇਸ਼, ਉਨ੍ਹਾਂ ਦੇ ਦਫ਼ਤਰ ਵਿਚ ਆ ਕੇ ਉਨ੍ਹਾਂ ਦੀ ਟੇਬਲ ਤੇ ਚੜ੍ਹ ਕੇ ਬਹਿ ਗਿਆ। ਉਸ ਵਕਤ ਕੁਝ ਟਰੱਕ ਡਰਾਈਵਰ ਦੱਦੂ ਤਿਵਾੜੀ ਕੋਲੋਂ ਪਰਚੀ ਬਣਵਾ ਰਹੇ ਸਨ। ਰਮੇਸ਼ ਉਨ੍ਹਾਂ ਨੂੰ 'ਦੱਦੂ ਸਾਲੇ' ਕਹਿ ਕੇ ਗੱਲ ਕਰਦਾ ਸੀ। ਪਿੰਡ ਦੇ ਸਿਰਜਨਸ਼ੀਲ ਲੋਕ ਕਲਾਕਾਰ ਦੁਆਰਾ ਨਿਰਮਤ ਇੱਕ ਤੋਂ ਇੱਕ ਸੰਭਾਵਨਾਪੂਰਣ ਗਾਲਾਂ ਉਸ ਦੇ ਮੂੰਹੋਂ ਆਪਣੇ ਆਪ ਨਿਕਲਦੀਆਂ ਰਹਿੰਦੀਆਂ। ਦੱਦੂ ਅੰਦਰੋਂ-ਅੰਦਰ ਤਿਲਮਿਲਾ ਰਹੇ ਸਨ। ਰਮੇਸ਼ ਦਾ ਮੇਜ਼ ਤੇ ਚੜ੍ਹ ਕੇ ਬੈਠਣਾ ਅਤੇ ਵਾਰ-ਵਾਰ ਗਾਲਾਂ ਵਿਚ ਲਪੇਟ ਕੇ ਆਪਣੇ ਸਨੇਹਪੂਰਣ ਸੰਬੋਧਨ 'ਦੱਦੂ ਸਾਲੇ' ਦੀ ਵਰਤੋਂ ਕਰਨਾ ਉਨ੍ਹਾਂ ਨੂੰ 'ਦਫ਼ਤਰ' ਦੀ ਮਰਯਾਦਾ ਦਾ ਗੰਭੀਰ ਉਲਘਣ ਲੱਗ ਰਿਹਾ ਸੀ। ਡਰਾਈਵਰਾਂ ਤੇ ਇਸਦਾ ਚੰਗਾ ਅਸਰ ਨਹੀਂ ਪਵੇਗਾ। ਤਿਵਾੜੀ ਜੀ ਦਾ ਸਨਮਾਨ ਅਤੇ ਪਦ ਦੀ ਸ਼ੋਭਾ ਖਤਰੇ ਵਿਚ ਸੀ।

ਆਖ਼ਰਕਾਰ ਉਹ ਉੱਠੇ। ਕੁਰਸੀ ਤੋਂ ਤਣ ਕੇ ਖੜ੍ਹੇ ਹੋ ਗਏ। ਉਨ੍ਹਾਂ ਦਾ ਚਿਹਰਾ ਪੱਥਰ ਵਰਗਾ ਹੋ ਗਿਆ ਅਤੇ ਬਹੁਤ ਗੰਭੀਰ ਅਤੇ ਉੱਚੀ ਆਵਾਜ਼ ਵਿਚ ਉਨ੍ਹਾਂ ਨੇ ਕਿਹਾ, "ਰਮੇਸ਼ ਜੀ, ਇਹ ਤੁਹਾਡਾ ਮਕਾਨ ਨਹੀ, ਆਫ਼ਿਸ ਹੈ, ਆਫ਼ਿਸ। ਐਂਡ ਡਿਊਟੀ ਇਜ਼ ਡਿਊਟੀ। ਰਮੇਸ਼ ਜੀ, ਯੂ ਗੈਟ ਆਊਟ।" ਰਮੇਸ਼ ਹੱਕਾ-ਬੱਕਾ ਰਹਿ ਗਿਆ। ਇੱਕ ਦੋ ਮਿੰਟ ਤੱਕ ਉਸਦੀ ਸਮਝ ਵਿਚ ਨਹੀਂ ਆਇਆ ਕਿ ਦੱਦੂ ਸਾਲੇ ਨੂੰ ਅਚਾਨਕ ਹੋ ਕੀ ਗਿਆ। ਫਿਰ ਉਸਨੇ ਘੁੰਮ ਕੇ ਦੇਖਿਆ, ਚਪੜਾਸੀ ਰਾਮ ਨਰੇਸ਼ ਡਰਿਆ ਜਿਹਾ ਹੋਇਆ ਖੜ੍ਹਾ ਸੀ। ਉਸਨੂੰ ਯਾਦ ਆਇਆ ਕਿ ਜੈ ਪਾਲ, ਸਮਨੂ, ਗਣੇਸ਼ ਸਾਰੇ ਦੋਸਤਾਂ ਨੇ ਦੱਸਿਆ ਸੀ ਕਿ ਦੱਦੂ ਹੁਣ ਬਦਲ ਗਿਆ ਹੈ। ਰਮੇਸ਼ ਕੁਝ ਬੋਲਣਾ ਚਾਹੁੰਦਾ ਸੀ ਪਰ ਇਹ ਝਟਕਾ ਇੰਨਾ ਗਹਿਰਾ ਸੀ ਕਿ ਉਹ ਕੁਝ ਨਾ ਕਹਿ ਸਕਿਆ। ਚੁੱਪ-ਚਾਪ ਉੱਠ ਕੇ ਚਲਾ ਗਿਆ।

ਇਸ ਤੋਂ ਪਿੱਛੋਂ ਦੱਦੂ ਤਿਵਾੜੀ ਨੇ ਰਾਮ ਨਰੇਸ਼ ਨੂੰ ਕਿਹਾ ਕਿ ਪਿੰਡ ਦਾ ਕੋਈ ਛੋਕਰਾ ਆਵੇ ਤਾਂ ਉਹ ਉਸਨੂੰ ਬਾਹਰ ਹੀ ਪੁੱਛ ਲਵੇ ਕਿ ਕੀ ਕੰਮ ਹੈ। ਜੇ ਕੋਈ ਜ਼ਰੂਰੀ ਕੰਮ ਨਾ ਹੋਵੇ ਤਾਂ ਉਨ੍ਹਾਂ ਨੂੰ ਬਾਹਰੋ ਹੀ ਮੋੜ ਦੇਵੇ। ਗਣਨਾ ਅਧਿਕਾਰੀ ਡੀ. ਤਿਵਾੜੀ ਦੇ ਕੋਲ ਇੰਨਾ ਫਾਲਤੂ ਸਮਾਂ ਨਹੀਂ ਹੈ ਕਿ ਉਹ ਇਸ ਤਰ੍ਹਾਂ ਦੀ ਲਫੰਗੇਬਾਜ਼ੀ ਵਿਚ ਉਲਝੇ।

ਦੱਦੂ ਤਿਵਾੜੀ ਦਾ ਮੇਜ਼ ਲਗਾਤਾਰ ਸਜਦਾ ਰਿਹਾ। ਹੁਣ ਉਸ ਤੇ ਇਕ ਐਸ਼ ਟ੍ਰੇ ਰੱਖੀ ਸੀ। ਇੱਕ ਪੈਨ ਹੋਲਡਰ ਵੀ ਆ ਗਿਆ ਸੀ। ਕੱਚ ਦੀ ਇਕ ਚੌਕੋਰ ਸੀਟ ਉਸ ਵਿਚ ਰੱਖ ਦਿੱਤੀ ਗਈ ਸੀ। ਇੱਕ ਦਿਨ ਉਨ੍ਹਾਂ ਨੇ ਬੱਪਾ ਨੂੰ ਦੱਸਿਆ ਸੀ ਕਿ ਉਨ੍ਹਾਂ ਦਾ ਮੇਜ਼ ਓਵਰਸੀਅਰ



ਦੇ ਮੇਜ਼ ਨਾਲੋਂ ਵੀ ਜ਼ਿਆਦਾ ਚੰਗਾ ਹੈ। ਬੱਸ ਬਿਜਲੀ ਦਾ ਕੁਨੈਕਸ਼ਨ ਮਿਲ ਜਾਵੇ ਤਾਂ ਉਹ ਇਕ ਟੇਬਲ ਲੈਂਪ ਲਿਆ ਕੇ ਰੱਖ ਲੈਣ। ਕਦੇ-ਕਦੇ ਰਾਤ-ਬਿਰਾਤੇ ਕੰਮ ਕਰਨਾ ਪੈਂਦਾ ਹੈ।

ਦੱਦੂ ਤਿਵਾੜੀ ਨੇ ਪਿੰਡ ਵਿਚ ਐਸੇ-ਵੈਸੇ ਲੋਕਾਂ ਨਾਲ ਮਿਲਣਾ-ਜੁਲਣਾ ਛੱਡ ਦਿੱਤਾ ਸੀ। ਕਦੇ-ਕਦੇ ਠਾਕੁਰ ਸਾਹਿਬ ਦੇ ਘਰ ਜਾ ਕੇ ਤਾਸ਼ ਆਦਿ ਖੇਡ ਆਉਂਦੇ। ਉਨ੍ਹਾਂ ਦਾ ਜ਼ਿਆਦਾ ਉੱਠਣਾ ਬੈਠਣਾ ਬਜ਼ਾਰ ਦੇ ਲੋਕਾਂ ਨਾਲ ਹੀ ਹੁੰਦਾ। ਇਨ੍ਹਾਂ ਲੋਕਾਂ ਵਿਚ ਉਨ੍ਹਾਂ ਦੇ ਵਿਭਾਗ ਦੇ ਕਰਮਚਾਰੀ, ਕੁਝ ਦੁਕਾਨਦਾਰ ਆਦਿ ਸਨ। ਪਿੰਡ ਵਿਚ ਤਿਵਾੜੀ ਜੀ ਦੇ ਹਮ-ਉਮਰ ਜ਼ਿਆਦਾਤਰ ਬੇਰੁਜ਼ਗਾਰ ਸਨ ਅਤੇ ਖੇਤੀ ਕਿਸਾਨੀ ਦੇ ਹੱਡ-ਭੰਨ ਕੰਮ ਨੇ ਉਨ੍ਹਾਂ ਨੂੰ ਗਵਾਰ ਅਸੱਭਿਅਕ ਅਤੇ ਪੇਂਡੂ ਬਣਾ ਦਿੱਤਾ ਸੀ।

ਅਤੇ ਤਦੇ ਇਹ ਘਟਨਾ ਘਟੀ।

ਇੱਕ ਦਿਨ ਸਵੇਰੇ ਦਸ ਵਜੇ ਪੁਲ ਪਾਰ ਕਰਨ ਲਈ ਇਕ ਪ੍ਰਾਈਵੇਟ ਜੀਪ ਆ ਕੇ ਰੁਕੀ। ਡਰਾਈਵਰ ਨੇ ਚਪੜਾਸੀ ਰਾਮ ਨਰੇਸ਼ ਨੂੰ ਇਸ਼ਾਰਾ ਕੀਤਾ ਕਿ ਉਹ ਬੈਰੀਅਰ ਖੋਲ੍ਹ ਦੇਵੇ, ਜਿਸ ਨਾਲ ਜੀਪ ਨਿਕਲ ਜਾਵੇ। ਰਾਮ ਨਰੇਸ਼ ਨੇ ਤਿਵਾੜੀ ਜੀ ਨੂੰ ਪੁੱਛਿਆ। ਤਿਵਾੜੀ ਜੀ ਨੇ ਉਸਨੂੰ ਕਿਹਾ ਕਿ ਉਹ ਜਾ ਕੇ ਦੇਖ ਆਵੇ ਕਿ ਵਾਹਨ ਨਿੱਜੀ ਹੈ ਜਾਂ ਸਰਕਾਰੀ।

ਉਹ ਜੀਪ ਨੇੜਲੇ ਕਸਬੇ ਜੈ ਸਿੰਘ ਨਗਰ ਦੇ ਦਾਰੂ ਭੱਠੀ ਦੇ ਠੇਕੇਦਾਰ ਦੀ ਸੀ, ਜਿਸ ਵਿਚ ਸ਼ੁੱਧ ਮਹੂਏ ਦੇ ਠਰਰੇ ਦੇ ਨਸ਼ੇ ਵਿਚ ਧੁੱਤ ਕਾਨੂੰਨਗੋ, ਨਾਇਬ ਤਹਿਸੀਲਦਾਰ, ਐਕਸਾਈਜ ਇੰਸਪੈਕਟਰ ਅਤੇ ਪਟਵਾਰੀ ਰਾਮ ਨਾਥ ਮਹਤੋ ਬੈਠੇ ਹੋਏ ਸਨ।

ਰਾਮ ਨਰੇਸ਼ ਨੇ ਦੇਖ ਕੇ ਦੱਸਿਆ ਕਿ ਵਾਹਨ ਪ੍ਰਾਈਵੇਟ ਲੱਗਦਾ ਹੈ ਅਤੇ ਉਸ ਵਿਚ ਕੁਝ ਸ਼ਰਾਬੀ ਕਬਾਬੀ ਬੈਠੇ ਹੋਏ ਹਨ। ਡੀ. ਤਿਵਾੜੀ ਗਣਨਾ ਅਧਿਕਾਰੀ ਨੇ ਨਿਰਦੇਸ਼ ਦਿੱਤੇ ਕਿ ਜਦ ਤੱਕ ਰੋਡ ਟੈਕਸ ਦੀ ਰਸੀਦ ਨਾ ਕੱਟੀ ਜਾਵੇ, ਨਾਕੇ ਦਾ ਬੈਰੀਅਰ ਨਾ ਖੋਲ੍ਹਿਆ ਜਾਵੇ।

ਉਧਰ ਜੀਪ ਦਾ ਹਾਰਨ ਬੇਸੁਰੀ ਬੀਨ ਵਾਂਗੂੰ ਲਗਾਤਾਰ ਵੱਜ ਰਿਹਾ ਸੀ।

ਬੈਰੀਅਰ ਨੂੰ ਨਾ ਖੁੱਲ੍ਹਦਾ ਦੇਖ ਕੇ ਕਾਨੂੰਨਗੋ ਨੇ ਉਥੋਂ ਹੀ ਆਵਾਜ਼ ਦਿੱਤੀ - ਟੱਪਰੇ ਵਿਚ ਕਿਹੜਾ ਸਾਲਾ ਬੋਲਾ ਬੈਠਾ ਹੈ, ਜੀਪ ਦਾ ਗਲਾ ਬਹਿੰਦਾ ਜਾ ਰਿਹਾ ਹੈ ਅਤੇ ਹਰਾਮਜ਼ਾਦਾ ਬੈਰੀਅਰ ਨਹੀਂ ਖੋਲ੍ਹ ਰਿਹਾ ਹੈ।

ਐਕਸਾਈਜ਼ ਇੰਸਪੈਕਟਰ ਸੰਤਰਾ ਪੀ ਕੇ ਧੁੱਤ ਸੀ। ਉਸਦੇ ਗਲੇ ਵਿਚੋਂ ਅਣਗਿਣਤ ਸੁਰਾਂ ਵਿਚ ਫਟੀ ਹੋਈ ਅਸੰਖ ਮੋਟੀਆਂ ਬਾਂਸਰੀਆਂ ਦੀ ਅਵਾਜ਼ ਨਿਕਲੀ - ਏ ਖੋਲ੍ਹ ਦੇ ਹਰਾਮੀ, ਖੋਲ੍ਹ।

ਪਟਵਾਰੀ ਰਾਮ ਨਾਥ ਮਹਤੋ ਨੇੜਲੇ ਪਿੰਡ ਬਿਛੀਆ ਦਾ ਕੋਰੀ ਸੀ, ਰਿਜ਼ਰਵੇਸ਼ਨ ਵਿਚ ਪਟਵਾਰੀ ਬਣ ਗਿਆ ਸੀ। ਉਸਦੇ ਸਾਰੇ ਹਾਕਮ-ਹਜ਼ੂਰ ਜੀਪ ਵਿਚ ਬੈਠੇ ਹੋਏ ਸਨ। ਵਫ਼ਾਦਾਰੀ ਅਤੇ ਸੇਵਕਾਈ ਦਾ ਇਸ ਤੋਂ ਵੱਧ ਕੇ ਦੂਜਾ ਮੌਕਾ ਕਿੱਥੇ ਮਿਲ ਸਕਦਾ ਸੀ? ਉਹ ਜੀਪ ਵਿਚੋਂ ਉਤਰਿਆ ਅਤੇ ਗਣਨਾ ਅਧਿਕਾਰੀ ਦੇ ਦਫ਼ਤਰ ਵੱਲ ਵਧਿਆ।

ਦੱਦੂ ਤਿਵਾੜੀ ਦੇ ਕੰਨਾਂ ਵਿਚ ਇਹ ਅਵਾਜ਼ ਪਹੁੰਚ ਰਹੀਆਂ ਸਨ। ਇਕੱਲੇ ਹੁੰਦੇ ਤਾਂ ਕੋਈ ਗੱਲ ਨਹੀਂ ਸੀ। ਚਪੜਾਸੀ ਰਾਮ ਨਰੇਸ਼ ਅਤੇ ਸੜਕ ਪਾਰਲੇ ਢਾਬੇ-ਦੁਕਾਨਦਾਰਾਂ ਦੇ ਸਾਹਮਣੇ ਉਨ੍ਹਾਂ ਦੇ ਅਧਿਕਾਰ ਅਤੇ ਸਨਮਾਨ ਤੇ ਲਗਾਤਾਰ ਹਮਲਾ ਹੋ ਰਿਹਾ ਸੀ। ਇਸ ਪਤਲੇ ਸਰੀਰ ਵਿਚ ਕ੍ਰੋਧ ਕਦੇ-ਕਦੇ ਦੁਰਬਾਸ਼ਾ ਮੁਨੀ ਵਾਂਗੂ ਫੁੱਟਦਾ ਹੁੰਦਾ ਸੀ। ਇਸ ਵੇਲੇ ਇਹੀ ਹਾਲਤ ਸੀ।

ਤਦ ਤੱਕ ਨਾਇਬ ਤਹਿਸੀਲਦਾਰ ਦੀ ਆਵਾਜ਼ ਆਈ- "ਦੇਖੀਂ ਪਟਵਾਰੀ, ਟਪਰੇ ਵਿਚੋਂ ਖਿੱਚ ਕੇ ਬਾਹਰ ਲੈ ਆ ਸਾਲੇ ਨੂੰ, ਘੰਟਾ ਭਰ ਹੋ ਗਿਆ।"

ਦੱਦੂ ਤਿਵਾੜੀ ਆਪਣੀ ਕੁਰਸੀ ਤੇ ਹੋਰ ਜੰਮ ਕੇ ਬਹਿ ਗਏ। ਬੜੇ ਗੰਭੀਰ ਭਾਵ ਨਾਲ ਉਨ੍ਹਾਂ ਨੇ ਪਟਵਾਰੀ ਰਾਮ ਨਾਥ ਮਹਿਤਾ ਨੂੰ ਦੇਖਿਆ, ਕਲਮ ਖੋਲ੍ਹੀ, ਰਜਿਸਟਰ ਕੱਢਿਆ ਅਤੇ ਬੋਲੇ "ਹਾਂ ਤਾਂ ਤੁਹਾਡੀ ਜੀਪ ਦਾ ਨੰਬਰ ਕੀ ਹੈ?"

'ਇਸ ਵਿਚ ਕੋਈ ਇਲ ਲੀਗਲ ਸਮਾਨ ਤਾਂ ਨਹੀਂ ਹੈ? ਦੋ ਰੁਪਏ ਰੋਡ ਟੈਕਸ ਜਮ੍ਹਾ ਕਰਵਾਉ ਤਦੇ ਬੈਰੀਅਰ ਖੁੱਲ੍ਹੇਗਾ।

ਪਟਵਾਰੀ ਨੇ ਜ਼ੋਰ ਨਾਲ ਡਕਾਰ ਮਾਰਿਆ। ਗਣਨਾ ਅਧਿਕਾਰੀ ਦਾ ਪਰਿਵਹਿਨ ਕਰ ਦਫਤਰ ਮਹੂਏ ਦੀ ਗੰਧ ਨਾਲ ਭਰ ਗਿਆ। ਉਸ ਤੋਂ ਬਾਅਦ ਪਟਵਾਰੀ ਉਨ੍ਹਾਂ ਦੇ ਮੇਜ਼ ਕੋਲ ਆ ਕੇ ਖੜ੍ਹਾ ਹੋ ਗਿਆ - ਸੁਣ ਉਏ ਦੱਦੂ, ਅਸੀਂ ਇੱਕ ਪੈਸਾ ਟੈਕਸ ਵੈਕਸ ਨਹੀਂ ਦਿਆਂਗੇ। ਸਭ ਦੇ ਸਭ ਸਰਕਾਰੀ ਡਿਊਟੀ ਤੇ ਹਨ। ਜੀਪ ਵੀ ਸਰਕਾਰੀ ਡਿਊਟੀ ਤੇ ਹੈ। ਬੈਰੀਅਰ ਖੋਲ੍ਹੋ। ਦੱਦੂ ਤਿਵਾੜੀ ਨੇ ਵਿਰੋਧ ਕੀਤਾ ਕਿ ਜੀਪ ਪ੍ਰਾਈਵੇਟ ਹੈ, ਸਰਕਾਰੀ ਨਹੀਂ। ਪਟਵਾਰੀ ਮਹਿਤੋ ਨੇ ਕਿਹਾ - 'ਅਸੀਂ ਕਹਿ ਰਹੇ ਹਾਂ ਇਸ ਲਈ ਸਰਕਾਰੀ ਹੈ ਅਤੇ ਜ਼ਿਆਦਾ ਦੇਰ ਤੱਕ ਬਕ-ਬਕ ਕਰਦਾ ਰਿਹਾ ਤਾਂ ਧੌਣ ਫੜ ਕੇ ਰੇਤ ਵਿਚ ਗੱਡ ਦਿਆਂਗੇ ਸਾਲਿਆ।'

'ਬੈਰੀਅਰ ਤਾਂ ਨਹੀਂ ਖੁੱਲ੍ਹੇਗਾ। ਇਹ ਕਾਨੂੰਨ ਦਾ ਉਲੰਘਣ ਹੈ।' ਗਣਨਾ ਅਧਿਕਾਰੀ ਬੋਲੇ। ਇਹ ਬੋਲਣਾ ਹੀ ਗਲਤ ਹੋ ਗਿਆ। ਪਟਵਾਰੀ ਮਹਤੋ ਨੇ ਟੇਬਲ ਉਲਟ ਕੇ ਦੱਦੂ ਤਿਵਾੜੀ ਨੂੰ ਫੜ ਲਿਆ ਅਤੇ ਘਸੀਟਦਾ ਹੋਇਆ ਉਨ੍ਹਾਂ ਨੂੰ ਦਫ਼ਤਰ ਵਿਚੋਂ ਬਾਹਰ ਲੈ ਆਇਆ।

'ਮਾਰੋ ਸਾਲੇ ਨੂੰ' ਜੀਪ ਦੇ ਸਾਰੇ ਹਾਕਮ ਚੀਕੇ ਅਤੇ ਉਧਰ ਪਟਵਾਰੀ ਮਹਿਤੋ ਨੇ ਦੱਦੂ ਤਿਵਾੜੀ ਨੂੰ ਲੱਕ ਤੋਂ ਉੱਪਰ ਚੁੱਕ ਕੇ ਸੜਕ ਤੇ ਸੁੱਟ ਦਿੱਤਾ।

ਚਪੜਾਸੀ ਰਾਮ ਨਰੇਸ਼ ਚੁੱਪ-ਚਾਪ ਦੇਖ ਰਿਹਾ ਸੀ।

ਗਣਨਾ ਅਧਿਕਾਰੀ ਬਹੁਤ ਜ਼ੋਰ ਲਾ ਰਹੇ ਸਨ। ਪਰ ਮਹਤੋ ਪਟਵਾਰੀ ਨੇ ਕਿਸਾਨਾਂ ਕੋਲੋਂ ਮੁਫ਼ਤ ਵਿਚ ਦੁੱਧ-ਘਿਓ ਖਾਧਾ ਸੀ, ਜੌਂ ਅਤੇ ਸ਼ੁੱਧ ਕਣਕ ਦੀਆਂ ਰੋਟੀਆਂ ਖਾਧੀਆਂ ਸਨ, ਆਦਿਵਾਸੀਆਂ ਜਾਂ ਭੂਮੀਹੀਣਾਂ ਦਾ ਮੁਰਗਾ ਹਜ਼ਮ ਕੀਤਾ ਸੀ, ਉਸ ਵਿਚ ਸਾਨ੍ਹ ਵਰਗੀ ਤਾਕਤ ਸੀ। ਫਿਰ ਮਹੂਏ ਦਾ ਰਾਸ਼ਟਰੀ ਠਰਰਾ। ਨਹੀਂ ਖੋਲਣਗੇ ਬੈਰੀਅਰ ਸਾਲੇ ਕਾਨੂੰਨ ਦੇ ਪੋਥੇ..... ਹੈਂ.... ਅਤੇ ਇਸ ਤੋਂ ਪਿੱਛੋਂ ਧਰਤੀ ਤੇ ਪਏ ਗਣਨਾ ਅਧਿਕਾਰੀ ਦੇ ਚਿਹਰੇ, ਛਾਤੀ



ਅਤੇ ਸਿਰ ਤੇ ਮਹਿਤੋ ਦੀ ਜੁੱਤੀ ਫਟਾਫਟ ਬਰਸਣ ਲੱਗੀ। ਦੱਦੂ ਤਿਵਾੜੀ ਨੇ ਚਪੜਾਸੀ ਨੂੰ ਅਵਾਜ਼ ਦਿੱਤੀ ਪਰ ਰਾਮ ਨਰੇਸ਼ ਟੱਟੀ ਦੇ ਬਹਾਨੇ ਕੋਨ ਦੇ ਕਿਨਾਰੇ-ਕਿਨਾਰੇ ਉੱਗੇ ਬੇਸ਼ਰਮ ਦੀਆਂ ਝਾੜੀਆਂ ਵਿਚ ਕਿਤੇ ਗੁੰਮ ਹੋ ਗਿਆ ਸੀ।

ਦੱਦੂ ਤਿਵਾੜੀ ਦਾ ਮੂੰਹ ਸੁੱਜ ਗਿਆ ਸੀ। ਕੂਹਣੀਆਂ ਅਤੇ ਪਿੱਠ ਛਿੱਲੀ ਗਈ ਸੀ। ਟੈਰੀਕਾਟ ਦੀ ਪੈਂਟ ਗੋਡਿਆਂ ਕੋਲੋਂ ਫਟ ਗਈ ਸੀ। ਕਮੀਜ਼ ਦੇ ਬਟਨ ਟੁੱਟ ਗਏ ਸਨ ਅਤੇ ਉਧਰ ਬੈਰੀਅਰ ਖੋਲ੍ਹ ਕੇ ਜੀਪ ਸਰਰ ਹੋ ਗਈ ਸੀ।

ਇਹ ਅਤਿਅੰਤ ਸ਼ਰਮਨਾਕ ਘਟਨਾ ਸੀ। ਚਪੜਾਸੀ ਰਾਮ ਨਰੇਸ਼ ਦਾ ਕਿਤੇ ਪਤਾ ਨਹੀਂ ਸੀ। ਗਣਨਾ ਅਧਿਕਾਰੀ ਨੇ ਪੂਰੀ ਨੋਟਸ਼ੀਟ ਬਣਾਈ .... ਇੱਕ ਇੱਕ ਗੱਲ ਦਾ ਵਰਨਣ ਕੀਤਾ ਤੇ ਉਸ ਵਿਚ ਇਹ ਵੀ ਲਿਖਿਆ ਕਿ ਇਕ ਕੋਰੀ ਨੇ ਕਾਨੂੰਨ ਦਾ ਪਾਲਣ ਕਰਨ ਵਾਲੇ ਇਕ ਈਮਾਨਦਾਰ ਸਰਕਾਰੀ ਬ੍ਰਾਹਮਣ ਨੂੰ ਜੁੱਤੀ ਨਾਲ ਮਾਰਿਆ ਹੈ। ਇਸ ਤੇ ਤਤਕਾਲ ਕਾਰਵਾਈ ਕੀਤੀ ਜਾਵੇ।

ਫਿਰ ਇੱਕ ਦੂਜੀ ਨੋਟ ਸ਼ੀਟ ਉਨ੍ਹਾਂ ਨੇ ਬਣਾਈ। ਜਿਸ ਵਿਚ ਚਪੜਾਸੀ ਰਾਮ ਨਰੇਸ਼ ਨੂੰ ਉਸਦੀ ਅਨਿਯਮਤਾ, ਅਨੁਸ਼ਾਸਨਹੀਣਤਾ ਅਤੇ ਕੰਮ ਪ੍ਰਤੀ ਲਾਪਰਵਾਹੀ ਕਾਰਣ ਤੁਰੰਤ ਨੌਕਰੀ ਤੋਂ ਬਰਖਾਸਤ ਕਰਨ ਦੀ ਮੰਗ ਕੀਤੀ।

ਦੋਵਾਂ ਨੋਟਸ਼ੀਟਾਂ ਤੇ ਦਸਤਖਤ ਕਰਕੇ ਉਨ੍ਹਾਂ ਨੇ ਸਾਇਕਲ ਚੁੱਕਿਆ ਅਤੇ ਓਵਰਸੀਅਰ ਦੇ ਦਫ਼ਤਰ ਵੱਲ ਤੁਰ ਪਏ।

ਓਵਰਸੀਅਰ ਦਫ਼ਤਰ ਵਿਚ ਨਹੀਂ ਸੀ। ਉਸ ਘਰੇ ਸੌਂ ਰਹੇ ਸਨ। ਪਤਾ ਲੱਗਾ ਕਿ ਉਨ੍ਹਾਂ ਨੇ ਸਖ਼ਤ ਹਿਦਾਇਤ ਕੀਤੀ ਹੋਈ ਹੈ ਕਿ ਘਰੇ ਉਨ੍ਹਾਂ ਨੂੰ ਕੋਈ ਡਿਸਟਰਬ ਨਾ ਕਰੇ। ਹੁਣੇ-ਹੁਣੇ ਕਾਨੂੰਨਗੋ, ਨਾਇਬ ਤਹਿਸੀਲਦਾਰ ਅਤੇ ਪਟਵਾਰੀ ਦੇ ਨਾਲ ਉਨ੍ਹਾਂ ਦੀ ਪਾਰਟੀ ਸੀ। ਖਾ ਪੀ ਕੇ ਉਹ ਲੋਕ ਜੀਪ ਵਿਚ ਚਲੇ ਗਏ ਸਨ ਅਤੇ ਓਵਰਸੀਅਰ ਸਾਹਿਬ ਆਰਾਮ ਕਰ ਰਹੇ ਸਨ।

ਦੱਦੂ ਤਿਵਾੜੀ ਦੇ ਦਿਮਾਗ ਵਿਚ ਕਾਲੀ ਹਨੇਰੀ ਚੱਲ ਰਹੀ ਸੀ। ਅੱਜ ਖੁੱਲ੍ਹੀ ਸੜਕ ਤੇ ਉਨ੍ਹਾਂ ਦੀ ਬੇਇੱਜ਼ਤੀ ਹੋਈ ਸੀ। ਸਾਰੇ ਖੰਭੇ ਰੇਤ ਵਾਂਗੂ ਧਸਕ ਰਹੇ ਸਨ। ਪਟਵਾਰੀ ਮਹਤੋ ਨੇ ਜੁੱਤੀ ਨਾਲ ਮਾਰਿਆ ਸੀ ਅਤੇ ਉਹ ਬਿਲਕੁਲ ਨਿਹੱਥੇ ਸਨ। ਉਨ੍ਹਾਂ ਨੂੰ ਉਮੀਦ ਸੀ ਕਿ ਓਵਰਸੀਅਰ ਨੂੰ ਘਟਨਾ ਦੱਸਦਿਆਂ ਹੀ ਉੱਚ ਪੱਧਰੀ ਕਾਰਵਾਈ ਹੋਵੇਗੀ, ਮਾਮਲਾ ਸਿੱਧਾ ਸਰਕਾਰ ਅਤੇ ਪੁਲਿਸ ਕੋਲ ਜਾਵੇਗਾ ਅਤੇ ਇੱਕ ਇਮਾਨਦਾਰ ਕਰਤੱਵ ਪਾਲਕ ਸਰਕਾਰੀ ਕਰਮਚਾਰੀ-ਗਣਤਾ ਅਧਿਕਾਰੀ ਦੇ ਕਰਤੱਵ ਵਿਚ ਰੁਕਾਵਟ ਪਾਉਣ, ਅਸੰਵਿਧਾਨਕ ਦਬਾਅ ਪਾਉਣ, ਸਰਕਾਰੀ ਅਫਸਰ 'ਤੇ ਹਮਲਾ ਕਰਨ ਦੇ ਜੁਰਮ ਵਿਚ ਪਟਵਾਰੀ, ਕਾਨੂੰਨਗੋ ਮੁਅੱਤਲ ਕਰ ਦਿੱਤੇ ਜਾਣਗੇ।

ਪਰ ਇਥੇ ਸਥਿਤੀ ਦੂਜੀ ਸੀ। ਉਨ੍ਹਾਂ ਦੀ ਆਪਣੀ ਨੌਕਰੀ ਖ਼ਤਰੇ ਵਿਚ ਪੈ ਗਈ ਸੀ। ਉਹ ਲੋਕ ਸਾਹਿਬ ਦੇ ਦੋਸਤ ਸਨ ਅਤੇ ਜੇ ਉਨ੍ਹਾਂ ਨੇ ਸ਼ਿਕਾਇਤ ਕੀਤੀ ਤਾਂ .....?

ਡੀ. ਤਿਵਾੜੀ ਦੇ ਮੋਢੇ ਝੁਕੇ ਹੋਏ ਸਨ, ਚਿਹਰਾ ਰੰਗਹੀਣ ਨਿਰਾਸ਼ਾ ਵਿਚ ਛੁਪਿਆ ਹੋਇਆ ਸੀ। ਉਹ ਘਰ ਮੁੜ ਰਹੇ ਸਨ। ਉਨ੍ਹਾਂ ਨੂੰ ਚੇਤੇ ਆ ਰਿਹਾ ਸੀ ਕਿ ਚਾਰ-ਪੰਜ ਸਾਲ ਪਹਿਲਾਂ ਸ਼ਹਿਰ ਦੇ ਇੱਕ ਦੁਕਾਨਦਾਰ ਨਾਲ ਉਨ੍ਹਾਂ ਦਾ ਝਗੜਾ ਹੋ ਗਿਆ ਸੀ ਅਤੇ ਦੁਕਾਨਦਾਰ ਨੇ ਉਨ੍ਹਾਂ ਨੂੰ ਕੁੱਟ ਦਿੱਤਾ ਸੀ। ਪਿੰਡ ਵਿਚ ਜਿਵੇਂ ਹੀ ਇਹ ਖ਼ਬਰ ਪਹੁੰਚੀ ਤਾਂ ਪਿੰਡ ਇਕੱਠਾ ਹੋ ਗਿਆ ਸੀ। ਸਮਨੂ, ਰਮੇਸ਼, ਜੈ ਪਾਲ, ਰਮਨਾ ਨੇ ਤਾਂ ਡੰਡੇ ਚੁੱਕ ਲਏ ਸਨ। ਦੁਕਾਨਦਾਰ ਨੂੰ ਘੇਰ ਲਿਆ ਗਿਆ ਸੀ ਅਤੇ ਉਸਨੂੰ ਮੁਆਫ਼ੀ ਮੰਗਣੀ ਪਈ ਸੀ।

ਦੱਦੂ ਤਿਵਾੜੀ ਪਿੰਡ ਪਹੁੰਚੇ ਤਾਂ ਇਹ ਖ਼ਬਰ ਹਰ ਪਾਸੇ ਪਹੁੰਚ ਗਈ ਸੀ ਕਿ ਉਨ੍ਹਾਂ ਨੂੰ ਅੱਜ ਮਹਤੋ ਪਟਵਾਰੀ ਨੇ ਜੁੱਤੀਆਂ ਮਾਰੀਆਂ। ਦੱਦਾ ਉਨ੍ਹਾਂ ਕੋਲ ਆਏ, ਦੁੱਖੀ ਸਨ "ਆਪਣੀ ਇੱਜ਼ਤ ਆਪਣੇ ਹੱਥ ਹੁੰਦੀ ਹੈ ਦੱਦੂ। ਅਜਿਹਾ ਵਿਵਹਾਰ ਹੀ ਨਾ ਕਰੋ ਕਿ ਅਜਿਹਾ ਸਮਾਂ ਦੇਖਣਾ ਪਵੇ। ਪਿੰਡ ਦੇ ਲੋਕ ਜਿਹੜੇ ਸਾਡੀ ਚੜ੍ਹਾਈ ਦੇਖ ਕੇ, ਸੜਦੇ ਸਨ, ਅੱਜ ਬਹੁਤ ਖ਼ੁਸ਼ ਹਨ। ਹੋਰ ਤਾਂ ਹੋਰ ਤੇਰਾ ਲੰਗੋਟੀਆ ਯਾਰ ਲੋਕਾਂ ਨੂੰ ਟੱਪ-ਟੱਪ ਕੇ ਦੱਸ ਰਿਹਾ ਸੀ ਕਿ ਕਿਵੇਂ ਮਹਤੋ ਪਟਵਾਰੀ ਨੇ ਜੁੱਤੀਆਂ ਨਾਲ ਤੇਰੀ ਪਿਟਾਈ ਕੀਤੀ। ਅਜੇ ਵੀ ਕੁਝ ਨਹੀਂ ਵਿਗੜਿਆ ਉਹ ਨਸ਼ੇ ਵਿਚ ਸਨ। ਇਹ ਤਾਂ ਮੁਲਾਜ਼ਮ ਦੀ ਆਪਸੀ ਲੜਾਈ ਹੈ। ਸੁਲ੍ਹਾ ਕਰ ਲਉ।"

ਦੱਦੂ ਤਿਵਾੜੀ ਨੂੰ ਉਮੀਦ ਸੀ ਕਿ ਪਿੰਡੋਂ ਕੋਈ ਨਾ ਕੋਈ ਆਵੇਗਾ, ਉਨ੍ਹਾਂ ਕੋਲੋਂ ਹਾਲ ਪੁੱਛੇਗਾ - ਫਿਰ ਸਾਰਾ ਪਿੰਡ ਇੱਕ ਹੋ ਜਾਵੇਗਾ। ਪਰ ਕੋਈ ਨਾ ਆਇਆ। ਉਹ ਇਕੱਲੇ ਮੰਜੀ ਤੇ ਪਏ ਰਹੇ ਅਤੇ ਜਾਗਦੇ ਰਹੇ। ਉਨ੍ਹ ਨੂੰ ਨੀਂਦ ਨਹੀਂ ਆਈ। ਉਹ ਇਕੱਲੇ ਹੋ ਗਏ ਸਨ। ਬਿਲਕੁਲ ਇਕੱਲੇ। ਦੱਦੂ ਸਾਲੇ ਦੇ ਨਾਲ ਪੂਰਾ ਪਿੰਡ ਸੀ ..... ਅਤੇ ਡੀ. ਤਿਵਾੜੀ, ਗਣਨਾ-ਅਧਿਕਾਰੀ ਦਾ ਸਾਥ ਦੇਣ ਵਾਲਾ ਇੱਕ ਪਰਿੰਦਾ ਤੱਕ ਨਹੀਂ।

ਸਵੇਰੇ ਜਦ ਉਹ ਨਾਕੇ ਵੱਲ ਆਪਣੀ ਡਿਊਟੀ ਤੇ ਜਾ ਰਹੇ ਸਨ ਤਾਂ ਗਲੀ ਵਿਚ ਖੇਡਦੇ ਦੋ-ਤਿੰਨ ਬੱਚਿਆਂ ਨੇ ਉਨ੍ਹਾਂ ਨੂੰ ਦੇਖ ਕੇ ਜ਼ੋਰ ਨਾਲ ਨਾਅਰਾ ਲਾਇਆ

ਦੱਦੂ ਤਿਵਾੜੀ
ਗਣਨਾ ਅਧਿਕਾਰੀ
ਮਾਰਿਆ ਕੱਸ ਕੇ
ਹੈ ਪਟਵਾਰੀ ....
ਅਤੇ ਭੱਜ ਗਏ।

ਦੱਦੂ ਤਿਵਾੜੀ ਦੇ ਪੈਰਾਂ ਨੂੰ ਕੋਈ ਭਾਰੀ ਚੀਜ਼ ਖਿੱਚ ਰਹੀ ਸੀ ਅਤੇ ਅਥਾਹ ਸੰਨਾਟਾ ਉਨ੍ਹਾਂ ਦੇ ਕੰਨ ਵਿਚ ਗੂੰਜਣ ਲੱਗਾ। ●

(ਉਦੈ ਪ੍ਰਕਾਸ਼, 9/2 ਜੱਜ ਕਲੋਨੀ, ਨਿਆਏ ਮਾਰਗ, ਸੈਕਟਰ-9, ਵੈਸ਼ਾਲੀ, ਗਾਜ਼ੀਆਬਾਦ-201010
ਭਜਨਬੀਰ ਸਿੰਘ, 239, ਪ੍ਰੀਤ ਕਾਲੋਨੀ, ਨੇੜੇ ਏ. ਸੀ. ਨੈਸ਼ਨਲ ਪਬਲਿਕ ਸਕੂਲ, ਜ਼ੀਰਕਪੁਰ (ਮੋਹਾਲੀ) ਪੰਜਾਬ)





## ਸੁਲੱਖਣ ਸਰਹੱਦੀ

1.

ਨਿਊਯਾਰਕ ਸੋਨੇ ਦੇ ਡਾਲਰ ਓਥੇ ਕਾਰਾਂ ਵਿਕਣਗੀਆਂ।
ਸਸਤੇ ਟਕਿਆਂ ਵਾਲੇ ਵਤਨੀ ਤਾਂ ਤਲਵਾਰਾਂ ਵਿਕਣਗੀਆਂ।

ਪਾਟੀਆਂ ਨੇ ਸਲਵਾਰਾਂ ਜਿੱਥੇ, ਓਥੇ ਬੁਰਕੇ ਵਿਕਦੇ ਹਨ,
ਸੁੱਚੇ ਸਿਲਕ ਦੀ ਮੰਡੀ ਵਿਚ ਨੰਗੀਆਂ ਮੁਟਿਆਰਾਂ ਵਿਕਣਗੀਆਂ।

ਬੁੱਸੀ, ਉੱਲੀ-ਮਾਰੀ, ਸਬਜ਼ੀ ਤਾਂ ਕੁੱਤੇ ਵੀ ਨਹੀਂ ਖਾਂਦੇ,
ਖ਼ੂਨ ਦਾ ਤੜਕਾ ਲੱਗੇਗਾ ਤਾਂਹੀ ਅਖ਼ਬਾਰਾਂ ਵਿਕਣਗੀਆਂ।

ਚਾਂਦਨੀ ਚੌਂਕ ਦੇ ਮੁਗਲ ਵਪਾਰੀ ਅੱਜਕਲ ਸੀਸ ਨਹੀਂ ਮੰਗਦੇ,
ਹੁਣ ਦਸਤਾਰਾਂ ਦੀ ਹੈ ਮਹਿਮਾ ਹੁਣ ਦਸਤਾਰਾਂ ਵਿਕਣਗੀਆਂ।

ਲੇਬਰ ਚੌਂਕਾਂ ਵਿਚ ਇਕੱਲੇ ਹੁਣ ਮਜ਼ਦੂਰ ਨਹੀਂ ਵਿਕਣੇ,
ਮਜ਼ਦੂਰਾਂ ਸੰਗ ਛਾਂਟੇ, ਫਿਟਕਾਂ, ਹੁੱਝਾਂ, ਆਰਾਂ ਵਿਕਣਗੀਆਂ।

ਮਾਵਾਂ ਦਾ ਹੀ ਦੁੱਧ ਪੀਵਣਗੇ ਬਾਲ ਮਹੱਲਾਂ ਵਾਲੇ ਵੀ,
ਮੱਝਾਂ ਗਾਵਾਂ ਵਾਂਗਰ ਹੀ ਮਾਵਾਂ ਦੀਆਂ ਧਾਰਾਂ ਵਿਕਣਗੀਆਂ।

ਇਕ ਇਕ ਕਰਕੇ ਫੁੱਲ ਵੇਚਣ ਦੀ ਛੱਡ ਗਰੀਬੀ ਭਾਰਤ ਦੇਸ਼,
ਆ ਗਿਆ ਹੈ ਅਮਰੀਕਾ ਤੇਰੀਆਂ ਸਭ ਗੁਲਜ਼ਾਰਾਂ ਵਿਕਣਗੀਆਂ।

ਉਹ ਕੰਜਕਾਂ ਦੇ ਕੱਚੇ ਜਿਸਮ ਤੇ ਝੂਠੇ ਹਾਸਿਉਂ ਅੱਕ ਚੁੱਕੇ,
ਸ਼ੇਖਾਂ ਦੇ ਮਨੋਰੰਜਨ ਲਈ ਹੁਣ ਚੀਕ ਪੁਕਾਰਾਂ ਵਿਕਣਗੀਆਂ।

ਬਸਤਿਆਂ 'ਚੋਂ ਜੇ ਮਰਿਆਦਾ ਨੂੰ ਏਦਾਂ ਹੀ ਬਨਵਾਸ ਰਿਹਾ,
ਵੋਟਾਂ ਤਾਂ ਕੀ ਵੋਟਾਂ ਸੰਗ ਬਣੀਆਂ ਸਰਕਾਰਾਂ ਵਿਕਣਗੀਆਂ।

2.

ਬੜਾ ਨਿੱਕਾ ਜਿਹਾ ਜੁਗਨੂੰ ਕੀ ਹਸਤੀ ਏਸ ਦੀ ਹੈ।
ਤਾਂ ਫਿਰ ਜੁਗਨੂੰ ਦੇ ਨਾਂ 'ਤੇ ਨ੍ਹੇਰ ਵਿਚ ਕਿਉਂ ਖਲਬਲੀ ਹੈ?

ਮੁੰਡੇ ਚੰਨ ਤਾਰੇ ਦੇਂਦੇ ਨੇ ਉਹ ਰੋਟੀ ਮੰਗਦੀ ਹੈ,
ਮੁੰਡੇ ਹੈਰਾਨ ਨੇ ਇਹ ਕਿਸ ਤਰ੍ਹਾਂ ਦੀ ਮੰਗਤੀ ਹੈ।

ਸ਼ਿਕਾਰੀ ਜਾਣਦੇ ਹਨ ਭੁੱਖ ਵਿਚ ਹੀ ਬੇਵਸੀ ਹੈ,
ਕਿ ਚੰਚਲਹਾਰੀ ਮਛਲੀ ਕੁੰਡੀ ਤੱਕ ਕਿੰਜ ਪਹੁੰਚਦੀ ਹੈ।

ਬਜ਼ਾਤੇ ਖ਼ੁਦ ਤਾਂ ਕਲਗੀ ਕਲਗੀਧਰ ਪੈਦਾ ਨਹੀਂ ਕਰਦੀ,
ਉਵੇਂ ਤਾਂ ਕੁੱਕੜਾਂ ਦੇ ਸਿਰ 'ਤੇ ਵੀ ਕਲਗੀ ਉੱਗਦੀ ਹੈ।

ਚੁਪਾਸੇ ਡਰ, ਧੂੰਆਂ, ਅੰਧਕਾਰ, ਚੀਖਾਂ, ਦਹਿਸ਼ਤੀ ਰਾਹ,
ਉਹ ਦਸਵੇਂ ਦੁਆਰ ਦੀ ਵੀ ਖ਼ੂਨ ਵਿਚ ਲਥ ਪਥ ਗਲੀ ਹੈ।

ਹਵਾ ਤੱਤੀ ਜ਼ਮਾਨੇ ਦੀ ਨੀ ਕੰਜਕੇ ਚੂਸ ਜੂਗੀ,
ਤੇਰੇ ਜੋ ਬੁੱਲ੍ਹਾਂ ਉੱਤੇ ਤਰੇਲ ਵਰਗੀ ਤਾਜ਼ਗੀ ਹੈ।

ਹਰਿਕ ਵਸਤੂ ਪ੍ਰਾਣੀ ਫਲਸਫੇ ਦਾ ਨਿਯਮ ਵੱਖ ਹੈ,
ਸੂਈ ਨੇ ਜੋੜਨਾ ਹੁੰਦਾ ਤੇ ਕੈਂਚੀ ਕੱਟਦੀ ਹੈ।

ਤੇਰੇ ਤੁਰ ਜਾਣ ਮਗਰੋਂ ਸਾਰਾ ਕੁਝ ਹੈ ਆਮ ਵਾਂਗਰ,
ਮੇਰੀ ਇਕ ਜਿੰਦ ਹੀ ਬਸ ਤੜਫਦੀ ਤੇ ਲੁੱਛਦੀ ਹੈ।

ਨਹੀਂ ਜਦ ਰਖ ਸਕੇ ਧੀਆਂ ਨੂੰ ਘਰ ਵਿਚ ਬਾਦਸ਼ਾਹ ਵੀ,
ਗ਼ਜ਼ਲ ਮੇਰੀ ਵੀ 'ਸਰਹੱਦੀ' ਛਪਣ ਨੂੰ ਜਾ ਰਹੀ ਹੈ।

●●●

(ਪਿੰਡ : ਕੁਹਾੜ, ਡਾਕ. ਛਿਹਰੀਵਾਲ ਦਰੋਗਾ, ਜ਼ਿਲ੍ਹਾ ਗੁਰਦਾਸਪੁਰ
ਮੋਬਾ. 94174-84337)



## ਤ੍ਰੈਲੋਚਨ ਲੋਚੀ

1.

ਹੱਥਾਂ ਦੇ ਵਿਚ ਡਿਗਰੀਆਂ,
ਲੱਖਾਂ ਬੇ-ਰੁਜ਼ਗਾਰ।
ਮੁਲਕ ਤਰੱਕੀ ਕਰ ਰਿਹੈ,
ਨਿੱਤ ਕਹਿੰਦੀ ਸਰਕਾਰ।

ਸਿਵਿਆਂ ਦੀ ਇਹ ਅੱਗ ਤਾਂ,
ਲੈ ਜਾਂਦੀ ਹੈ ਪਾਰ।
ਦਿਲ ਦੀ ਅੱਗ 'ਚ ਮੱਚਣਾ,
ਪੈ ਨਾ ਜਾਵੇ ਯਾਰ।

ਬੇਬੇ-ਬਾਪੂ ਸੋਚਦੇ,
ਛੱਡ ਦੇਈਏ ਸੰਸਾਰ।
ਕੀਤੇ ਧੀਆਂ-ਪੁੱਤਰਾਂ,
ਰਿਸ਼ਤੇ ਤਾਰੋ-ਤਾਰ।

ਘਰ ਦੀਆਂ ਕੰਧਾਂ ਹਿੱਲੀਆਂ,
ਰੋਂਦੀਆਂ ਜ਼ਾਰੋ-ਜਾਰ।
ਬੈੱਡਰੂਮਾਂ ਵਿਚ ਆ ਗਿਆ,
ਨੱਚ ਰਿਹਾ ਬਜ਼ਾਰ।

ਏਸ ਸ਼ਹਿਰ ਵਿਚ ਰਹਿਣ ਦਾ,
ਹੱਜ ਕੀ 'ਲੋਚੀ' ਯਾਰ।
ਕੁੰਡੇ ਜਿੱਥੇ ਮਾਰਕੇ,
ਸੌਂਦੇ ਪਹਿਰੇਦਾਰ।

2.

ਬੰਦ ਰੱਖਣ ਦਿਲ ਦੇ ਬੂਹੇ-ਬਾਰੀਆਂ।
ਸ਼ਹਿਰ ਦੇ ਲੋਕਾਂ ਦੀਆਂ ਕੀ ਯਾਰੀਆਂ।

ਮਿਲਿਆ ਨਾ ਇਕ ਵੀ ਸਬੂਤਾ ਆਦਮੀ,
ਕੋਸ਼ਿਸ਼ਾਂ ਬੇਕਾਰ ਗਈਆਂ ਸਾਰੀਆਂ।

ਹੁਣ ਕਰੋ ਕੁਝ ਤਰਸ ਬੁੱਧੀ ਜੀਵੀਓ,
ਉਫ਼! ਏਹ ਬੋਝਲ ਸ਼ਬਦ ਗੱਲਾਂ ਭਾਰੀਆਂ।

ਹੁਣ ਮੇਰਾ ਅੰਬਰ ਤੂੰ ਮੈਨੂੰ ਮੋੜਦੇ,
ਨਾ ਮਸਲ ਰੀਝਾਂ ਏਹ ਉੱਡਣਹਾਰੀਆਂ।

ਨਾਮ ਤੇਰੇ ਕਰਕੇ 'ਲੋਚੀ' ਚੱਲਿਐ,
ਸਾਰੀਆਂ ਨਜ਼ਮਾਂ ਤੇ ਗ਼ਜ਼ਲਾਂ ਪਿਆਰੀਆਂ।

20 ਸੈਕਿੰਡ ਫਲੋਰ, ਐੱਚ. ਆਈ. ਜੀ.,
ਰਾਜਗੁਰੂ ਨਗਰ- ਲੁਧਿਆਣਾ।
ਮੋਬ. 98142-53315

# ਗ਼ਜ਼ਲਾਂ

- ਜਗਤਾਰ ਸਾਲਮ

1.

ਕਾਹਨੂੰ ਮਰਨਾ ਸੀ ਜੇ ਝੁਕ ਗਿਆ ਹੁੰਦਾ।
ਕਿੰਨਾ ਵਰਜਿਆ ਸੀ ਜੇ ਰੁਕ ਗਿਆ ਹੁੰਦਾ।

ਓਦਾਂ ਉਸਨੇ ਘੁਟ-ਘੁਟ ਮਰ ਜਾਣਾ ਸੀ,
ਜੇਕਰ ਕੋਠੜੀ ਅੰਦਰ ਲੁਕ ਗਿਆ ਹੁੰਦਾ।

ਜੋ ਜੰਗਲ ਦੇ ਕਾਨੂੰਨ ਬਾਰੇ ਦੱਸਦਾ,
ਹਰਿਆ-ਭਰਿਆ ਬਾਗ ਸੁੱਕ ਗਿਆ ਹੁੰਦਾ।

ਦੌੜਨ ਨਾਲੋਂ ਤਾਂ ਚੰਗਾ ਸੀ ਯਾਰਾ,
ਲੜਦਿਆਂ ਲੜਦਿਆਂ ਮੁੱਕ ਗਿਆ ਹੁੰਦਾ।

ਜੇਕਰ ਮੇਰੀ ਭਟਕਣ ਮੁੱਕ ਗਈ ਹੁੰਦੀ,
ਤਾਂ ਮੇਰਾ ਸਫ਼ਰ ਵੀ ਮੁੱਕ ਗਿਆ ਹੁੰਦਾ।

2.

ਜਿੱਤ ਦੀ ਉਮੀਦ ਲੈ ਵਾਰ-ਵਾਰ ਜਾਂਦਾ ਹਾਂ।
ਮੇਰਾ ਕੀ ਜਾਂਦਾ ਹੈ ਜੇ ਮੈਂ ਹਾਰ ਜਾਂਦਾ ਹਾਂ।

ਰਸਤੇ 'ਚੋਂ ਹੀ ਪਿੰਡ ਵੱਲ ਦੌੜਨ ਨੂੰ ਜੀ ਕਰਦੈ,
ਮੈਨੂੰ ਬਹੁਤ ਡਰ ਲੱਗਦੈ ਜਦੋਂ ਬਜ਼ਾਰ ਜਾਂਦਾ ਹਾਂ।

ਕੱਲਾ ਹੋਣ ਕਰਕੇ ਮੈਥੋਂ ਘੇਰਾ ਨਹੀਂ ਪੈਂਦਾ,
ਜੰਗਲ ਜਿੱਤ ਕੇ ਮੈਂ ਪੌਣ ਹੱਥੋਂ ਹਾਰ ਜਾਂਦਾ ਹਾਂ।

ਹੁਣ ਜਿੱਤ ਜਾਵਾਂਗੇ ਜੇ ਅਸੀਂ ਮਿਲ ਕੇ ਲੜਾਂਗੇ,
ਤੁਸੀਂ ਇਸ ਪਾਰ ਲੜੋ, ਮੈਂ ਉਸ ਪਾਰ ਜਾਂਦਾ ਹਾਂ।

ਪਿੰਡ ਦੇਧਨਾ, ਤਹਿ. ਸਮਾਣਾ (ਪਟਿਆਲਾ) ਫੋਨ - 97804-70386





# ਬਿਰਖ ਦੀ ਛਾਂ ਹੇਠ

## (ਯਾਦਾਂ ਪ੍ਰਿੰ. ਪ੍ਰੀਤਮ ਸਿੰਘ ਦੀਆਂ)

- ਹਰਭਜਨ ਸਿੰਘ ਹੁੰਦਲ

ਸੰਨ-ਸੰਤਾਲੀ ਦੇ ਝੱਖੜਾਂ ਦੇ ਝੰਬੇ ਅਸੀਂ ਅੜਤਲਾਂ ਤੇ ਸਹਾਰੇ ਲੱਭਦੇ, ਹਾਲੀ ਪੈਰਾਂ ਭਾਰ ਨਹੀਂ ਸੀ ਖਲੋਤੇ। 1951 ਦਾ ਸਿਆਲ ਤੇ ਮੈਟਰਿਕ ਦਾ ਇਮਤਿਹਾਨ ਸਿਰ ਤੇ ਖਲੋਤਾ ਸੀ। ਕੋਲ ਨਾ ਲੈਂਪ, ਨਾ ਬਿਜਲੀ ਤੇ ਨਾ ਮਿੱਟੀ ਦਾ ਤੇਲ, ਹਾਂ ਸਰ੍ਹੋਂ ਦਾ ਤੇਲ ਤੇ ਮਿੱਟੀ ਦੇ ਦੀਵੇ। ਨਾ ਦੀਵਟ, ਨਾ ਕੋਈ ਮੇਜ਼ ਤੇ ਸਟੂਲ, ਦੋ-ਚਾਰ ਜਮਾਤੀਆਂ ਨੇ ਸਲਾਹ ਬਣਾਈ ਕਿ ਹੋਰ ਨਹੀਂ ਤਾਂ ਕਿਤੇ ਚਾਰ ਜਣੇ ਰਲ ਕੇ ਇਕੱਠੇ ਹੀ ਪੜ੍ਹ ਲਿਆ ਕਰੀਏ, ਦਸਵੀਂ ਵਿਚ ਸਾਡੇ ਨਾਲ ਬੰਡਾਲੇ (ਅੰਮ੍ਰਿਤਸਰ) ਪਿੰਡ ਵਿਚ ਇਕ ਭਾਈਆਂ ਅਥਵਾ ਗ੍ਰੰਥੀਆਂ ਦਾ ਮੁੰਡਾ ਪੜ੍ਹਦਾ ਸੀ। ਉਹਨਾਂ ਕੋਲ ਪੁਰਾਣੇ ਗੁਰਦੁਆਰੇ ਦੇ ਪੁਰਾਣੇ ਕਮਰੇ ਵਿਹਲੇ ਪਏ ਸਨ। ਇੱਕ ਕਮਰੇ ਨੂੰ ਸਾਫ਼ ਕਰਕੇ ਅਸੀਂ ਜਾ ਚਾਨਣ ਦੀ ਜੋਤ ਜਗਾਈ। ਦੋ-ਚਾਰ ਦਿਨਾਂ ਬਾਅਦ ਆਲੇ ਤੇ ਪਰਛੱਤੀਆਂ ਉੱਤੇ ਪਏ ਘੱਟੇ-ਮਿੱਟੀ ਨਾਲ ਭਰੇ ਬਸਤਿਆਂ ਉੱਤੇ ਨਜ਼ਰ ਪਈ। ਫੋਲਾ-ਫਾਲੀ ਦੀ ਆਦਤ ਤਾਂ ਬਚਪਨ ਤੋਂ ਹੀ ਸੀ। ਮੌਕਾ ਵੇਖ ਮੈਂ ਗ੍ਰੰਥੀ ਦੇ ਮੁੰਡੇ ਨਾਲ ਗੱਲ ਕੀਤੀ।

ਕਹਿਣ ਲੱਗਾ, "ਕੁਝ ਗੁਟਕੇ ਤੇ ਹੱਥ ਦੀਆਂ ਲਿਖੀਆਂ ਕੁਝ ਪੁਰਾਣੀਆਂ ਪੋਥੀਆਂ ਹਨ। ਅਸਾਂ ਤਾਂ ਕਦੇ ਫੋਲ ਕੇ ਵੇਖੀਆਂ ਨਹੀਂ।" ਮੇਰੀ ਉਤਸੁਕਤਾ ਹੋਰ ਵੱਧ ਗਈ। ਬਸਤਾ ਲਾਹਿਆ, ਫੋਲਿਆ, ਹੱਥਾਂ ਨਾਲ ਲਿਖੇ ਗੁਰਬਾਣੀ ਦੇ ਪੁਰਾਣੇ ਗੁਟਕੇ। ਮੈਂ ਤੇ ਦੁਰਲੱਭ ਪੋਥੀਆਂ ਪਹਿਲੀ ਵਾਰ ਵੇਖੀਆਂ ਸਨ, ਵੇਖ ਕੇ ਹੈਰਾਨ ਹੋਇਆ। ਡੰਮ-ਡੰਮ ਕਰਦੇ ਕਾਲੇ ਅੱਖਰ, ਲਿਖਣ ਵਾਲਿਆਂ ਤੋਂ ਕੁਰਬਾਨ ਜਾਣ ਨੂੰ ਜੀ ਕਰੇ।

ਮੈਂ ਉਹਨਾਂ ਵਿਚੋਂ ਇੱਕ ਕਿਤਾਬ ਕੱਢੀ। ਟਾਈਟਲ ਪਾਟਿਆ ਹੋਇਆ ਸੀ। ਪਰ ਅੰਦਰੋਂ ਪਤਾ ਲੱਗ ਜਾਂਦਾ ਸੀ ਕਿ ਕਿਤਾਬ ਸ਼ਰਧਾ ਰਾਮ ਫਿਲੌਰੀ ਦੀ ਲਿਖੀ, "ਸਿੱਖਾਂ ਦੇ ਰਾਜ ਦੀ ਵਿਥਿਆ" ਸੀ, ਪੜ੍ਹਨ ਦੇ ਪੱਜ ਮੈਂ ਘਰ ਲੈ ਗਿਆ ਤੇ ਫਿਰ ਨਹੀਂ ਮੋੜੀ। ਕੀ ਪਤਾ ਸੀ ਕਿ ਦੋ ਚਾਰ ਸਾਲਾਂ ਬਾਅਦ ਇਹੀ ਕਿਤਾਬ ਪ੍ਰਿੰ. ਪ੍ਰੀਤਮ ਸਿੰਘ ਹੋਰਾਂ ਨਾਲ ਪੱਕਾ ਸੰਪਰਕ ਜੋੜਨ ਦਾ ਵਸੀਲਾ ਬਣੇਗੀ।

ਰਣਧੀਰ ਕਾਲਜ ਕਪੂਰਥਲੇ ਵਿਚ 1954-55 ਦਾ ਸਾਲ ਤੇ ਮੇਰਾ ਬੀ.ਏ. ਦਾ ਆਖਰੀ ਵਰ੍ਹਾ। ਪਟਿਆਲੇ ਤੋਂ ਇੱਕ ਪ੍ਰੋਫੈਸਰ ਦਰਸ਼ਨ ਸਿੰਘ ਨਵਾਂ-ਨਵਾਂ ਸਾਡੇ ਕਾਲਜ ਆ ਲੱਗਾ ਸੀ। ਉਸ ਨਾਲ ਸੰਪਰਕ ਜੁੜਿਆ ਤਾਂ ਉਹ ਕਹਿਣ ਲੱਗਾ, "ਕਿਸੇ ਪਿੰਡ ਜਾਂ ਸਾਧਾਂ ਸੰਤਾਂ ਦੇ ਡੇਰਿਆਂ ਵਿਚ ਕੋਈ ਕਿਤਾਬ ਹੋਣ ਦੀ ਦੱਸ ਪਵੇ ਤਾਂ ਮੈਂ ਦੱਸਿਓ, ਆਪਾਂ ਇਕੱਠੇ ਹੀ ਸਾਰੇ ਜਣੇ ਜਾ ਕੇ ਫੋਲਾ-ਫਾਲੀ ਕਰਾਂਗੇ।" ਮੈਂ ਉਹਨਾਂ ਨੂੰ ਦੱਸਿਆ ਕਿ ਮੇਰੇ ਕੋਲ ਇੱਕ ਪੁਰਾਣੀ ਕਿਤਾਬ ਪਈ ਹੈ। ਪ੍ਰੋ. ਦਰਸ਼ਨ ਸਿੰਘ ਕਹਿਣ ਲੱਗੇ, "ਲਿਆ ਕੇ ਮੈਨੂੰ ਵਿਖਾ।"

ਵੇਖਣ ਉੱਤੇ ਆਖਣ ਲੱਗੇ, "ਇਹ ਬੜੀ ਕੀਮਤੀ ਤੇ ਦੁਰਲਭ ਕਿਤਾਬ ਹੈ। ਪ੍ਰਿੰ. ਪ੍ਰੀਤਮ ਸਿੰਘ ਪਟਿਆਲੇ ਵਾਲੇ ਇਸ ਲੇਖਕ ਬਾਰੇ ਖੋਜ ਕਰ ਰਹੇ ਹਨ। ਉਹਨਾਂ ਨੇ ਇਸ ਬਾਰੇ 'ਪੰਜਾਬੀ ਦੁਨੀਆਂ' ਪੱਤ੍ਰਿਕਾ ਵਿਚ ਇੱਕ ਇਸ਼ਤਿਹਾਰ ਵੀ ਛਪਵਾਇਆ ਹੈ। ਤੁਸੀਂ ਇਹ ਕਾਪੀ ਡਾਕ ਰਾਹੀਂ ਉਹਨਾਂ ਨੂੰ ਭੇਜ ਦਿਓ।"

ਗੱਲ ਮੰਨਣ ਵਾਲੀ ਸੀ। ਮੇਰੇ ਕੋਲ ਪਈ ਇਹ ਕਿਤਾਬ ਕਿਸ ਕੰਮ ਆਉਣੀ ਸੀ? ਪ੍ਰਿੰਸੀਪਲ ਸਾਹਿਬ ਦਾ ਸਿਰਨਾਵਾਂ ਲੈ ਕੇ ਮੈਂ ਇਹ ਕਾਪੀ ਪਟਿਆਲੇ ਉਹਨਾਂ ਦੇ ਘਰ ਦੇ ਪਤੇ ਉੱਤੇ ਭੇਜ ਦਿੱਤੀ। ਥੋੜ੍ਹੇ ਦਿਨਾਂ ਬਾਅਦ ਉਹਨਾਂ ਦਾ ਧੰਨਵਾਦ ਦਾ ਖ਼ਤ ਆਇਆ। ਵੱਡੇ ਲੇਖਕ ਦਾ ਇੱਕ ਵਿਦਿਆਰਥੀ ਨੂੰ ਲਿਖਿਆ ਖ਼ਤ। ਮੈਂ ਪ੍ਰੋ. ਦਰਸ਼ਨ ਸਿੰਘ ਤੇ ਹੋਰਨਾਂ ਹਮ ਜਮਾਤੀਆਂ ਨੂੰ ਵਿਖਾਇਆ। ਸਾਰੇ ਹੈਰਾਨ ਤੇ ਖੁਸ਼, ਤੇ ਇੰਝ ਪਹਿਲੀ ਵਾਰ ਪ੍ਰਿੰਸੀਪਲ ਸਾਹਿਬ ਨਾਲ ਮੇਰਾ ਸੰਪਰਕ ਜੁੜਿਆ ਤੇ ਐਸਾ ਜੁੜਿਆ ਕਿ ਮੁੜ ਨਾ ਟੁੱਟਾ। ਔਖੇ ਵੇਲੇ ਜਾਂ ਲੋੜ ਪੈਣ ਉੱਤੇ ਮੈਂ ਉਹਨਾਂ ਨੂੰ ਖ਼ਤ ਲਿਖਦਾ ਤੇ ਉਹ ਬੜੀ ਬਾਕਾਇਦਗੀ ਨਾਲ ਉਸ ਦਾ ਉੱਤਰ ਦਿੰਦੇ।

ਛੇਤੀ ਹੀ "ਸਿੱਖਾਂ ਦੇ ਰਾਜ ਦੀ ਵਿਥਿਆ" ਪੁਸਤਕ ਪ੍ਰੋ. ਮੋਹਨ ਸਿੰਘ ਦੇ ਹਿੰਦ ਪਬਲਿਸ਼ਰਜ਼ ਵਲੋਂ ਛਪ ਕੇ ਆ ਗਈ। ਪ੍ਰੋ. ਪ੍ਰੀਤਮ ਸਿੰਘ ਹੁਰਾਂ ਨੇ ਇੱਕ ਕਾਪੀ ਮੈਨੂੰ ਵੀ ਭੇਜੀ। ਉਸਦੀ ਭੂਮਿਕਾ ਵਿਚ ਉਹਨਾਂ ਨੇ ਲਿਖਿਆ ਸੀ - "ਇਸ ਸਦੀ ਦੇ ਪਹਿਲੇ ਦਹਾਕੇ ਦੀ ਇਕ ਹੋਰ ਛਾਪ, ਕਰੀਬ-ਕਰੀਬ ਇਸੇ ਟਾਈਪ ਦੀ, ਮੈਨੂੰ ਸ. ਹਰਭਜਨ ਸਿੰਘ ਹੁੰਦਲ ਨੇ ਅਪਾਰ ਕਿਰਪਾ ਕਰਕੇ, ਸੁਲਤਾਨਪੁਰ ਲੋਧੀ ਤੋਂ ਭੇਜੀ ਹੈ।"

ਇਹ ਕਿਤਾਬ 1956 ਵਿਚ ਛਪੀ ਸੀ ਤੇ ਅਭਿਆਸ ਵਜੋਂ ਮੈਂ ਇਸ ਦਾ ਸੰਖੇਪ ਜਿਹਾ ਤੇ ਰਵਾਇਤੀ ਭਾਂਤ ਦਾ ਇੱਕ ਰੀਵਿਊ ਪੰਜ-ਦਰਿਆ ਲਈ ਕੀਤਾ ਸੀ।

ਇਹ ਸੀ ਬਹਾਨਾ ਜਿਸ ਸਦਕਾ ਮੇਰਾ ਸੰਪਰਕ ਪ੍ਰੋ. ਪ੍ਰੀਤਮ ਹੋਰਾਂ ਨਾਲ ਜੁੜ ਗਿਆ।

ਇਹ ਮੇਰੇ ਲੇਖਕ ਬਣਨ ਦੇ ਅਭਿਆਸੀ ਵਰ੍ਹੇ ਸਨ। ਮੈਂ ਕੀ ਬਣਨਾ ਸੀ, ਇਸਦਾ ਵੀ ਮੈਨੂੰ ਕੋਈ ਪਤਾ ਨਹੀਂ ਸੀ, ਪਰ ਮੈਂ ਕੁਝ ਲਿਖਣਾ, ਕੁਝ ਪੜ੍ਹਨਾ ਚਾਹੁੰਦਾ ਸੀ। ਪ੍ਰਿੰਸੀਪਲ ਸਾਹਿਬ ਮੇਰੇ ਪ੍ਰੇਰਨਾ-ਸ੍ਰੋਤ ਸਨ। ਮੈਨੂੰ ਅਚੇਤ ਹੀ ਫ਼ਖ਼ਰ ਜਿਹਾ ਸੀ ਕਿ ਸ. ਪ੍ਰੀਤਮ ਸਿੰਘ ਹੋਰਾਂ ਦਾ ਮੇਰੇ ਸਿਰ ਉੱਤੇ ਹੱਥ ਸੀ।

ਪੰਜਾਂ ਸਾਲਾਂ ਬਾਅਦ ਉਹ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੀ ਚੋਣ ਲੜਦੇ ਤਾਂ ਸਾਨੂੰ ਸੁਨੇਹਾ ਆ ਜਾਂਦਾ ਕਿ 'ਭਾਈ' ਮੈਂ ਨਵੇਂ ਫ਼ਾਰਮ ਭੇਜ ਰਿਹਾ ਹਾਂ। ਨਵੇਂ ਵੋਟਾਂ ਦੇ ਫ਼ਾਰਮ ਭਰੋ ਤੇ ਪੁਰਾਣਿਆਂ ਦੇ ਰਹਿੰਦੇ ਬਕਾਏ ਉਗਰਾਹ ਕੇ ਮੈਨੂੰ ਭੇਜੋ। ਸੁਨੇਹਾ ਮਿਲਣ ਤੇ ਸਾਨੂੰ ਚਾਅ ਚੜ੍ਹ ਜਾਂਦਾ। ਉਹ ਹਰ ਚੋਣ ਜਿੱਤ ਜਾਂਦੇ ਅਤੇ ਅਸੀਂ ਖੁਸ਼ੀ ਵਿਚ ਫੁੱਲੇ ਨਾ ਸਮਾਉਂਦੇ।

1968 ਦਾ ਸਾਲ। ਸੁਰਿੰਦਰ ਗਿੱਲ ਪ੍ਰਾਈਵੇਟ ਬੀ. ਏ. ਮੁਕੰਮਲ ਕਰਨ ਤੋਂ ਬਾਅਦ ਐਮ. ਏ. ਪੰਜਾਬੀ ਕਰਨ ਲਈ ਲਾਇਲਪੁਰ ਖਾਲਸਾ ਕਾਲਜ ਜਲੰਧਰ ਜਾ ਦਾਖ਼ਲ ਹੋਇਆ।



ਉਸਨੇ ਮੈਨੂੰ ਵੀ ਪ੍ਰੇਰਿਆ ਕਿ ਮੈਂ ਉਸਦੇ ਨਾਲ ਹੀ ਪ੍ਰਾਈਵੇਟ ਐਮ. ਏ. ਦਾ ਫਾਰਮ ਭਰ ਦੇਵਾਂ। ਉਸਦੀ ਸਲਾਹ ਨਾਲ ਮੈਂ ਫਾਰਮ ਭਰ ਦਿੱਤਾ ਤੇ ਇਮਤਿਹਾਨ ਦੀ ਤਿਆਰੀ ਕਰਨ ਲੱਗਾ। ਉਹਨੀਂ ਦਿਨੀਂ ਐਮ. ਏ. ਦੇ ਦੂਸਰੇ ਸਾਲ ਵਿਚ ਚੌਥੇ ਪਰਚੇ ਲਈ ਥੀਸਿਸ ਲਿਖ ਕੇ ਪੇਸ਼ ਕਰਨ ਦੀ ਛੋਟ ਸੀ ਤੇ ਵਿਦਿਆਰਥੀ ਨੂੰ ਚੌਥਾ ਪਰਚਾ ਨਹੀਂ ਸੀ ਦੇਣਾ ਪੈਂਦਾ। ਅਸਾਂ ਦੋਹਾਂ ਨੇ ਥੀਸਿਸ ਲਿਖਣ ਦੀ ਸਲਾਹ ਬਣਾਈ। ਸਾਡੇ ਗਾਈਡ ਪ੍ਰੋ. ਮੋਹਨ ਸਿੰਘ ਜੌਹਲ ਸਨ, ਜੋ ਖਾਲਸਾ ਕਾਲਜ ਜਲੰਧਰ ਹੀ ਪੜ੍ਹਾਉਂਦੇ ਸਨ। ਉਹਨਾਂ ਦੀ ਸਲਾਹ ਨਾਲ ਮੈਂ ਆਪਣੇ ਖੋਜ-ਨਿਬੰਧ ਲਈ "ਪੰਜਾਬੀ ਆਲੋਚਨਾ ਦਾ ਮੁਲਾਂਕਣ" ਵਿਸ਼ਾ ਚੁਣ ਲਿਆ। ਮੈਂ ਕਿਉਂਕਿ ਕਵਿਤਾ ਦੇ ਨਾਲ-ਨਾਲ ਆਲੋਚਨਾ ਵਿਚ ਵੀ ਰੁਚੀ ਰੱਖਦਾ ਸੀ, ਇਸ ਲਈ ਪ੍ਰੋ. ਜੌਹਲ ਨੇ ਇਹ ਵਿਸ਼ਾ ਚੁਣਨ ਲਈ ਉਤਸ਼ਾਹਿਤ ਕੀਤਾ।

ਸਪੱਸ਼ਟ ਹੈ ਕਿ ਇਤਨਾ ਗੰਭੀਰ ਵਿਸ਼ਾ ਨਜਿੱਠਣਾ ਮੇਰੀ ਸਮਰੱਥਾ ਤੋਂ ਬਾਹਰ ਸੀ। ਆਲੋਚਨਾ ਦੀ ਆਲੋਚਨਾ ਕਰਨਾ ਇੱਕ ਵਿਦਿਆਰਥੀ ਲਈ ਨਿਸ਼ਚੇ ਹੀ ਬਹੁਤ ਕਠਿਨ ਕਾਰਜ ਸੀ। ਇਸ ਵਿਚ ਖੋਜ ਤੇ ਆਲੋਚਨਾ, ਦੋ ਖੇਤਰ ਰਲਦੇ ਸਨ ਤੇ ਮੈਂ ਤੇ ਸਿਰਫ਼ ਇਮਤਿਹਾਨ ਹੀ ਪਾਸ ਕਰਨ ਆਇਆ ਸੀ।

ਅਸਲ ਵਿਚ ਮੈਂ ਇਹ ਵਿਸ਼ਾ ਰੱਖਕੇ ਬੁਰੀ ਤਰ੍ਹਾਂ ਫਸ ਗਿਆ ਸੀ। ਹੁਣ ਵਿਸ਼ਾ ਬਦਲਣ ਦਾ ਮੌਕਾ ਵੀ ਲੰਘ ਚੁੱਕਾ ਸੀ। ਇਸ ਵਿਸ਼ੇ ਲਈ ਮੇਰੇ ਗਾਈਡ ਪ੍ਰੋ. ਜੌਹਲ ਨੂੰ ਵੀ ਅਗਵਾਈ ਕਰਨ ਦਾ ਕੋਈ ਖਾਸ ਤਜਰਬਾ ਨਹੀਂ ਸੀ। ਉਹਨਾਂ ਨੇ ਮੈਨੂੰ ਡਾ. ਹਰਨਾਮ ਸਿੰਘ ਸ਼ਾਨ ਦੀ ਯੂਨੀਵਰਸਿਟੀ ਵਿਚ ਲੱਗੀ ਇੱਕ ਪਾਠ-ਪੁਸਤਕ "ਪੰਜਾਬੀ ਪਰਖ-ਪੜਚੋਲ" ਦੀ ਦੱਸ ਪਾਈ। ਇਸ ਪੁਸਤਕ ਦੀ ਭੂਮਿਕਾ ਵਿਚ ਡਾ. ਸ਼ਾਨ ਨੇ ਲਿਖਿਆ ਸੀ ਕਿ ਪੰਜਾਬੀ ਆਲੋਚਨਾ ਦਾ ਮੋਢੀ ਗੁਰੂ ਨਾਨਕ ਹੈ। ਉਹਨਾਂ ਨੇ ਗੁਰੂ ਨਾਨਕ ਸਾਹਿਬ ਦੀਆਂ ਧਾਰਮਿਕ ਟੂਕਾਂ ਨੂੰ ਆਲੋਚਨਾ ਮੰਨ ਕੇ ਗਲਤ ਸਿਧਾਂਤ ਪੇਸ਼ ਕਰ ਦਿੱਤਾ ਸੀ। ਪ੍ਰੋ. ਜੌਹਲ ਸਾਹਿਬ ਨੇ ਮੈਨੂੰ ਕਿਹਾ ਕਿ ਤੁਸੀਂ ਏਸੇ ਹੀ ਲੇਖ ਦਾ ਜ਼ਰਾ ਵਿਸਥਾਰ ਕਰ ਦਿਓ ਤੇ ਕਿੱਸਾ-ਕਾਰਾਂ ਦੀਆਂ ਆਪਣੇ ਸਮਕਾਲੀ ਜਾਂ ਪੂਰਬ-ਕਾਲੀ ਕਵੀਆਂ ਬਾਰੇ ਕੀਤੀਆਂ ਪ੍ਰਸ਼ੰਸਾਮਈ ਤੁਕਾਂ ਦੀ ਵਿਆਖਿਆ ਕਰੀ ਜਾਓ। ਪਰ ਸਾਰੀ ਪਹੁੰਚ ਹੀ ਗਲਤ ਸੀ, ਜਿਸਦਾ ਨਾ ਮੈਨੂੰ ਤੇ ਨਾ ਹੀ ਮੇਰੇ ਗਾਈਡ ਨੂੰ ਪਤਾ ਸੀ।

1968 ਸਾਲ ਦੇ ਅਖੀਰਲੇ ਮਹੀਨਿਆਂ ਵਿਚ ਪੰਜਾਬ ਯੂਨੀਵਰਸਿਟੀ ਦੀ ਸਿੰਡੀਕੇਟ ਨੇ ਆਪਣੀ ਇੱਕ ਮੀਟਿੰਗ ਵਿਚ ਇੱਕ ਫੈਸਲੇ ਰਾਹੀਂ ਸਾਡੇ ਗਾਈਡ ਬਦਲ ਦਿੱਤੇ ਤੇ ਇਸ ਬਾਰੇ ਸਾਨੂੰ ਇੱਕ ਚਿੱਠੀ ਰਾਹੀਂ ਇਤਲਾਹ ਦੇ ਦਿੱਤੀ।

ਚਿੱਠੀ ਪੜ੍ਹਕੇ ਮੈਂ ਪ੍ਰੇਸ਼ਾਨ ਹੋ ਗਿਆ। ਹੁਣ ਮੇਰੇ ਗਾਈਡ ਪ੍ਰਿੰ. ਪ੍ਰੀਤਮ ਸਿੰਘ ਬਣਾਏ ਗਏ ਸਨ। ਉਹ ਪੰਜਾਬੀ ਦੇ ਸਿਰਕੱਢ ਖੋਜੀ ਤੇ ਆਲੋਚਕ ਸਨ। ਕਈ ਦਿਨ ਮੈਂ ਪ੍ਰੇਸ਼ਾਨ ਰਿਹਾ। ਹੁਣ ਮੇਰੇ ਪਹਿਲੇ ਲਿਖੇ ਲਿਖਾਏ ਦਾ ਕੀ ਬਣੇਗਾ? ਪ੍ਰਿੰਸੀਪਲ ਸਾਹਿਬ ਨੂੰ ਆਪਣੇ

ਕੀਤੇ ਕੰਮ ਨਾਲ ਸੰਤੁਸ਼ਟ ਕਰਨਾ ਸੌਖਾ ਨਹੀਂ ਸੀ। ਕੀ ਕਰਾਂਗਾ? ਬਾਕੀ ਦੇ ਤਿੰਨ ਪਰਚੇ ਵੀ ਤਿਆਰ ਕਰਨੇ ਸਨ। ਅਪ੍ਰੈਲ 1968 ਦਾ ਇਮਤਿਹਾਨ ਨੇੜੇ ਆਈ ਜਾ ਰਿਹਾ ਸੀ।

ਅਖ਼ੀਰ ਪ੍ਰਿੰ. ਪ੍ਰੀਤਮ ਸਿੰਘ ਹੋਰਾਂ ਦੀ ਫਰੀਦਕੋਟ ਤੋਂ ਚਿੱਠੀ ਆਈ ਕਿ ਖੋਜ-ਨਿਬੰਧ ਸੰਬੰਧੀ ਮੈਨੂੰ ਆ ਕੇ ਮਿਲ। ਡਰਦਾ-ਡਰਦਾ ਮੈਂ ਉਨ੍ਹਾਂ ਕੋਲ ਗਿਆ। ਨਾਲ ਆਪਣੀ ਖੇਹ-ਸਵਾਹ ਜੋ ਲਿਖੀ ਸੀ ਲੈ ਗਿਆ। ਵੇਖਣ ਉੱਤੇ ਉਹ ਹੈਰਾਨ ਵੀ ਹੋਏ ਤੇ ਗੁੱਸੇ ਵੀ। ਕਹਿਣ ਲੱਗੇ, "ਇਹ ਡਾ. ਹਰਨਾਮ ਸਿੰਘ ਸ਼ਾਨ ਵਾਲੀ ਕਹਾਣੀ ਦਾ ਖਹਿੜਾ ਛੱਡ। ਸ਼ਾਨ ਤਾਂ ਕਹਿੰਦਾ ਹੈ ਕਿ ਬਾਬਾ ਨਾਨਕ ਪਹਿਲਾ ਸਾਹਿਤ ਆਲੋਚਕ ਸੀ ਤੇ ਪੰਜਾਬੀ ਵਿਚ ਆਲੋਚਨਾ ਦੀ ਉਮਰ 500 ਸਾਲ ਹੈ। ਬੇੜਾ ਗਰਕ! ਕੰਨ ਖੋਲ੍ਹ ਕੇ ਸੁਣ ਲੈ। ਪੰਜਾਬੀ ਵਿਚ ਆਲੋਚਨਾ ਦਾ ਪ੍ਰਵੇਸ਼ ਪੱਛਮੀ ਸੰਪਰਕ ਦਾ ਸਿੱਟਾ ਹੈ। ਆਪਾਂ ਏਥੋਂ ਗੱਲ ਸ਼ੁਰੂ ਕਰਨੀ ਹੈ।" ਸੁਣ ਕੇ ਮੇਰੇ ਕਪਾਟ ਖੁੱਲ ਗਏ।

"ਲਿਆ ਤੇਰੇ ਸਨਾਪਸਿਜ਼ ਬਣਾ ਦਿਆਂ।" ਉਹਨਾਂ ਸਾਰਾ ਕੁਝ ਆਰੰਭ ਤੋਂ ਅੰਤ ਤੱਕ ਕਾਂਡਾਂ ਵਿਚ ਵੰਡ ਕੇ ਦਿੱਤਾ ਤੇ ਕਿਹਾ, "ਜਾ ਘਰ ਜਾ ਕੇ ਸਾਰਾ ਕੁਝ ਦੁਬਾਰਾ ਲਿਖ ਕੇ ਲਿਆ।"

ਘਰ ਨੂੰ ਵਾਪਸ ਮੁੜਦਿਆਂ ਮੈਂ ਸੋਚਦਾ ਆਇਆ ਕਿ " ਬੱਚੂ ਹੁਣ ਪਤਾ ਲੱਗੂ ਕਿ ਆਲੋਚਨਾ ਤੇ ਖੋਜ ਕਿਸ ਬਲਾ ਦਾ ਨਾਮ ਹੈ। ਤੂੰ ਵੀ ਤਿੜ ਕੇ - ਔਖਾ ਵਿਸ਼ਾ ਚੁਣ ਲਿਆ ਸੀ। ਹੁਣ ਜਦੋਂ ਪ੍ਰਿੰਸੀਪਲ ਸਾਹਿਬ ਦੇ ਵੇਲਣੇ ਵਿਚ ਦੀ ਨਿਕਲੇਂਗਾ ਤਾਂ ਹੱਡਾਂ ਦੇ ਕੜਾਕੇ ਨਿਕਲਣਗੇ।" ਤੇ ਮੈਨੂੰ ਬਚਪਨ ਵਿਚ ਕਮਾਦ ਪੀੜਦੇ ਗੰਨਿਆਂ ਦਾ ਚੇਤਾ ਆਇਆ। ਗੰਨੇ-ਭਾਵੇਂ ਕਿੰਨੇ ਵਿੰਗੇ ਤੇ ਮੋਟੇ ਹੁੰਦੇ ਸੀ, ਇਕ ਵਾਰ ਧੱਕ ਕੇ ਦੋਹਾਂ ਵੇਲਣਿਆਂ ਦੇ ਮੂੰਹ ਅੱਗੇ ਧੱਕ ਕੇ ਦੇ ਦਿਓ, ਸਾਰੇ ਵਲ ਵਿੰਗ ਨਿਕਲ ਜਾਂਦੇ ਸਨ।

ਮੇਰਾ ਹਾਲ ਵੀ ਇਹੋ ਜਿਹਾ ਹੋਇਆ ਪਿਆ ਸੀ। ਘਰ ਆ ਕੇ ਦੁਬਾਰਾ ਲਿਖਣਾ ਸ਼ੁਰੂ ਕੀਤਾ।

ਉਹਨਾਂ ਦਿਨਾਂ ਵਿਚ ਨਾ ਟੈਲੀਫੋਨ ਹੁੰਦਾ ਸੀ ਤੇ ਨਾ ਪਿੰਡਾਂ ਵਿਚ ਬਿਜਲੀ। ਅੱਧੀ-ਅੱਧੀ ਰਾਤ ਤੀਕ ਮੈਂ, ਰੋਜ਼ ਇੱਕ ਕਾਂਡ ਲਿਖ ਕੇ ਬਾਰਾਂ ਵਜੇ ਰਾਤ ਨੂੰ ਸੌਂਦਾ। ਨੀਂਦ ਆਉਂਦੀ ਵੀ ਕਿੱਦਾਂ। ਪਰ ਮੈਂ ਲਿਖਣ ਨੂੰ ਤਕੜਾ ਸੀ। ਪੰਦਰਾਂ ਵੀਹ ਦਿਨਾਂ ਬਾਅਦ ਮੈਂ ਸਾਰਾ ਕੁਝ ਆਪਣੇ ਵਲੋਂ ਮੁਕੰਮਲ ਕਰ, ਦੁਬਾਰਾ ਜਾ ਫਰੀਦਕੋਟ, ਪ੍ਰਿੰਸੀਪਲ ਸਾਹਿਬ ਦੇ ਪੇਸ਼ ਹੋਇਆ। ਡਰਦਾ, ਕੰਬਦਾ। ਕਹਿਣ ਲੱਗੇ, "ਚੱਲ ਪਹਿਲਾਂ ਰੋਟੀ ਖਾਈਏ। ਫਿਰ ਦੇਖਾਂਗੇ ਤੂੰ ਕੀ ਕੜ੍ਹੀ ਘੋਲੀ ਹੈ।"

"ਕੜ੍ਹੀ ਘੋਲੀ" ਮੁਹਾਵਰਾ ਸੁਣਕੇ ਮੇਰੇ ਕੰਨ ਖੜ੍ਹੇ ਹੋ ਗਏ। ਮੈਂ ਸੋਚਿਆ, ਹੁਣ ਪਤਾ ਲੱਗੂ। ਡਰਦੇ ਡਰਦੇ ਮੈਂ ਉਹਨਾਂ ਦੇ ਖਾਣ-ਕਮਰੇ ਵਿਚ ਰੋਟੀ ਉੱਗਲ-ਨਿੱਗਲ ਕੀਤੀ। ਵਿਹਲੇ ਹੋ ਕੇ ਉਹਨਾਂ ਮੇਰੇ ਕੰਮ ਤੇ ਝਾਤੀ ਮਾਰੀ।



ਆਖਣ ਲੱਗੇ, "ਹਾਲੀਂ ਹੋਰ ਮਿਹਨਤ ਦੀ ਲੋੜ ਹੈ।" ਵਿਚੋਂ ਵਿਚੋਂ ਟੋਟਕੇ ਸੁਣੇ ਤੇ ਨਾਲ-ਨਾਲ ਟਿੱਪਣੀ ਵੀ ਕਰੀ ਗਏ। ਮੈਂ ਉਹਨਾਂ ਦਾ ਬੋਲਿਆ ਹਰ ਸ਼ਬਦ ਨਾਲੋਂ-ਨਾਲ ਲਿਖੀ ਗਿਆ। ਕਹਿਣ ਲੱਗੇ, "ਫਲਾਣੀ-ਫਲਾਣੀ ਕਿਤਾਬ ਪੜ੍ਹ। ਤੇ ਮੇਰੇ ਦੱਸੇ ਅਨੁਸਾਰ ਸਾਰਾ ਕੁਝ ਦੁਬਾਰਾ ਲਿਖ ਕੇ ਲਿਆ।"

ਜੀ-ਭਿਆਣਾ ਹੋ ਮੈਂ ਵਾਪਿਸ ਘਰ ਪਰਤਿਆ। ਤੇ ਸਾਰਾ ਕੁਝ ਦੁਬਾਰਾ ਲਿਖਣ ਬੈਠ ਗਿਆ। ਉੱਤੋਂ ਇਮਤਿਹਾਨ ਨੇੜੇ ਆ ਰਿਹਾ ਸੀ। ਬਾਕੀ ਦੇ ਤਿੰਨ ਪਰਚੇ ਵੀ ਤਿਆਰ ਕਰਨੇ ਸਨ। ਸਭ ਤੋਂ ਵੱਧ ਡਰ ਮੈਨੂੰ ਭਾਸ਼ਾ-ਵਿਗਿਆਨ ਤੋਂ ਆਉਂਦਾ ਸੀ। ਇਸ ਪਰਚੇ ਵਿਚ ਗੱਪਾਂ ਨਹੀਂ ਚੱਲਦੀਆਂ। ਠੋਸ ਗੱਲ ਕਰਨੀ ਪੈਂਦੀ ਹੈ।

ਮੈਂ ਟੀਚਾ ਮਿੱਥ ਲਿਆ ਕਿ ਹਰ ਰੋਜ਼ ਪ੍ਰਿੰਸੀਪਲ ਸਾਹਿਬ ਦੇ ਦੱਸੇ ਅਨੁਸਾਰ, ਇੱਕ ਲੇਖ ਸੋਧ ਕੇ, ਫਿਰ ਰਾਤ ਨੂੰ ਸੌਣਾ ਹੈ। ਕੰਮ ਮੁਕਾ, ਮੈਂ ਫਿਰ ਜਾ ਪੇਸ਼ ਹੋਇਆ। ਕਹਿਣ ਲੱਗੇ

"ਮੈਨੂੰ ਇਹ ਸਾਰਾ ਕੁਝ ਦੇ ਜਾ। ਸਾਡੇ ਕਾਲਜ ਵਿਚ ਕੁਝ ਦਿਨਾਂ ਤਾਈਂ ਪੰਜਾਬ ਦਾ ਗਵਰਨਰ ਦੌਰੇ ਤੇ ਆ ਰਿਹਾ ਹੈ। ਮੈ ਹਾਲੀਂ ਰੁੱਝਿਆ ਹੋਇਆ ਹਾਂ। ਦੌਰੇ ਤੋਂ ਬਾਅਦ ਤੇਰਾ ਕੰਮ ਚੈੱਕ ਕਰਾਂਗਾ। ਹੁਣ ਤੂੰ ਘਰ ਚਲਾ ਜਾ।"

ਸੁਣ ਕੇ ਸੁੱਖ ਦਾ ਸਾਹ ਆਇਆ। ਉਹਨੀਂ ਦਿਨੀਂ ਫਰੀਦਕੋਟ ਕਾਲਜ ਵਿਚ ਪੰਜਾਬੀ ਵਿਭਾਗ ਵਿਚ ਪ੍ਰੋ. ਕਰਮਜੀਤ ਸਿੰਘ (ਸਵਰਗੀ) ਕੰਮ ਕਰਦੇ ਹੁੰਦੇ ਸਨ। ਮੇਰੇ ਉਹ ਕਵੀ ਵਜੋਂ ਕੁਝ-ਕੁਝ ਜਾਣੂ ਸਨ। ਮੈਂ ਉਹਨਾਂ ਨੂੰ ਕਿਹਾ ਕਿ ਕਿਸੇ ਤਰ੍ਹਾਂ ਪ੍ਰਿੰਸੀਪਲ ਸਾਹਿਬ ਨਾਲ, ਮੇਰੇ ਖੋਜ-ਨਿਬੰਧ ਬਾਰੇ ਗੱਲ ਚਲਾਵੀਂ ਤੇ ਦੱਸੀਂ ਕਿ ਸਲਾਨਾ ਪ੍ਰੀਖਿਆ ਨੇੜੇ ਆਣ ਢੁੱਕੀ ਹੈ। ਬਾਕੀ ਤਿੰਨ ਪਰਚੇ ਵੀ ਤਿਆਰ ਕਰਨੇ ਹਨ। ਕਿਸੇ ਤਰ੍ਹਾਂ ਹੁਣ ਮੈਨੂੰ ਦੁਬਾਰਾ ਸੋਧਣ ਲਈ ਨਾ ਕਹਿਣ।"

ਉਹ ਕਹਿਣ ਲੱਗੇ, "ਯਾਰ ਖੋਜ-ਪੜਚੋਲ ਦੇ ਮਾਮਲੇ ਵਿਚ ਉਹ ਕਿਸੇ ਦਾ ਕਦੀ ਲਿਹਾਜ਼ ਨਹੀਂ ਕਰਦੇ। ਕਿਸੇ ਢੰਗ ਨਾਲ ਸ਼ਾਮ ਨੂੰ ਇਕੱਠੇ ਸੈਰ ਕਰਦੇ ਸਮੇਂ ਗੱਲ ਕਰਾਂਗਾ।"

ਪ੍ਰਿੰਸੀਪਲ ਸਾਹਿਬ ਗਵਰਨਰ ਦੇ ਦੌਰੇ ਤੋਂ ਵਿਹਲੇ ਹੋਏ ਤਾਂ ਉਹਨਾਂ ਨੂੰ ਮੇਰੇ ਕੰਮ ਦਾ ਚੇਤਾ ਆਇਆ। ਉਹਨਾਂ ਨੂੰ ਮੇਰੇ ਕੰਮ ਤੇ ਤਸੱਲੀ ਨਹੀਂ ਸੀ ਹੋਈ। ਸੋ ਦੁਬਾਰਾ ਜਾਣਾ ਪਿਆ। ਮਿਲਣ ਉੱਤੇ ਕਹਿਣ ਲੱਗੇ, "ਅਜੇ ਹੋਰ ਮਿਹਨਤ ਤੇ ਸੋਧ ਦੀ ਲੋੜ ਹੈ। ਜੋ ਕਿਤਾਬਾਂ ਮੈਂ ਪੜ੍ਹਨ ਲਈ ਤਜਵੀਜ ਕੀਤੀਆਂ ਸਨ, ਤੂੰ ਉਹਨਾਂ ਵਿਚੋਂ ਕੋਈ ਵੀ ਨਹੀਂ ਪੜ੍ਹੀ। ਜੇ ਤੂੰ ਇਸ ਔਖੇ ਪਰ ਅਣਛੋਹੇ ਵਿਸ਼ੇ ਉੱਤੇ ਹੋਰ ਡੂੰਘਾ ਅਧਿਐਨ ਕਰ ਲਵੇਂ ਤਾਂ ਇਹ ਇਕ ਪ੍ਰਮਾਣਿਕ ਖੋਜ ਨਿਬੰਧ ਬਣ ਜਾਵੇਗਾ, ਇੱਕ ਸੰਦਰਭ-ਗ੍ਰੰਥ। ਆਉਣ ਵਾਲੇ ਲੇਖਕ ਇਸ ਦਾ ਹਵਾਲਾ ਦਿਆ ਕਰਨਗੇ।"

ਮੈਂ ਕੀ ਆਖਦਾ। ਨਿਰਾਸ਼ ਹੋਇਆ ਖਰੜਾ ਕੱਛੇ ਮਾਰ ਵਾਪਸ ਫੱਤੂ ਚੱਕ ਪਰਤ ਆਇਆ। ਗ਼ਿੱਲ ਪੁੱਛਣ ਲੱਗਾ, "ਕੀ ਕਿਹਾ ਪ੍ਰੀਤਮ ਸਿੰਘ ਹੋਰਾਂ ਨੇ?" ਮੈਂ ਕੀ ਦੱਸਦਾ, ਹੱਸਦੇ ਹੋਏ ਮੇਰੇ

ਮੂੰਹੋਂ ਨਿਕਲ ਗਿਆ, "ਉਹ ਆਖਦੇ ਨੇ ਤੈਨੂੰ ਇਸ ਵਿਸ਼ੇ ਉੱਤੇ ਪੀ.ਐਚ.ਡੀ. ਕਰਵਾਉਣੀ ਹੈ।"

ਰਾਹ ਵਿਚ ਆਉਂਦੇ ਮੈਂ ਜਲੰਧਰ ਦੇ ਕਾਫੀ ਹਾਊਸ ਦਮ ਮਾਰਨ ਲਈ ਅਟਕਿਆ। ਉੱਥੇ ਰਿਜਨਲ ਸੈਂਟਰ ਦੇ ਆਲੋਚਕ ਤੇ ਵਿਦਵਾਨ ਡਾ. ਅਮਰਜੀਤ ਸਿੰਘ ਗੋਰਕੀ, ਮਿਲੇ। ਮੈਂ ਉਹਨਾਂ ਨੂੰ ਆਪਣਾ ਦੁੱਖ ਦੱਸਿਆ। ਕਹਿਣ ਲੱਗੇ, "ਇੰਝ ਕਰ, ਸਾਰੇ ਲੇਖਾਂ ਦੇ ਪਹਿਲੇ ਸਫੇ ਸੋਧ ਕੇ ਲਿਖ ਦੇ ਤੇ ਬਾਕੀ ਦੇ ਉਸ ਤਰ੍ਹਾਂ ਰਹਿਣ ਦੇ।"

ਮੈਨੂੰ ਉਸਦੀ ਤਜਵੀਜ ਠੀਕ ਲੱਗੀ। ਘਰ ਆ ਕੇ ਮੈ ਇੰਝ ਹੀ ਕੀਤਾ ਤੇ ਹਫ਼ਤੇ ਬਾਅਦ ਫਿਰ ਫਰੀਦਕੋਟ ਜਾ ਪ੍ਰਿੰਸੀਪਲ ਸਾਹਿਬ ਦੀ ਬੈੱਲ ਖੜਕਾਈ। ਨਾਲ ਹੀ ਨੇੜੇ ਆ ਰਹੇ ਇਮਤਿਹਾਨ ਦੀ ਤਿਆਰੀ ਦੀ ਮੁਸ਼ਕਿਲ ਵੀ ਦਬਵੇਂ ਜਿਹੇ ਲਹਿਜ਼ੇ ਵਿਚ ਦੱਸੀ। ਸ਼ਾਇਦ ਡਾ. ਕਰਮਜੀਤ ਸਿੰਘ ਹੋਰਾਂ ਵੀ ਮੇਰੇ ਬਾਰੇ ਗੱਲ ਕੀਤੀ ਹੋਵੇਗੀ। ਉਹਨਾਂ ਨੇ ਮੇਰੇ ਕੀਤੇ ਕੰਮ ਦੀ ਹਾਮੀ ਭਰ ਦਿੱਤੀ ਤੇ ਮੇਰੇ ਤੇ ਦਿਆਲ ਹੁੰਦੇ ਹੋਏ ਖੋਜ-ਨਿਬੰਧ ਦੀ ਭੂਮਿਕਾ ਵੀ ਖ਼ੁਦ ਲਿਖਵਾ ਦਿੱਤੀ। ਮੇਰੇ ਸਿਰ ਤੋਂ ਮਣਾ-ਮੂੰਹੀ ਭਾਰ ਲਹਿ ਗਿਆ ਤੇ ਮੈਂ ਸੁਰਖ਼ਰੂ ਅਨੁਭਵ ਕੀਤਾ। ਘਰ ਨੂੰ ਵਾਪਸ ਪਰਤਦੇ ਹੋਏ ਮੈਨੂੰ ਇੰਝ ਪ੍ਰਤੀਤ ਹੋਇਆ, ਜਿਵੇਂ ਮੈਂ ਹਵਾ ਵਿਚ ਉੱਡਦਾ ਜਾ ਰਿਹਾ ਹੋਵਾਂ।

ਘਰ ਆ ਕੇ ਸੁਰਿੰਦਰ ਗਿੱਲ ਤੇ ਪਰਿਵਾਰ ਨੂੰ ਦੱਸਿਆ। ਖੋਜ-ਨਿਬੰਧ ਟਾਈਪ ਕਰਨ ਲਈ ਦੇ ਦਿੱਤਾ। ਜਿਲਦ ਬੰਨ੍ਹਵਾ ਕੇ ਚਾਰ ਕਾਪੀਆਂ, ਯੂਨੀਵਰਸਿਟੀ ਨੂੰ ਵਕਤ ਸਿਰ ਭੇਜ ਦਿੱਤੀਆਂ ਤੇ ਵਿਹਲਾ ਹੋ ਕੇ ਦੂਸਰੇ ਪਰਚਿਆਂ ਦੀ ਤਿਆਰੀ ਕਰਨ ਲੱਗਾ।

ਖੋਜ-ਨਿਬੰਧ ਦੇ ਪਰਚੇ ਤੇ ਚੰਗੇ ਨੰਬਰ ਲੱਗ ਗਏ ਤੇ ਮੇਰੀ ਐਮ.ਏ. ਮੁਕੰਮਲ ਹੋ ਗਈ। ਇਹ ਨਿਬੰਧ ਉੱਤੇ ਨਜ਼ਰ ਮਾਰਨ ਲਈ ਪ੍ਰਿੰ. ਸੰਤ ਸਿੰਘ ਸੇਖੋਂ ਨੇ ਜੰਡਿਆਲੇ ਕਾਲਜ ਹੁੰਦੇ ਹੋਏ ਇਹ ਮੰਗਵਾਇਆ। ਮੈਨੂੰ ਖ਼ੁਸ਼ੀ ਹੋਈ। ਉਥੇ ਕਿਤੇ ਮਿਲਣ ਲਈ ਜੀਵਨ ਸਿੰਘ ਲਾਹੌਰ ਬੁੱਕ ਸ਼ਾਪ ਵਾਲਾ ਸੇਖੋਂ ਸਾਹਿਬ ਕੋਲ ਆਇਆ ਤੇ ਉਹਨਾਂ ਕੋਲੋਂ ਇਹ ਥੀਸਿਸ ਚੁੱਕ ਕੇ ਲੈ ਗਿਆ। ਜਾਂਦਿਆਂ ਹੀ ਉਸ ਛਾਪ ਦਿੱਤਾ ਤੇ ਮੈਨੂੰ ਰਜ਼ਾਮੰਦੀ ਲਈ ਲੁਧਿਆਣਾ ਸੱਦਿਆ। ਕਿਤਾਬ ਛਾਪ ਕੇ ਉਹ ਹਰ ਸਾਲ ਮੈਨੂੰ ਸੌ-ਪੰਜਾਹ ਰੁਪਏ ਰਾਇਲਟੀ ਵੀ ਦੇ ਦਿੰਦਾ।

ਇਹ ਸਭ ਮਾਣ ਮੈਨੂੰ ਏਸੇ ਕਾਰਨ ਮਿਲਿਆ ਸੀ ਕਿ ਮੈਂ ਇਹ ਸਾਰਾ ਕੁਝ ਪ੍ਰਿੰ. ਪ੍ਰੀਤਮ ਸਿੰਘ ਦੀ ਕਰੜੀ ਨਿਗਰਾਨੀ ਹੇਠ ਕੀਤਾ ਸੀ।

ਅਗਲੇ ਤੋਂ ਅਗਲੇਰੇ ਵਰ੍ਹਿਆਂ ਵਿਚ ਕੇਂਦਰੀ ਲੇਖਕ ਸਭਾ ਵਿਚ ਕੰਮ ਕਰਦਿਆਂ ਅਕਸਰ ਹੀ ਉਹਨਾਂ ਨਾਲ ਮੁਲਾਕਾਤ ਹੁੰਦੀ ਰਹੀ। ਜਦੋਂ ਪ੍ਰਿੰਸੀਪਲ ਪ੍ਰੀਤਮ ਸਿੰਘ ਹੋਰੀਂ (1977-83) ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਰਹੇ ਤਾਂ ਉਹਨਾਂ ਦੇ ਨਾਲ ਡਾ. ਰਘਬੀਰ ਸਿੰਘ ਹੋਰੀਂ ਜਨਰਲ ਸਕੱਤਰ ਸਨ। ਉਹ ਇਕ ਵਾਰ ਕਹਿਣ ਲੱਗੇ ਕਿ ਪ੍ਰਿੰਸੀਪਲ ਸਾਹਿਬ ਨਾਲ ਕੰਮ ਕਰਦਿਆਂ ਮੈਨੂੰ ਕਈ ਅਲੋਕਾਰ ਗੱਲਾਂ ਦਾ ਪਤਾ ਲੱਗਾ ਹੈ। ਉਹ



ਆਪਣੀਆਂ ਲਿਖਤਾਂ ਲਿਖਦਿਆਂ ਤੇ ਉਤਾਰਾ ਕਰਦਿਆਂ ਕਦੇ ਕਾਗਜ਼ ਦਾ ਇੱਕ ਟੁਕੜਾ ਜਾਂ ਪੁਰਜ਼ਾ ਵੀ ਜਾਇਆ ਨਹੀਂ ਕਰਦੇ। ਉਹ ਡਾਕ ਵਿਚ ਆਈ ਹਰ ਚਿੱਠੀ ਦੇ ਪੁੱਠੇ ਪਾਸੇ, ਆਪਣੇ ਕਈ ਕੀਮਤੀ ਲੇਖ ਜਾਂ ਖੋਜ-ਪੱਤਰ ਲਿਖ ਲੈਂਦੇ ਸਨ ਤੇ ਮਗਰੋਂ ਇਹਨਾਂ ਪੁਰਜ਼ਿਆਂ ਨੂੰ ਟਾਈਪ ਕਰਵਾ ਲੈਂਦੇ ਹੁੰਦੇ ਸਨ। ਅਜਿਹੀ ਸਥਿਤੀ ਤਾਂ ਖ਼ੁਦ ਮੈਨੂੰ ਜੇਲ੍ਹ ਵਿਚ ਨਜ਼ਰਬੰਦ ਹੋਏ ਨੂੰ ਨਹੀਂ ਸੀ ਆਈ।

ਮੇਰੀ ਬੜੀ ਰੀਝ ਹੁੰਦੀ ਸੀ ਕਿ ਮੈਂ ਆਪਣਾ ਕੀਤਾ ਕੋਈ ਸਾਹਿਤਕ ਕੰਮ ਉਹਨਾਂ ਨੂੰ ਭੇਜ ਕੇ ਰਾਏ ਲਵਾਂ ਜਾਂ ਜੇ ਸੰਭਵ ਹੋਵੇ ਤਾਂ ਥਾਪੜਾ ਲਵਾਂ। ਪਰ ਇੱਕ ਝਿਜਕ ਜਿਹੀ ਵੀ ਹੁੰਦੀ ਸੀ ਕਿ ਕੀ ਪਤਾ ਮੇਰੀ ਲਿਖੀ ਰਚਨਾ ਉਹਨਾਂ ਨੂੰ ਪਸੰਦ ਵੀ ਆਵੇਗੀ ਜਾਂ ਨਹੀਂ। ਇਸ ਲਈ ਮੈਂ ਆਪਣੀ ਰੀਝ ਨੂੰ ਦਬਾ ਛੱਡਦਾ ਸੀ ਜਾਂ ਚੁੱਪ ਕਰ ਰਹਿੰਦਾ ਸੀ।

ਪੰਜਾਬ ਸੰਕਟ ਦੇ ਅੰਤਲੇ ਵਰ੍ਹਿਆਂ ਵਿਚ ਮੈਂ ਸ਼ਾਹ ਮੁਹੰਮਦ ਦੀ ਕਾਵਿ-ਸ਼ੈਲੀ ਤੋਂ ਪ੍ਰਭਾਵਤ ਹੋ ਕੇ ਬੈਂਤ ਛੰਦ ਵਿਚ 'ਜੰਗਨਾਮਾ ਪੰਜਾਬ' ਲਿਖਿਆ। ਜਿਸ ਦੇ ਸ਼ੁਰੂ ਵਿਚ 80 ਬੰਦ ਸਨ। ਛਪਣ ਉੱਤੇ ਹੋਰਨਾਂ ਕਈ ਲੇਖਕਾਂ ਦੇ ਨਾਲ-ਨਾਲ ਮੈਂ ਇੱਕ ਕਾਪੀ ਉਨ੍ਹਾਂ ਨੂੰ ਵੀ ਭੇਜੀ। ਇਸ ਦੇ ਉੱਤਰ ਵਜੋਂ ਉਹਨਾਂ ਨੇ ਜੰਗਨਾਮੇ ਬਾਰ ਦੋ ਸਫ਼ਿਆਂ ਦੀ ਲੰਮੀ ਚਿੱਠੀ ਲਿਖ ਕੇ ਭੇਜੀ। ਉਂਝ ਤਾਂ ਸਾਰੀ ਚਿੱਠੀ ਹੀ ਹਵਾਲੇ ਵਜੋਂ ਤੇ ਉਹਨਾਂ ਦੀ ਲਿਖਤ ਦੇ ਪ੍ਰਮਾਣ ਵਜੋਂ ਛਪਣ-ਯੋਗ ਹੈ, ਪਰ ਥਾਂ ਦੀ ਘਾਟ ਕਾਰਨ ਕੁਝ ਹਿੱਸੇ ਹੀ ਏਥੇ ਪੇਸ਼ ਕਰਦਾ ਹਾਂ,

"ਕੱਲ੍ਹ ਦਾ ਅੱਧਾ ਦਿਨ ਮੈਂ ਤੁਹਾਡੀ ਭੇਜੀ ਪੁਸਤਕ "ਜੰਗਨਾਮਾ ਪੰਜਾਬ" ਦਾ ਸੁਆਦ ਲੈਣ ਵਿਚ ਲਾਇਆ। ਤੁਸੀਂ ਸੱਚਮੁੱਚ ਹੀ ਬੜੀ ਟੁੰਬਣ ਵਾਲੀ ਚੀਜ਼ ਰਚੀ ਹੈ।

ਨਾਲ ਹੀ ਉਹਨਾਂ ਨੇ ਆਪਣੇ ਬੜੇ ਠੋਸ ਤੇ ਸਾਰਥਕ ਸੁਝਾਅ ਦਿੰਦਿਆਂ ਲਿਖਿਆ -

"ਮੇਰਾ ਸੁਝਾਅ ਹੈ ਕਿ ਤੁਸੀਂ ਇਸ ਰਚਨਾ ਨੂੰ ਜਿਵੇਂ ਵੀ ਇਹ ਹੈ, ਉਸੇ ਤਰ੍ਹਾਂ ਰਹਿਣ ਦਿਓ। ਪਰ ਇਸ ਛੰਦ ਵਿਚ ਸ਼ਾਹ ਮੁਹੰਮਦ ਵਾਲੀ ਕਲਮ ਨਾਲ ਚਾਰ ਤੁਕੀਏ ਬੰਦ ਦੀ ਥਾਂ, ਅੱਠ ਤੁਕੀਏ ਬੰਦ ਜਾਂ ਛੋਟੇ ਵੱਡੇ ਬੰਦਾਂ ਵਾਲੀ ਇਕ ਹੋਰ ਵਡੇਰੀ ਰਚਨਾ ਤਿਆਰ ਕਰੋ। ਸ਼ਾਹ ਮੁਹੰਮਦ ਦਾ ਕੈਨਵਸ ਤੁਹਾਡੇ ਨਾਲੋਂ ਵੱਡਾ ਹੈ। ਤੁਸੀਂ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਨਹੀਂ, ਇੱਕ ਤਰ੍ਹਾਂ ਦਿੱਲੀ ਤੇ ਪੰਜਾਬ ਦੀ ਲੜਾਈ ਦਾ ਬਿਆਨ ਕਰਨਾ ਹੈ। ਸਿਆਸੀ ਗੁੰਝਲਾਂ ਤੇ ਸਾਜ਼ਿਸ਼ਾਂ ਤੇ ਪਰਸਪਰ ਭੇਦਾਂ ਵਾਲੇ ਸਿਆਸੀ ਦਲਾਂ ਦੇ ਵੱਖ-ਵੱਖ ਰੋਲ, ਉਨ੍ਹਾਂ ਦੇ ਦਾਅਵਿਆਂ ਤੇ ਪ੍ਰਾਪਤੀਆਂ ਨੂੰ ਤੋਲ ਕੇ ਅੰਤਲੀ ਤ੍ਰਾਸਦੀ ਵੱਲ ਵੇਖਣਾ ਹੈ। ਇਸ ਲਈ ਤੁਹਾਡਾ ਕੈਨਵਸ, ਸ਼ਾਹ ਮੁਹੰਮਦ ਤੋਂ ਵੱਡਾ ਭਾਵੇਂ ਹੋਵੇ, ਛੋਟਾ ਨਹੀਂ ਹੋਣਾ ਚਾਹੀਦਾ। ਤੁਸੀਂ ਆਪਣੀ ਪਾਰਟੀ ਤੋਂ ਉਪਰਲੇ ਮੰਚ ਉੱਤੇ ਖੜ੍ਹੇ ਹੋ ਕੇ ਜੰਗ ਨੂੰ ਵੇਖਣਾ, ਸਮਝਣਾ ਤੇ ਬਿਆਨਣਾ ਹੈ - ਨਿਰਪੱਖ, ਨਿਰਦਲੀਆ ਤੇ ਹਮਦਰਦ। ਇੱਕੋ ਵੇਲੇ ਨਿਰਪੱਖਤਾ ਤੇ ਹਮਦਰਦੀ ਦਾ ਜੋ ਸੁਮੇਲ ਸ਼ਾਹ ਮੁਹੰਮਦ ਪੇਸ਼ ਕਰ ਸਕਿਆ ਹੈ, ਉਹ ਲਾਮਿਸਾਲ ਹੈ। ਤੁਸੀਂ ਉਸਨੂੰ ਆਪਣਾ ਆਦਰਸ਼ ਬਣਾ ਕੇ ਜਦੋਂ ਆਪਣਾ ਨਵਾਂ ਕਿੱਸਾ ਲਿਖੋਗੇ ਤਾਂ ਮੈਨੂੰ ਲੱਗਦਾ ਹੈ ਕਿ ਤੁਹਾਡਾ ਵੱਡੇ ਕੈਨਵਸ ਉੱਤੇ

ਪੇਸ਼ ਕੀਤਾ ਚਿੱਤਰ ਤੁਹਾਡੇ ਹਾਣ ਦਾ ਹੋ ਨਿਬੜੇਗਾ। ਤੁਹਾਡੀ ਕਲਮ ਨੂੰ ਆਪਣੇ ਜੌਹਰ ਵਿਖਾਉਣ ਲਈ 'ਜੰਗਨਾਮਾ ਪੰਜਾਬ' ਨਾਲੋਂ ਵਡੇਰੇ ਮੈਦਾਨ ਦੀ ਲੋੜ ਹੈ।

ਤੁਹਾਡਾ ਪ੍ਰਸ਼ੰਸਕ

(ਪ੍ਰੀਤਮ ਸਿੰਘ ਪ੍ਰੋ.)

ਸ਼ਾਇਦ ਇਸੇ ਹੀ ਚਿੱਠੀ ਦਾ ਅਚੇਤ ਜਾਂ ਸੁਚੇਤ ਪ੍ਰਭਾਵ ਸੀ ਕਿ 'ਜੰਗਨਾਮਾ ਪੰਜਾਬ' ਦੀ ਦੂਸਰੀ ਐਡੀਸ਼ਨ ਵਿਚ ਕਾਵਿ-ਬੰਦ ਅੱਸੀ ਦੀ ਥਾਂ 256 ਹੋ ਗਏ ਸਨ ਅਤੇ ਇਹ ਵਧੇਰੇ ਵਿਸਤਰਿਤ, ਠੋਸ ਤੇ ਪ੍ਰਭਾਵਸ਼ਾਲੀ ਹੋ ਗਿਆ ਸੀ। ਹੁਣ ਤੀਕ ਉਸ ਦੀਆਂ ਕੈਨੇਡਾ, ਅਮਰੀਕਾ ਤੇ ਪਾਕਿਸਤਾਨ ਵਿਚ ਚਾਰ ਪੰਜ ਐਡੀਸ਼ਨਾਂ ਉਰਦੂ ਤੇ ਪੰਜਾਬੀ ਵਿਚ ਛਪ ਚੁੱਕੀਆਂ ਹਨ ਤੇ ਬਾਰ-ਬਾਰ ਇਹ ਅਖ਼ਬਾਰਾਂ, ਰਸਾਲਿਆਂ ਵਿਚ ਕਿਸ਼ਤਵਾਰ ਛਪ ਰਿਹਾ ਹੈ।

1997 ਦੇ ਸਾਲ ਵਿਚ ਪੰਜਾਬ ਵਿਚ ਅਕਾਲੀ ਸਰਕਾਰ ਬਣੀ। ਜਥੇਦਾਰ ਤੋਤਾ ਸਿੰਘ ਸਿੱਖਿਆ ਮੰਤਰੀ ਸੀ। ਉਨ੍ਹ ਨੇ ਪੰਜਾਬ ਵਿਚ ਸਾਰੇ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਕਰਾਰ ਦੇ ਦਿੱਤੀ। ਜਿਸਦੀ ਵਿਰੋਧਤਾ ਲਈ ਪ੍ਰਿੰ. ਪ੍ਰੀਤਮ ਸਿੰਘ ਹੋਰਾਂ ਨੇ ਕਈ ਲੇਖ ਲਿਖੇ, ਮੈਂ ਵੀ ਵਿਅੰਗਨਾਮਾ ਕਾਵਿ-ਸੰਗ੍ਰਹਿ ਦੇ ਕੁਝ ਹਿੱਸੇ ਅਖ਼ਬਾਰਾਂ ਵਿਚ ਛਪਵਾਏ, ਜਿਨ੍ਹਾਂ ਵਿਚ ਸ਼ਾਹ ਮੁਹੰਮਦ ਦੇ ਮੁਹਾਵਰੇ ਵਿਚ ਤਿੱਖਾ ਰਾਜਸੀ ਵਿਅੰਗ ਸੀ-

ਤੋਤਾ ਸਿੰਘ ਨੇ ਆਖਿਆ "ਖਾਲਸਾ ਜੀ
ਤੁਸਾਂ ਲਾਜ ਅੰਗਰੇਜ਼ੀ ਦੀ ਰੱਖਣੀ ਜੀ
ਜਦੋਂ ਮਿਲੇ ਕੜਾਹ, ਤਾਂ ਰੱਜ ਖਾਹੀਏ
ਰੇਤ ਟਿੱਬਿਆਂ ਦੀ ਕਾਹਤੋਂ ਫੱਕਣੀ ਜੀ।
ਬੋਲੀ ਗੋਰਿਆਂ ਦੀ, ਗੰਨੇ ਵਾਂਗ ਮਿੱਠੀ,
ਜ਼ਹਿਰ ਗੁਰਮੁਖੀ ਦੀ ਕਾਹਤੋਂ ਚੱਖਣੀ ਜੀ।
ਜਿਹੜੇ ਪੜ੍ਹਨ ਅੰਗਰੇਜ਼ੀ, ਬਣ ਜਾਣ ਅਫ਼ਸਰ,
"ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।"

ਪ੍ਰਿੰਸੀਪਲ ਸਾਹਿਬ ਨੇ ਆਪਣੇ 20-12-97 ਦੇ ਖ਼ਤ ਵਿਚ ਮੈਨੂੰ ਲਿਖਿਆ -

"ਤੋਤਾ ਸਿੰਘ ਹੁਰਾਂ ਦੇ ਨਾਂ ਲਿਖੀ ਹੋਈ ਨਜ਼ਮ ਨਿਰਾ ਬੰਬ ਸੀ। ਪੜ੍ਹਕੇ ਬੜਾ ਸੁਆਦ ਆਇਆ। ਆਸ ਤਾਂ ਇਹੀ ਹੈ ਕਿ ਹੁਣ ਪੰਜਾਬ ਸਰਕਾਰ ਪਹਿਲੀ ਤੋਂ ਅੰਗਰੇਜ਼ੀ ਚਾਲੂ ਕਰਨ ਵਾਲੇ ਪਾਗ਼ਲਪਨ ਦਾ ਬੁਖ਼ਾਰ ਲਾਹ ਦੇਵੇਗੀ। ਤੁਸੀਂ ਸ਼ਾਹ ਮੁਹੰਮਦੀ ਚੋਲਾ ਹੁਣ ਛੱਡਿਓ ਨਾ। ਇਹ ਵਧੀਆ ਸਲੋਤਰ ਦਾ ਕੰਮ ਕਰਦਾ ਹੈ। (ਪ੍ਰੀਤਮ ਸਿੰਘ)

ਹੌਲੀ-ਹੌਲੀ ਪਾਠਕਾਂ ਦੀ ਮਿਲੀ ਪ੍ਰਵਾਨਗੀ ਸਦਕਾ ਮੈਂ ਵਿਅੰਗਨਾਮੇ ਦੇ ਹੋਰ ਕਾਂਡ ਲਿਖੇ, ਜੋ 'ਦੇਸ਼ ਸੇਵਕ' ਤੇ 'ਨਵਾਂ-ਜ਼ਮਾਨਾ' ਵਿਚ ਛਪੇ। ਇਹਨਾਂ ਕਾਂਡਾਂ ਵਿਚ ਮੈਂ ਅਕਾਲੀ ਸਰਕਾਰ ਦੀਆਂ ਕਈ ਨੀਤੀਆਂ ਤੇ ਕਾਰਵਾਈਆਂ ਨੂੰ ਤਿੱਖੇ-ਤੇਜ਼ ਵਿਅੰਗ ਦਾ ਨਿਸ਼ਾਨਾ



ਬਣਾਇਆ। ਪ੍ਰਿੰਸੀਪਲ ਸਾਹਿਬ ਦਾ ਇੱਕ ਹੋਰ ਖ਼ਤ ਆਇਆ। ਉਹਨਾਂ ਲਿਖਿਆ -

"ਪਿਆਰੇ ਹੁੰਦਲ, ਤੁਸੀਂ ਸ਼ਾਹ ਮੁਹੰਮਦੀ ਤਨਜ਼ ਵਾਲਾ ਹਥਿਆਰ ਤਿੱਖਾ ਕਰੀ ਜਾਓ। ਇਹ ਬੜਾ ਕਾਰਗਾਰ ਹੈ। ਪੰਜਾਬ ਹੀ ਨਹੀਂ ਸਾਰੇ ਦੇਸ਼ ਦੀ ਰਾਜਨੀਤੀ ਨੂੰ ਲਪੇਟ ਵਿਚ ਲਵੋ। ਬੜੀ ਵਧੀਆ ਕਿਤਾਬ ਬਣ ਜਾਵੇਗੀ।" (ਮਿਤੀ 7-1-98 ਪ੍ਰਿੰ. ਪ੍ਰੀਤਮ ਸਿੰਘ ਪਟਿਆਲਾ)

ਇਸ ਰਾਜਨੀਤਿਕ ਭਾਂਤ ਦੇ ਵਿਅੰਗ ਰਾਹੀਂ ਮੈਂ ਜੋ ਆਪਣੇ ਗੁਰੂ-ਅਧਿਆਪਕ ਦਾ ਕੁਝ ਧਿਆਨ ਖਿੱਚ ਸਕਿਆ ਸੀ ਤਾਂ ਮੈਨੂੰ ਡਾਢੀ ਮਾਨਸਿਕ ਤਸੱਲੀ ਹੋਈ। ਮੈਂ ਉਹਨਾਂ ਦੇ ਦੱਸ ਸੁਝਾਅ ਅਨੁਸਾਰ ਇਸ ਵਿਅੰਗ-ਯੁੱਧ ਨੂੰ ਤਾਂ ਭਾਵੇਂ ਰਾਸ਼ਟਰੀ-ਪੱਧਰ ਤੇ ਫੈਲਾਅ ਨਾ ਸਕਿਆ, ਪਰ ਮੇਰੇ ਲਈ ਇਹ ਮਿਲੀ ਪ੍ਰਵਾਨਗੀ ਕੋਈ ਘੱਟ ਨਹੀਂ ਸੀ।

ਆਖਰੀ ਸਾਲਾਂ ਵਿਚ ਉਹਨਾਂ ਦੀ ਨਜ਼ਰ ਏਨੀ ਕਮਜ਼ੋਰ ਹੋ ਗਈ ਕਿ ਆਇਆ ਅਦਬ ਲਗਾਤਾਰ ਪੜ੍ਹਨਾ ਮੁਸ਼ਕਿਲ ਹੋ ਗਿਆ ਸੀ। ਉਹ ਆਪਣੇ ਸਟੈਨੋ ਦੀ ਸਹਾਇਤਾ ਨਾਲ ਜਾਂ ਖ਼ੁਦ ਸ਼ੀਸ਼ੇ ਨਾਲ ਚਿਰਾਗ਼ ਤ੍ਰੈ-ਮਾਸਿਕ ਦੀਆਂ ਸੰਪਾਦਕੀ ਟਿੱਪਣੀਆਂ ਪੜ੍ਹਦੇ ਤੇ ਆਪਣੇ ਪ੍ਰਤੀਕਰਮ ਲਿਖ ਕੇ ਭੇਜਦੇ। ਉਹਨਾਂ ਦੀ ਲਗਨ ਤੇ ਆਪਣੀ ਰਾਏ ਭੇਜਣ ਦਾ ਉੱਦਮ ਹੈਰਾਨੀਜਕ ਤਾਂ ਸੀ ਹੀ, ਮੇਰੇ ਵਰਗਿਆਂ ਲਈ ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਵੀ ਸੀ। ਮੈਨੂੰ ਵਾਰ-ਵਾਰ ਉਰਦੂ ਦਾ ਸ਼ਿਆਰ ਯਾਦ ਆਉਂਦਾ -

ਜਿਸ ਹਾਲ ਮੇਂ ਜੀਨਾ ਮੁਸ਼ਕਿਲ ਹੈ,
ਉਸ ਹਾਲ ਮੇਂ ਜੀਨਾ ਲਾਜ਼ਿਮ ਹੈ।

ਆਪਣੇ 28-2-99 ਦੇ ਇੱਕ ਖ਼ਤ ਵਿਚ ਚਿਰਾਗ਼ ਬਾਰੇ ਲਿਖਦੇ ਹਨ -

"ਹਰ ਚਿਰਾਗ਼ ਪਿਛਲੇ ਅੰਕ ਨਾਲੋਂ ਅੱਗੇ ਲੰਘਿਆ ਹੁੰਦਾ ਹੈ। ਮੈਂ ਅੱਖਾਂ ਦੀ ਮਜ਼ਬੂਰੀ ਕਰਕੇ ਸਾਰਾ ਪਰਚਾ ਤਾਂ ਪੜ੍ਹ ਨਹੀਂ ਸਕਦਾ, ਪਰ ਤੁਹਾਡੀਆਂ ਟਿੱਪਣੀਆਂ ਤੇ ਇੱਕ ਦੋ ਵਿਚਾਰਧਾਰਕ ਮਜ਼ਮੂਨ ਨਜ਼ਰ ਹੇਠੋਂ ਲੰਘਾ ਲੈਂਦਾ ਹਾਂ। ਤੁਹਾਡੀ ਮਿਹਨਤ ਤੇ ਵਿਚਾਰਧਾਰਾ ਉੱਤੇ ਦਿੱਤਾ ਪਹਿਰਾ ਸਲਾਹੁਣਯੋਗ ਹੈ।"

ਹਿਤੈਸ਼ੀ, ਪ੍ਰੀਤਮ ਸਿੰਘ

ਉਹਨਾਂ ਦੀ ਇੱਕ ਸਿਫ਼ਤ ਮੈਂ ਹੋਰ ਨੋਟ ਕੀਤੀ ਹੈ ਕਿ ਉਹ ਰਸਮੀਂ ਜਿਹੇ ਖ਼ਤ ਕਦੇ ਨਹੀਂ ਲਿਖਦੇ। ਹਰ ਖ਼ਤ ਵਿਚ ਕੋਈ ਨਵਾਂ ਸੁਝਾਅ, ਕੋਈ ਨਵਾਂ ਟੀਚਾ, ਕੋਈ ਨਵੀ ਚੋਟੀ ਸਰ ਕਰਨ ਦੀ ਪ੍ਰੇਰਨਾ ਦੇਣਾ, ਜਿਵੇਂ ਉਹਨਾਂ ਦਾ ਅਚੇਤ ਹੀ ਪੱਕਾ ਸੁਭਾਅ ਬਣ ਚੁੱਕਾ ਸੀ। ਵਿਸ਼ਵ ਦੇ ਮਹਾਨ ਕਵੀਆਂ ਦੇ ਕੀਤੇ ਮੇਰੇ ਪੰਜਾਬੀ ਅਨੁਵਾਦਾਂ ਬਾਰੇ ਸੋਚਦਿਆਂ, ਉਹਨਾਂ ਮੇਰੇ ਲਈ ਇੱਕ ਬਿਲਕੁਲ ਹੀ ਨਵਾਂ ਦਿਸਹੱਦਾ ਉਜਾਗਰ ਕਰਨ ਦੀ ਕੋਸ਼ਿਸ਼ ਕਰਦਿਆਂ, ਆਪਣੇ 27-5-05 ਦੇ ਇੱਕ ਖ਼ਤ ਵਿਚ ਲਿਖਿਆ -

ਪਿਆਰੇ ਹੁੰਦਲ ਜੀ,

ਤੁਸੀਂ ਦੁਨੀਆਂ ਦੇ ਚੋਟੀ ਦੇ ਜੁਝਾਰੂ ਕਵੀਆਂ ਨਾਲ ਪੰਜਾਬੀ ਪਾਠਕਾਂ ਦੀਆਂ ਮੁਲਾਕਾਤਾਂ

ਕਰਾ ਕੇ ਬੜਾ ਚੰਗਾ ਕੰਮ ਕਰ ਰਹੇ ਹੋ। ਜਿਹੜੀਆਂ ਖਿੜਕੀਆਂ ਸਾਡੇ ਆਮ ਪਾਠਕਾਂ ਲਈ ਬੰਦ ਸਨ, ਤੁਸੀਂ ਉਹਨਾਂ ਵਿਚੋਂ ਕੁਝ ਖੋਲ੍ਹ ਦਿੱਤੀਆਂ ਹਨ ਤੇ ਰਹਿੰਦੀਆਂ ਨੂੰ ਖੋਲ੍ਹਣ ਦਾ ਭਰੋਸਾ ਦੇ ਰਹੇ ਹੋ। ਧੰਨਵਾਦ! ਪਰ ਮੈਨੂੰ ਤੁਹਾਨੂੰ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਤੁਸੀਂ ਇਕ ਪਿੰਡ ਵਿਚ ਬੈਠੇ ਸਾਰੀ ਦੁਨੀਆਂ ਨੂੰ ਗਾਹ ਰਹੇ ਹੋ। ਪਰ ਕੀ ਕਿਸੇ ਨਾਲ ਕੋਈ ਅਜਿਹਾ ਸੰਪਰਕ ਵੀ ਜੋੜਿਆ ਹੈ, ਜਿਸ ਨਾਲ ਪੰਜਾਬੀ ਕਵਿਤਾ ਦੇ ਨਮੂਨੇ ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ, ਮਹਿਮੂਦ ਦਰਵੇਸ਼, ਬਰਤੋਲਤ ਬ੍ਰੈਖ਼ਤ ਤੇ ਲੋਰਕਾ ਦੇ ਦੇਸ਼ ਵਾਸੀਆਂ ਤੱਕ ਸਾਰੀ ਉੱਤਮ ਪੰਜਾਬੀ ਕਵਿਤਾ ਨਾ ਸਹੀ, ਉਸ ਦੀਆਂ ਚੋਣਵੀਆਂ ਕ੍ਰਾਂਤੀਸ਼ੀਲ, ਕਵਿਤਾਵਾਂ ਦੇ ਨਮੂਨੇ ਪਹੁੰਚ ਜਾਣ। ਇਹ ਵਪਾਰ ਦੁਵੱਲੀ ਹੋ ਸਕੇ ਤਾਂ ਤੁਹਾਡੀ ਬੜੀ ਜੈ-ਜੈਕਾਰ ਹੋਵੇਗੀ।"

ਤੁਹਾਡਾ ਵੀਰ ਪ੍ਰੀਤਮ ਸਿੰਘ

ਸ. ਪ੍ਰੀਤਮ ਸਿੰਘ ਜਿੱਥੇ ਮੇਰੇ ਉੱਤੇ ਏਨੇ ਦਿਆਲੂ ਤੇ ਮਿਹਰਬਾਨ ਰਹੇ ਨੇ, ਉਥੇ ਪਿਛਲੇ ਸਾਲ ਅਰਥਾਤ 2007 ਵਿਚ ਮੇਰੇ ਨਾਲ ਕੁਝ ਨਾਰਾਜ਼ ਹੋ ਗਏ। ਵਿਸ਼ਵ ਸੰਮੇਲਨ ਦੇ ਮਤਿਆਂ ਅਤੇ ਸਮੁੱਚੀ ਕਾਰਵਾਈ ਬਾਰੇ ਅਸਾਂ ਸੰਪਾਦਕੀ ਮੰਡਲ ਵਾਲਿਆਂ ਕਾਨਫਰੰਸ ਉੱਤੇ ਜੋ ਟਿੱਪਣੀ ਕੀਤੀ। ਉਹ ਪ੍ਰਬੰਧਕਾਂ ਦੀ ਮੰਦ-ਭਾਵਨਾ ਬਾਰੇ ਨਹੀਂ ਸੀ। ਸਗੋਂ ਕਾਨਫਰੰਸ ਦੀ ਸਮੁੱਚੀ ਪਹੁੰਚ ਵਿਚਲੇ ਸੰਭਾਵਤ ਖ਼ਤਰਿਆਂ ਤੇ ਖ਼ਦਸ਼ਿਆਂ ਬਾਰੇ ਸੀ। ਪ੍ਰਿੰਸੀਪਲ ਸਾਹਿਬ ਨੇ ਇਸ ਕਾਨਫਰੰਸ ਵਿਚ ਕੁੰਜੀਵਤ ਭਾਸ਼ਣ ਦਿੱਤਾ ਸੀ। ਜਿਸ ਬਾਰੇ ਕਿ ਸਭਨਾਂ ਨੇ ਪ੍ਰਸ਼ੰਸਾ ਕੀਤੀ ਸੀ। ਉਹਨਾਂ ਨੇ ਆਪਣਾ ਰੋਸ ਪ੍ਰਗਟ ਕਰਦਿਆਂ ਲਿਖਿਆ ਸੀ।

ਪਿਆਰੇ ਹੁੰਦਲ ਜੀ,

ਮੈਨੂੰ ਮੇਰੇ ਸਟੈਨੋ ਨੇ ਅਪ੍ਰੈਲ-ਜੂਨ 2007 ਦੇ ਚਿਰਾਗ਼ ਦੀ ਕੁਝ ਸਮੱਗਰੀ ਪੜ੍ਹਕੇ ਸੁਣਾਈ ਹੈ। ਕਾਨਫਰੰਸ ਦੇ ਪ੍ਰਬੰਧਕਾਂ ਨੇ ਜਿਸ ਭਾਵਨਾ ਨਾਲ ਪੰਜਾਬੀ ਕੌਮ ਦੀ ਉਸਾਰੀ ਨੂੰ ਮੁੱਖ ਰੱਖ ਕੇ ਕਾਫ਼ੀ ਖਰਚਾ ਕੀਤਾ ਹੈ, ਮੇਰੇ ਖ਼ਿਆਲ ਵਿਚ ਤੁਸੀਂ ਉਸ ਦੇ ਅਰਥਾਂ ਨਾਲ ਅਨਰਥ ਕੀਤਾ ਹੈ.........। ਜੇ ਮੈਂ ਪ੍ਰਬੰਧਕਾਂ ਦੇ ਕਿਸੇ ਗੁਪਤ ਏਜੰਡੇ ਨੂੰ ਨਹੀਂ ਸਮਝ ਸਕਿਆ ਤਾਂ ਮੈਨੂੰ ਆਪਣੀ ਰਾਏ ਬਦਲਣੀ ਪਵੇਗੀ। ਪਰ ਜੇ ਤੁਸੀਂ ਉਹਨਾਂ ਦੇ ਏਜੰਡੇ ਨੂੰ ਸੱਚੋ ਸੱਚੀ ਇਹ ਅਰਥ ਪੇਸ਼ ਕਰਨ ਲਈ ਮਜ਼ਬੂਰ ਕਰ ਰਹੇ ਹੋ, ਜੋ ਉਹਨਾਂ ਦੇ ਚਿੱਤ-ਚੇਤੇ ਵੀ ਨਹੀਂ ਸੀ ਤਾਂ ਤੁਹਾਨੂੰ ਆਪਣੀ ਰਾਏ ਉੱਤੇ ਮੁੜ ਵਿਚਾਰ ਕਰਨ ਨੂੰ ਆਪਣੀ ਹੇਠੀ ਨਹੀਂ ਸਮਝਣਾ ਚਾਹੀਦਾ।

ਪ੍ਰਿੰ. ਪ੍ਰੀਤਮ ਸਿੰਘ

ਪ੍ਰਿੰਸੀਪਲ ਪ੍ਰੀਤਮ ਸਿੰਘ ਹੋਰਾਂ ਨਾਲ ਆਪਣੇ 50 ਸਾਲਾਂ ਤੋਂ ਵੱਧ ਦੇ ਜੁੜੇ ਸੰਪਰਕ ਦੇ ਅੰਤ ਉੱਤੇ ਮੈਨੂੰ ਪ੍ਰਤੀਤ ਹੋ ਰਿਹਾ ਸੀ ਕਿ ਉਹ ਮੇਰੀ ਅਯੋਗਤਾ ਤੇ ਸੀਮਤ ਸਾਹਿਤਕ ਸਮਝ ਨੂੰ ਅਣਡਿੱਠ ਕਰਕੇ, ਮੇਰੇ ਉੱਤੇ ਕੁਝ ਜ਼ਿੰਮੇਵਾਰੀ ਸੁੱਟਣ ਲੱਗ ਪਏ ਸਨ ਤੇ ਮੈਂ ਆਪਣੇ ਆਪ ਨੂੰ ਬੜਾ ਭਾਗਸ਼ਾਲੀ ਸਮਝ ਰਿਹਾ ਸੀ।



ਪਿਛਲੇ ਸਾਲ ਉਹਨਾਂ ਨੇ ਮੈਨੂੰ ਫੋਨ ਉੱਤੇ ਕਿਹਾ ਕਿ ਮੇਰਾ ਕੋਈ ਪ੍ਰਸ਼ੰਸਕ ਅਥਵਾ ਸ਼ਰਧਾਲੂ ਸ਼ਰਧਾ ਵੱਸ ਮੇਰੀਆਂ ਵੱਖ-ਵੱਖ ਪੁਸਤਕਾਂ ਉੱਤੇ ਵੱਖ-ਵੱਖ ਵਿਦਵਾਨਾਂ ਤੋਂ ਇੱਕ-ਇੱਕ ਖੋਜ-ਪੱਤਰ ਅਥਵਾ ਲੇਖ ਲਿਖਵਾ ਕੇ ਕੋਈ ਪੁਸਤਕ ਛਪਵਾ ਰਿਹਾ ਹੈ। ਤੇ ਤੁਸੀਂ ਉਸ ਕਾਰਜ ਲਈ ਮੇਰੀ ਪਸ਼ਤੋ ਤੋਂ ਅਨੁਵਾਦ ਕੀਤੀ 'ਖੁਸ਼ਹਾਲ ਖਾਂ ਪਟਕ' ਦੀ ਕਵਿਤਾ ਬਾਰੇ ਇੱਕ ਲੇਖ ਲਿਖ ਕੇ ਭੇਜ ਦੇਣਾ ਹੈ। ਮੇਰੇ ਲਈ ਇਸ ਜ਼ਿੰਮੇਵਾਰੀ ਨੂੰ ਚਾਈਂ-ਚਾਈਂ ਨਿਭਾਉਣ ਤੋਂ ਵੱਡੀ ਖੁਸ਼ੀ ਭਲਾ ਹੋਰ ਕੀ ਹੋ ਸਕਦੀ ਸੀ। ਹਫ਼ਤੇ ਦੇ ਵਿਚ ਮੈਂ ਉਹ ਲੇਖ ਲਿਖ ਕੇ ਉਹਨਾਂ ਨੂੰ ਭੇਜ ਦਿੱਤਾ।

ਇੰਝ ਹੀ ਇਸ ਸਾਲ ਦੇ ਸ਼ੁਰੂ ਵਿਚ ਮੈਨੂੰ ਡਾਕ ਰਾਹੀਂ ਉਹਨਾਂ ਦੀ ਸਵੈ-ਜੀਵਨੀ, "ਕੱਚੀਆਂ-ਪੱਕੀਆਂ ਦੇ ਭਾਅ" ਦੀ ਕਾਪੀ ਪ੍ਰਾਪਤ ਹੋਈ। ਪੁੱਛਣ ਉੱਤੇ ਕਹਿਣ ਲੱਗੇ, "ਇਹ ਤੈਨੂੰ ਚਿਰਾਗ਼ ਲਈ ਰੀਵਿਊ ਕਰਨ ਲਈ ਭਿਜਵਾਈ ਹੈ। ਆਪਣੀ ਨਿਰਪੱਖ ਰਾਏ ਲਿਖੀਂ।" ਮੈਂ ਭਾਵੇਂ ਆਪਣੇ ਕਿਸੇ ਨਿੱਜੀ ਸਾਹਿਤਕ ਕਾਰਜ ਵਿਚ ਬੁਰੀ ਤਰ੍ਹਾਂ ਖੁੱਭਿਆ ਹੋਇਆ ਸੀ ਫਿਰ ਵੀ ਆਪਣੀ ਸੰਖੇਪ ਟਿੱਪਣੀ ਲਿਖਣਾ ਮੇਰੇ ਲਈ ਕਿੰਨੀ ਮਾਣ ਵਾਲੀ ਗੱਲ ਸੀ।

ਉਨ੍ਹਾਂ ਦੇ ਸਪੁੱਤਰ ਸ. ਜੈਰੂਪ ਸਿੰਘ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੀ. ਸੀ. ਬਣਨ ਉੱਤੇ ਮੈਂ ਵਧਾਈ ਭੇਜੀ ਤਾਂ ਆਖਣ ਲੱਗੇ, "ਮੈਂ ਉਸਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਸਬੰਧਤ ਮਸਲਿਆਂ ਬਾਰੇ ਤਾਂ ਲਿਖ ਤੇ ਆਖ ਸਕਦਾ ਹਾਂ, ਪਰ ਕਿਸੇ ਵਿਅਕਤੀ ਬਾਰੇ ਨਿੱਜੀ ਸਿਫਾਰਿਸ਼ ਨਹੀਂ ਕਰਾਂਗਾ।"

ਪ੍ਰਿੰਸੀਪਲ ਪ੍ਰੀਤਮ ਸਿੰਘ ਵਰਗੇ, ਸਾਹਿਤ ਨੂੰ ਸਮਰਪਿਤ ਵਿਦਵਾਨ, ਖੋਜੀ, ਸੁਹਿਰਦ ਤੇ ਤਰਕਸ਼ੀਲ ਚਿੰਤਕ ਮਾਰੂਥਲ ਵਿਚਲੇ ਬਿਰਖਾਂ ਵਰਗੇ ਹੁੰਦੇ ਹਨ, ਜਿਨ੍ਹਾਂ ਦੀ ਸੰਘਣੀ ਤੇ ਠੰਢੀ ਛਾਂ ਕਿਸੇ ਭਾਗਾਂ ਵਾਲੇ ਨੂੰ ਨਸੀਬ ਹੁੰਦੀ ਹੈ। ਮੈਂ ਉਹਨਾਂ ਕੋਲੋਂ ਖੋਜ ਤੇ ਆਲੋਚਨਾ ਦਾ ਪਹਿਲਾ ਪਾਠ ਪੜ੍ਹਿਆ ਸੀ ਤੇ ਅੱਜ ਉਹਨਾਂ ਦਾ ਸ਼ਾਗਿਰਦ ਅਖਵਾਏ ਜਾਣ ਵਿਚ ਮੈਨੂੰ ਫਖ਼ਰ ਅਨੁਭਵ ਹੋ ਰਿਹਾ ਹੈ। •

## ਦਰੁਸਤੀ

ਪਿਛਲੇ ਅੰਕ ਵਿਚ ਅਸਾਂ ਉਹਨਾਂ ਸ਼ੁਭ-ਚਿੰਤਕਾਂ ਦੀ ਸੂਚੀ ਛਾਪੀ ਸੀ, ਜਿਨ੍ਹਾਂ ਨੇ ਚਿਰਾਗ਼ ਲਈ ਮਾਇਕ ਸਹਾਇਤਾ ਭੇਜੀ ਸੀ, ਟਰਾਂਟੋ ਵੱਸਦੀ ਪੰਜਾਬੀ ਲੇਖਿਕਾ ਬੀਬੀ ਬਲਬੀਰ ਕੌਰ ਸੰਘੇੜਾ ਨੇ ਸਾਨੂੰ 100 ਡਾਲਰ ਸਹਾਇਤਾ ਭੇਜੀ ਸੀ। ਜੋ ਅਸੀਂ ਜਰਨੈਲ ਸਿੰਘ ਹੋਰਾਂ ਦੇ ਨਾਂ ਹੇਠ ਛਾਪ ਦਿੱਤੀ ਸੀ। ਉਕਾਈ ਲਈ ਖ਼ਿਮਾਂ ਚਾਹੁੰਦੇ ਹਾਂ।

- ਸੰਪਾਦਕੀ ਮੰਡਲ

# ਦਾਦਰ ਪੰਡੋਰਵੀ ਦੀਆਂ ਚਾਰ ਗ਼ਜ਼ਲਾਂ

1.

ਚਿਹਰਿਆਂ ਦੇ ਸ਼ਹਿਰ ਜਦ ਤੱਕ, ਇੱਕ ਵੀ ਸ਼ੀਸ਼ਾ ਨਾ ਸੀ,
ਚਮਕਦੇ ਸੀ ਸਾਰਿਆਂ ਦੇ ਨਕਸ਼, ਦਿਲ ਮੈਲਾ ਨਾ ਸੀ।

ਇਕ ਨਦੀ ਨੂੰ ਸਾਰੀ ਦੀ ਸਾਰੀ ਹੀ ਪਿਆਸੀ ਵੇਖਿਆ,
ਥਲ ਵੀ ਪਿਆਸਾ ਸੀ ਮਗਰ, ਪਿਆਸਾ ਨਦੀ ਜਿੰਨਾ ਨਾ ਸੀ।

ਵੇਖਿਆ ਹੀ ਨਾ ਕਿਸੇ ਨੇ ਪਰਤ ਮੇਰੀ ਫੋਲ ਕੇ,
ਸੀ ਮੇਰੇ ਹੇਠਾਂ ਵੀ ਪਾਣੀ, ਮੈਂ ਨਿਰਾ ਰੇਤਾ ਨਾ ਸੀ।

ਰਾਜ-ਗੱਦੀ ਤੋਂ ਮਿਲੇ ਨੇ ਬਾਗ਼ਬਾਨਾਂ ਨੂੰ ਇਨਾਮ,
ਸਿਤਮ ਹੈ ਕਿ ਬਾਗ ਵਿਚ ਫੁੱਲ ਇਕ ਵੀ ਖਿੜਿਆ ਨਾ ਸੀ।

ਵੰਝਲੀ ਦੀ ਤਾਨ ਦੀ ਸੀ ਖ਼ਬਰ ਸਾਰੇ ਸ਼ਹਿਰ ਵਿਚ,
ਬਾਂਸ ਦੇ ਸੀਨੇ ਚੋਂ ਨਿਕਲੀ ਚੀਕ ਦਾ ਚਰਚਾ ਨਾ ਸੀ।

ਫਿਰ ਉਡੀਕਾਂ ਦਾ ਉਮਰ ਭਰ ਸਿਲਸਿਲਾ ਚਲਦਾ ਰਿਹਾ,
ਡਾਕ ਨਿੱਤ ਆਉਂਦੀ ਸੀ, ਲੇਕਿਨ ਖ਼ਤ ਕੋਈ ਤੇਰਾ ਨਾ ਸੀ।

ਰੌਸ਼ਨੀ ਦਾ ਸ਼ਹਿਰ ਨੇਰ੍ਹੇ ਵਿਚ ਡੁੱਬਾ ਜਾਪਿਆ,
ਆਪਣੇ ਜਦ ਘਰ 'ਚ ਬਲਦਾ, ਇੱਕ ਵੀ ਦੀਵਾ ਨਾ ਸੀ।

ਕੀ ਪਤਾ, ਕੀ ਹੋ ਗਿਆ ਹੈ, ਸ਼ਹਿਰ ਦੇ ਮਾਹੌਲ ਨੂੰ,
ਜਾਗਦਾ ਹੁੰਦਾ ਸੀ ਪਹਿਲਾਂ, ਸ਼ਹਿਰ ਇਹ ਸੌਂਦਾ ਨਾ ਸੀ।

ਆ ਗਏ ਚਿਹਰੇ ਤੋਂ ਆਖ਼ਿਰ, ਹਾਦਸੇ ਕਿੱਦਾਂ ਨਜ਼ਰ,
ਇੱਕ ਵੀ ਤਾਂ ਸ਼ਬਦ ਮੂੰਹੋਂ ਦਰਦ ਦਾ ਕਿਰਿਆ ਨਾ ਸੀ।



2.

ਜਲਾ ਕੇ ਦੀਪ ਤੁਰ ਪੈਂਦੇ ਨੇ ਉਹ ਸੱਦਣ ਹਵਾਵਾਂ ਨੂੰ,
ਮਸੀਹੇ ਕਿਸ ਤਰ੍ਹਾਂ ਦੇ ਸੌਂਪ ਆਏ ਹਾਂ ਗਰਾਵਾਂ ਨੂੰ।

ਸਫ਼ਰ ਦੇ ਮੋੜ ਤੇ ਇਹ ਕਿਸ ਤਰ੍ਹਾਂ ਦਾ ਹਾਦਸਾ ਹੋਇਆ,
ਮੁਸਾਫਿਰ ਭੁਲ ਗਏ ਮਹਿਸੂਸ ਕਰਨਾ ਧੁੱਪ-ਛਾਵਾਂ ਨੂੰ।

ਸਦੀਵੀ ਪਿੰਜਰੇ ਪੈ ਜਾਣ ਦਾ ਵੀ ਡਰ ਜਿਹਾ ਲੱਗਦਾ,
ਉਡਾਰੀ ਭਰਨ ਵੀ ਲੱਗੇ ਨੇ ਚਾਅ ਪੱਛਮ ਦਿਸ਼ਾਵਾਂ ਨੂੰ।

ਕਿਵੇਂ ਬਲਦੇ ਹੋਏ ਰੁੱਖਾਂ ਨੂੰ ਕੋਈ ਹੌਸਲਾ ਦੇਵੇ,
ਨਹੀਂ ਵਰ੍ਹਨੋ ਹਟਾ ਹੋਇਆ, ਸਮੁੰਦਰ ਤੇ ਘਟਾਵਾਂ ਨੂੰ।

ਮਸਾਂ ਹੀ ਵਕਤ ਮਿਲਿਆ ਸੀ, ਨਹੀਂ ਸੀ 'ਭਰਤ' ਉਹ ਕੋਈ,
ਕਿਵੇਂ ਫਿਰ ਰਾਜ ਗੱਦੀ, ਤੇ ਬਿਠਾ ਦਿੰਦਾ ਖੜਾਵਾਂ ਨੂੰ।

ਸਫ਼ਰ ਵਿਚ ਕੁਝ ਨਾ ਕੁਝ ਤਾਂ ਹੁੰਦੀਆਂ ਨੇ ਤਲਖੀਆਂ ਆਖ਼ਿਰ,
ਨਾ ਖ਼ਾਬਾਂ ਚੋਂ ਕਰੀਂ ਮਨਫ਼ੀ, ਚਿਰਾਗ਼ਾਂ ਨੂੰ ਤੇ ਛਾਵਾਂ ਨੂੰ।

ਜਗਾ ਕੇ ਝੀਲ ਸੁੱਤੀ ਤਾਈਂ ਰਾਤ ਨੂੰ ਅਕਸਰ,
ਪਿਲਾਉਂਦਾ ਹੈ ਉਹ ਪਾਣੀ ਤੜਪਦੀਆਂ ਆਤਮਾਵਾਂ ਨੂੰ।

ਤੁਸੀਂ ਅਹਿਸਾਸ ਮੁਕਤੀ ਦੇਣ ਦਾ ਜੇ ਕਰ ਲਿਆ ਖ਼ਾਰਿਜ,
ਅਸੀਂ ਵੀ ਮੌਲਣੋ ਮੁਨਕਰ ਹਾਂ, ਪਾਣੀ ਲਾ ਨਾ ਚਾਵਾਂ ਨੂੰ।

ਚਮਨ ਦੇ ਨਾਲ ਕੈਸਾ ਇਸ਼ਕ ਹੈ, ਇਹ ਬਾਗਬਾਨਾਂ ਦਾ?
ਹੈ ਮੁੱਦਤ ਹੋ ਗਈ, ਨਾ ਫੁੱਲ, ਨਾ ਫਲ ਲੱਗੇ ਸ਼ਖ਼ਾਵਾਂ ਨੂੰ।

3.

ਪਿਆਸ ਦੀ ਸੀਮਾ ਵਧਾ ਆਏ ਜੋ ਸਾਗਰ ਵੇਖ ਕੇ,
ਕਰਨਗੇ ਕੀ ਸਾਹਮਣੇ ਸੁੱਕਾ ਸਮੁੰਦਰ ਵੇਖ ਕੇ।

ਬੁੱਲ੍ਹਾਂ ਨੂੰ ਤਾਂ ਲਾ ਲਈ ਸੀ ਬੰਸਰੀ ਮੈਂ ਵੀ ਮਗਰ,
ਸੁਰ ਨਹੀਂ ਨਿਕਲੇ ਸੜੇ ਜੰਗਲ ਦਾ ਮੰਜ਼ਰ ਵੇਖ ਕੇ।

ਸ਼ੀਸ਼ੇ ਦੇ ਵਿਚ ਤੇੜ ਦਾ ਕਾਰਨ ਤਾਂ ਕੋਈ ਹੋਰ ਸੀ,
ਲੱਗਿਐ ਇਲਜ਼ਾਮ ਕੇਵਲ ਕੋਲ ਪੱਥਰ ਵੇਖ ਕੇ।

ਪਿੰਜ਼ਰੇ ਦੀ ਸੋਚ ਹੁਣ ਵੀ ਤਿਲਮਿਲਾਉਂਦੀ ਹੈ ਬਹੁਤ,
ਦੂਰ ਅੰਬਰ ਵਿਚ ਕੋਈ ਉੱਡਦਾ ਕਬੂਤਰ ਵੇਖ ਕੇ।

ਫਿਰ ਸਫ਼ਰ ਵਿਚ ਮੈਨੂੰ ਆਪਣੇ ਘਰ ਦਾ ਚੇਤਾ ਆ ਗਿਆ,
ਰੁਕ ਗਿਆਂ, ਸਾਗਰ ਕਿਨਾਰੇ ਰੇਤ ਦੇ ਘਰ ਵੇਖ ਕੇ।

ਉਹ ਭਰੇ ਮਨ ਨਾਲ ਆਖ਼ਿਰ ਕਹਿ ਗਏ ਫਿਰ ਅਲਵਿਦਾ,
ਖ਼ਾਬ ਸੀ ਕਿ ਜਾਣਗੇ ਹਾਲਾਤ ਬਿਹਤਰ ਵੇਖ ਕੇ।

ਮੇਰਿਆਂ ਪੈਰ ਨੂੰ ਹੈ ਹਾਲੇ ਸਫ਼ਰ ਦੀ ਆਰਜ਼ੂ,
ਮੁੜ ਨਹੀਂ ਸਕਦਾ ਤੇਰੇ ਪੈਰਾਂ ਦੀ ਝਾਂਜਰ ਵੇਖ ਕੇ।

ਕੈਕਟਸਾਂ ਨੂੰ ਵਿਹੜਿਆਂ ਦੀ ਸੌਂਪ ਕੇ ਪ੍ਰਧਾਨਗੀ,
ਹੁਣ ਤੜਪ ਉੱਠਦੇ ਹਾਂ ਮੋਈਆਂ ਤਿਤਲੀਆਂ ਘਰ ਵੇਖ ਕੇ।

ਧਾਗਿਆਂ ਦੀ ਇਹ ਕਿਸੇ ਸਾਜ਼ਿਸ਼ ਤਹਿਤ ਸੁੰਗੜ ਗਈ,
ਪੈਰ ਤਾਂ ਆਪਣੇ ਪਸਾਰੇ ਸਨ ਮੈਂ ਚਾਦਰ ਵੇਖ ਕੇ।



4.

ਜਦੋਂ ਅੰਬਰ 'ਚ ਉੱਡਣ ਵਾਸਤੇ ਪਹਿਰੇ ਲਗਾ ਦਿੱਤੇ,
ਸ਼ਿਕਾਰੀ ਨੇ ਪਿੰਜ਼ਰਿਆਂ ਦੇ ਉਦੋਂ ਫਿਰ ਮੂੰਹ ਖੁਲਾ ਦਿੱਤੇ।

ਅਸੀਂ ਤੁਰ ਤਾਂ ਪਏ ਸੀ ਮੰਜ਼ਿਲਾਂ ਨੂੰ, ਪਰ ਪਿਆ ਮੁੜਨਾ,
ਘਰਾਂ ਦੇ ਹੇਜ਼ ਨੇ ਰਸਤੇ 'ਚ ਸਭ ਰਸਤੇ ਭੁਲਾ ਦਿੱਤੇ।

ਅਜੇ ਤਾਂ ਉਮਰ ਸੀ ਬੱਚਿਆਂ ਦੀ ਮਿੱਟੀ ਨਾਲ ਖੇਡਣ ਦੀ,
ਖਿਡਾਉਣੇ ਖੋਹ ਕੇ ਹੱਥਾਂ 'ਚੋਂ ਅਸੀਂ ਬਸਤੇ ਫੜਾ ਦਿੱਤੇ।

ਕਿਸੇ ਸ਼ੈਤਾਨ ਦੀ ਸਾਜ਼ਿਸ਼ ਰਚੀ ਹੋਵੇਗੀ ਇਹ ਆਖ਼ਿਰ,
ਜਿਨ੍ਹੇ ਇਨਸਾਨ ਦੇ ਅੱਗੋਂ ਕਈ ਫ਼ਿਰਕੇ ਬਣਾ ਦਿੱਤੇ।

ਮੈਂ ਧਰਤੀ ਨੂੰ ਹੀ ਕਹਿ ਆਇਆਂ, ਕਿ ਹੁਣ ਆਵਾਜ਼ ਨਾ ਦੇਵੀਂ,
ਮੇਰੀ ਪਰਵਾਜ਼ ਨੂੰ ਤੈਂ ਜਦ ਵਸੀਹ ਅੰਬਰ ਵਿਖਾ ਦਿੱਤੇ।

ਉਹ ਚੋਟਾਂ ਖਾ ਕੇ ਪੱਥਰ ਬਣ ਗਿਆ, ਚੰਗਾ ਰਿਹਾ ਫਿਰ ਵੀ,
ਨਹੀਂ ਤਾਂ ਵਕਤ ਨੇ ਕਿੰਨੇ ਹੀ ਫੁੱਲ ਮਿੱਟੀ ਰੁਲਾ ਦਿੱਤੇ।

ਮੈਂ ਪੋਟਾ-ਪੋਟਾ ਜ਼ਖ਼ਮੀ ਕਰ ਲਿਆ ਹੈ, ਤਾਰਾਂ ਕੱਸਦੇ ਨੇ,
ਨਹੀਂ ਸੁਰ ਠੀਕ ਹੁੰਦੇ, ਸਾਜ਼ ਇਹ ਕੈਸੇ ਫੜਾ ਦਿੱਤੇ।

ਨਹੀ ਸੀ ਆਪਣੇ ਬੁੱਲ੍ਹਾਂ ਨੂੰ ਜੇ ਤੂੰ ਬੰਸਰੀ ਲਾਉਣੀ,
ਤਾਂ ਕਿਉਂ ਕਮਸਿਨ ਜਿਹੀ ਪੋਰੀ 'ਚ ਐਨੇ ਛੇਕ ਪਾ ਦਿੱਤੇ।

ਘਰਾਂ ਵਿਚ ਲਿਸ਼ਕਦੇ ਸਾਜ਼ਾਂ ਦੀ ਕੀ ਮੌਜੂਦਗੀ ਕਰਨੀ,
ਸਮੇਂ ਨੇ ਹੀ ਜਦੋਂ ਸੁਰ-ਤਾਲ ਲੋਕਾਂ ਨੂੰ ਭੁਲਾ ਦਿੱਤੇ।

ਪਿੰਡ ਤੇ ਡਾਕ. ਚੱਕ ਪੰਡੋਰੀ, ਕਪੂਰਥਲਾ)

# ਮਾਂ ਬੋਲੀ

- ਮਕਸੂਦ ਸਾਕਿਬ

ਮਾਂ ਬੋਲੀ ਸਕੂਲੋਂ ਨਹੀਂ ਸਿੱਖਣੀ ਪੈਂਦੀ। ਇਹ ਦੁੱਧ ਤੁਖ਼ਮ ਵਿਚ ਹੁੰਦੀ ਏ। ਘਰਾਂ ਵਿਚ ਪੁੰਗਰਦੀ ਏ। ਮਾਪਿਆਂ ਤੇ ਵਡਕਿਆਂ ਜੀਆਂ ਤੋਂ। ਭੈਣਾਂ ਤੇ ਭਰਾਵਾਂ ਤੋਂ। ਮਾਂ ਦੀ ਝੋਲੀਓਂ ਟੁਰ ਕੇ ਵਿਹੜਿਓਂ ਤੇ ਫੇਰ ਪੂਰੇ ਆਲ ਦਵਾਲਿਉਂ ਤਾਕਤ ਲੈ ਕੇ ਘਰ ਛਾਵਾਂ ਰੁੱਖ ਬਣਦੀ ਏ। ਇਹਦੀ ਹੋਂਦ ਬੰਦੇ ਦੀ ਹੋਂਦ ਨਾਲ ਜੁੜੀ ਏ। ਜੀਕਰ ਬੰਦੇ ਦੀ ਹੋਂਦ ਸਮਾਜੀ ਏ ਤਿਵੇਂ ਈ ਮਾਂ ਬੋਲੀ ਦੀ ਹੋਂਦ ਸਮਾਜੀ ਏ। ਦੋਵੇਂ ਇਕੱਲੀਆਂ ਅਕਹਿਰੀਆਂ ਨਹੀਂ ਹੋ ਸਕਦੀਆਂ। ਮਾਂ ਬੋਲੀ ਮੁੱਢਲੇ ਤੌਰ ਤੇ ਬੰਦੇ ਨੂੰ ਸ਼ੈਵਾਂ ਕੰਮਾਂ ਤੇ ਜੀਆਂ ਨਾਲ ਜੋੜਦੀ ਏ। ਇਹ ਜੁੜਣ ਈ ਬੰਦੇ ਦਾ ਜਾਨਣ ਏ। ਬੰਦੇ ਦਾ ਹੋਵਣ ਏ। ਵੇਲੇ ਦੀ ਗੱਲ ਕਰੀਏ ਤਾਂ ਬੰਦੇ ਦੀ ਹੋਂਦ ਵਿਚ ਤਿੰਨੇ ਵੇਲੇ ਸਮਾਏ ਹੁੰਦੇ ਨੇ। ਬੋਲੀ ਇਹਨਾਂ ਤਿੰਨਾਂ ਵੇਲਿਆਂ ਨੂੰ ਸੁਰਤ ਤੋਂ ਲੈ ਕੇ ਮਨ ਤਾਈਂ ਡੂੰਘਿਆਂ ਕਰਦੀ ਏ। ਬੰਦਾ ਤੇ ਬੋਲੀ ਜੂਹ ਦਾ ਨਿਸ਼ਾਨ ਹੁੰਦੇ ਨੇ। ਜਿਹੜਾ ਨਾਂ ਜੂਹ ਦਾ ਹੁੰਦਾ ਏ ਉਹੋ ਬੰਦੇ ਤੇ ਬੋਲੀ ਦਾ ਸਾਂਝਾ ਨਾਂ ਬਣਦਾ ਏ। ਪੰਜਾਬ ਆਖਸਾਏ ਤਾਂ ਇਹਦੇ ਵਸਨੀਕ ਪੰਜਾਬੀ ਹੁਸਨ, ਇਹਦੀ ਬੋਲੀ ਪੰਜਾਬੀ ਹੋਸੀ। ਜੂਹ ਪੰਜਾਬ ਹੋਵੇ, ਵਸਨੀਕਾਂ ਦਾ ਨਾਂ ਅਰਬੀ ਹੋਵੇ ਤੇ ਬੋਲੀ ਜਾਪਾਨੀ ਅਖਵਾਏ। ਇਹ ਕਦੇ ਨਹੀਂ ਹੋ ਸਕਦਾ।

ਦੁਨੀਆਂ ਉੱਤੇ ਬੋਲੀ ਦਾ ਮੁੱਢ ਹੋਰ ਵੀ ਪੜਚੋਲਿਆ ਜਾ ਸਕਦਾ ਏ। ਬੰਦਾ ਜਣੀ ਜਣਾ ਦੋਵੇਂ ਬੰਦਾ ਈ ਨੇ ਆਪਣੇ ਆਸੇ-ਪਾਸੇ ਪਸਰੀ ਕੁਦਰਤ ਨੂੰ ਵਟਾਉਣ ਦੇ ਸਿੱਟੇ ਵਿਚ ਈ ਉੱਤਮ ਜੀਅ ਹੋਇਆ ਏ। ਕੁਦਰਤ ਆਪਣੇ ਆਪ ਤਾਂ ਵਟੀਂਦੀ ਨਹੀਂ। ਬੰਦੇ ਦੇ ਆਹਰ ਈ ਇਹਨੂੰ ਵਟਾਣਾ ਹੁੰਦਾ ਏ। ਇਹ ਆਹਰ ਔਜ਼ਾਰਾਂ ਵਿਚ ਢਲਿਆ। ਹੱਥਾਂ ਦਾ ਆਹਰ ਵਟਿਆ। ਖਾਧ ਵਟੀ ਦਿਮਾਗ ਦੀ ਕਿਰਤ ਮੂੰਹੋਂ ਨਿਕਲਦੀਆਂ ਅਵਾਜ਼ਾਂ ਵਿਚ ਸੁਰ ਬੰਦ ਹੋਈ। ਜੋ ਜਾਤਾਂ ਸੁਰਾਂ ਅਲਾਵਾਂ ਵਿਚ ਸਾਂਝਾ ਹੋਇਆ। ਇਹ ਅੱਖਰਾਂ ਤੇ ਲਫ਼ਜ਼ਾਂ ਦੀ ਪੋਂਦ ਆਹੀ। ਰਛ ਤੇ ਲਫ਼ਜ ਬੰਦੇ ਦੇ ਜੀਵਨ ਦਾ ਆਹਰ ਨੇ। ਕੁਦਰਤ ਨੂੰ ਵਟਾਉਣ ਤੇ ਵਸੇਬੇ ਨੂੰ ਉਸਾਰਨ ਵਾਲੇ। ਦੋਵੇਂ ਕੁਦਰਤ ਤੇ ਬੰਦੇ ਦੇ ਹੋਵਣ ਦੀ ਤਵਾਰੀਖ਼।

ਬੋਲੀ ਤੋਂ ਮਾਂ ਬੋਲੀ ਦੀ ਉਸਾਰੀ ਬੰਦੇ ਦੇ ਵਸੇਬ ਨਾਲ ਜੁੜੀ ਹੋਈ ਏ। ਜਦੋਂ ਬੰਦੇ ਦਾ ਆਪਣੀ ਖਾਧ ਖੁਰਾਕ ਵਿਚ ਰੁਲਣ ਮੁੱਕਿਆ। ਰਛਾਂ ਤੇ ਲਫ਼ਜ਼ਾਂ ਦੀ ਮਦਦ ਨਾਲ ਬੰਦੇ ਕੁਦਰਤੀ ਸੰਜਾਣ ਕਰਕੇ ਇਕ ਥਾਂ ਟਿਕਿਆਂ ਖਾਧ ਖੁਰਾਕ ਦਾ ਵਿਹਾਰ ਉਸਾਰ ਲਿਆ।

ਏਥੋਂ ਈ ਮਾਂ ਬੋਲੀ ਬੰਦੇ ਦਾ ਪੂਰਾ ਅੱਗਾ ਪਿੱਛਾ ਬਣ ਕੇ ਨਾਲ ਟੁਰੀ।

ਮਾਂ ਬੋਲੀ ਦੀ ਇਕ ਹੋਰ ਸਭ ਤੋਂ ਵੱਡੀ ਪਛਾਣ ਇਹ ਬੰਦੇ ਦੇ ਸੋਚਣ ਸਮਝਣ ਮਹਿਸੂਸ ਤੋਂ ਵੱਖ ਨਹੀਂ ਹੁੰਦੀ। ਬੰਦਾ ਜੋ ਸੋਚਦਾ, ਸਮਝਦਾ ਤੇ ਮਹਿਸੂਸਦਾ ਏ ਦੂਜੇ ਨਾਲ ਸਾਂਝਾ ਕਰਨਾ ਚਾਹਵੇ ਤਾਂ ਸਗਵਾਂ ਕਰਨ ਲੱਗਾ ਪਵੰਦਾ ਏ। ਉਹਨੂੰ ਲਫ਼ਜ਼ਾਂ ਦੀ ਚਿੰਤਾ ਨਹੀਂ ਸਹੇੜਨੀ



ਪਵੰਦੀ। ਉਹਦਾ ਪੂਰਾ ਆਹਰ ਟੁਰਦਾ ਏ। ਲਫ਼ਜ਼ ਉਹਦੀ ਗੋਦ ਵਿਚ ਹੁੰਦੇ ਨੇ। ਮਾਂ ਬੋਲੀ ਦੀ ਥਾਂ ਕਦੇ ਕੋਈ ਹੋਰ ਬੋਲੀ ਨਹੀਂ ਲੈ ਸਕਦੀ। ਇਹਦਾ ਭੰਡਾਰਾ ਬੰਦੇ ਦੇ ਅੰਦਰ ਹੁੰਦਾ ਏ। ਬਾਹਰੋਂ ਧੱਕੇ ਨਾਲ ਅੰਦਰ ਨਹੀਂ ਪਾਇਆ ਹੁੰਦਾ।

ਪੜ੍ਹਨ ਲਿਖਣ ਦੀ ਜਾਂਚ ਆਮ ਹਯਾਤੀ ਤੋਂ ਉਚੇਰੇ ਮਾਮਲਿਆਂ ਨਾਲ ਨਜਿੱਠਣ ਹੁੰਦਾ ਏ। ਇਲਮਾਂ ਤੇ ਵਿਚਾਰਾਂ ਦੀ ਗੱਲ ਆ ਜਾਂਦੀ ਏ। ਪੜ੍ਹਨਾ ਲਿਖਣਾ ਮਾਂ ਬੋਲੀ ਰਾਹੀਂ ਸਭ ਤੋਂ ਸੌਖਾ ਆਹਰ ਹੁੰਦਾ ਏ। ਸਿੱਖਿਆ ਤਾਲੀਮ ਇਹਦੇ ਵਿਚ ਹੋਵੇ ਤਾਂ ਗੱਲ ਨੂੰ ਪਾਉਣ ਤੇ ਮੁੜ ਅੱਗੇ ਵਧਾਉਣ ਪਸਾਰਨ ਵੀ ਸੌਖਾ ਹੋ ਜਾਂਦਾ ਏ। ਸੋਚਾਂ ਵਿਚਾਰਾਂ ਦਾ ਇਕ ਤਾਂ ਜੀਵਣ ਨਾਲ ਸੰਬੰਧ ਨਹੀਂ ਟੁੱਟਦਾ। ਦੂਜਾ ਇਹਨਾਂ ਦੀ ਰਾਹ ਵਿਚ ਕਿਧਰੇ ਵਿਘਨ ਨਹੀਂ ਆਉਂਦਾ।

ਮਾਂ ਬੋਲੀ ਬੰਦਾ ਹੁੰਦੀ ਏ। ਜਿਥੇ ਇਹਦਾ ਇਨਕਾਰ ਹੋਵੇ ਉਥੇ ਬੰਦੇ ਦਾ ਇਨਕਾਰ ਏ। ਬੰਦਾ ਇਕੱਲਾ ਤਾਂ ਹੋਇਆ ਨਾ। ਉਹ ਤਾਂ ਪੂਰਾ ਵਸੇਬ ਹੁੰਦਾ ਏ। ਪੂਰੀ ਵਸੋਂ ਹੁੰਦਾ ਏ। ਪੂਰੀ ਤਵਾਰੀਖ਼ ਹੁੰਦਾ ਏ। ਕੰਮ ਕਾਰਾਂ ਦੀ ਜਾਂਚ ਤੇ ਸਮਝ ਦਾ ਭੰਡਾਰ ਹੁੰਦਾ ਏ। ਇਸ ਕਰਕੇ ਮਾਂ ਬੋਲੀ ਦਾ ਇਨਕਾਰ ਵੀ ਨਿਰਾ ਬੰਦੇ ਦੇ ਇਨਕਾਰ ਤਾਈਂ ਨਹੀਂ ਹੁੰਦਾ। ਇਹਦਾ ਪਸਾਰ ਬਹੁੰ ਮੋਕਲਾ ਹੁੰਦਾ ਏ।

ਵੱਸੋਂ ਦੀ ਮਾਂ ਬੋਲੀ ਦੇ ਹੁੰਦਿਆਂ ਜੇ ਕਿਸੇ ਹੋਰ ਬੋਲੀ ਨੂੰ ਪੜ੍ਹਾਈ ਲਿਖਾਈ ਤੇ ਦਫ਼ਤਰੀ ਅਦਾਲਤੀ ਤੇ ਕਚਹਿਰੀਆਂ ਤਹਿਸੀਲਾਂ ਦੀ ਬੋਲੀ ਬਣਾਇਆ ਹੋਵੇ ਤਾਂ ਸਮਝ ਲਵੋ ਵੱਸੋਂ ਨਾਲ ਤਗੜਾ ਧ੍ਰੋਹ ਵਰਤਿਆ ਹੋਇਆ ਏ। ਇਹਦਾ ਸਿੱਧਾ ਸਾਹਵਾਂ ਮਤਲਬ ਏ ਲੋਕਾਈ ਦੀ ਹੋਂਦ ਨੂੰ ਨਾ ਮੰਨਣਾ। ਉਹਦੀ ਨਿਰਾਦਰੀ। ਉਹਨੂੰ ਪੜ੍ਹਣੋਂ ਲਿਖਣੋਂ ਆਤਰ ਰੱਖ ਕੇ ਵਗਾਰ ਕਰਾਵਣ। ਲੋਕਾਈ ਨਾਲ ਇਹ ਧ੍ਰੋਹ ਗੈਰ ਬਾਦਸ਼ਾਹੀਆਂ ਕਰਦੀਆਂ ਨੇ। ਉਹ ਜਿਹੜੇ ਵੇਲੇ ਆਪਣੇ ਨਿਸ਼ਾਨਿਆਂ ਦੇ ਸੂਤ ਰਾਜ ਪ੍ਰਬੰਧ ਉਸਾਰਦੀਆਂ ਨੇ ਤਾਂ ਪਹਿਲੇ ਨੰਬਰ ਉੱਤੇ ਉਹਨਾਂ ਦਾ ਸਾਰਾ ਧਿਆਨ ਆਪਣੇ ਵੱਲ ਹੁੰਦਾ ਏ। ਦੂਜੇ ਨੰਬਰ ਉੱਤੇ ਉਹ ਆਪਣੇ ਲਾਗੀਆਂ ਲਾਕੜਿਆਂ ਨੂੰ ਮੂਹਰੇ ਰੱਖਦੀਆਂ ਨੇ। ਕਿਉਂ ਜੋ ਇਹਨਾਂ ਰਾਜ ਉਸਾਰੀ ਵਿਚ ਉਹਨਾਂ ਦਾ ਬਾਂਹ ਬੇਲੀ ਬਣਨਾ ਹੁੰਦਾ ਏ। ਲੋਕਾਈ ਤੋਂ ਕਾਲੋਨੀਗੀਰ ਹਾਕਮਾਂ ਵਿਚਾਲੇ ਬੁਲਾਵੇ ਵਰਤਾਵੇ ਦਾ ਪਾਤਰ ਕਰਨਾ ਹੁੰਦਾ ਏ। ਇਹ ਵਿਚੋਲੇ ਕਲੋਨੀਗੀਰਾਂ ਦੀ ਰਕਾਬ ਥੱਲੇ ਟੁਰ ਕੇ ਵੀ ਆਏ ਹੁੰਦੇ ਨੇ ਤੇ ਕਾਲੋਨੀ ਕੀਤੇ ਇਲਾਕਿਆਂ ਦੇ ਪੁਰਾਣੇ ਸੌਖੇ ਮੇਲਾਂ ਵਿਚੋਂ ਵੀ ਲਾਭ ਪਵੰਦੇ ਨੇ। ਰਾਜ ਪ੍ਰਬੰਧ ਨੇ ਵੀ ਵਿਚੋਲੇ ਈ ਘੜਣੇ ਬਣਾਉਣੇ ਹੁੰਦੇ ਨੇ। ਇਹਨਾਂ ਦੀ ਬੋਲੀ ਇਹਨਾਂ ਦੀ ਵਿਚੋਲਗੀਰੀ ਦਾ ਨਿਸ਼ਾਨ ਹੁੰਦੀ ਏ। ਲੋਕ ਬੋਲੀ ਨਾਲ ਮਾੜੀ ਮਾੜੀ ਰਲੇਵੀ ਤੇ ਢੇਰ ਚੋਖੀ ਨਿਖੜਵੀਂ। ਹਾਕਮ ਬੋਲੀ ਨਾਲੋਂ ਉੱਕਾ ਵੱਖਰੀ, ਪਰ ਹਾਕਮ ਲਫ਼ਜ਼ਾਲੀ ਨੂੰ ਆਦਰਦੀ, ਫੜ ਫੜ ਅੰਦਰ ਵਾੜਦੀ ਬਨ੍ਹਾਂਦੀ ਤੇ ਲੱਖ-ਲੱਖ ਸ਼ਗਨ ਕਰਦੀ।

ਨਾਹਤੇ ਧੋਤੇ ਚਿੱਟੇ ਕੱਪੜੀਏ ਕੰਮਾਂ ਕਸਬਾਂ ਨੂੰ ਵੀ ਏਸੇ ਬੋਲੀ ਨਾਲ ਜੋੜਿਆ ਜਾਂਦਾ ਏ। ਵਸੇਬ ਵਿਚ ਕਲੋਨੀਗੀਰਾਂ ਤੋਂ ਦੂਜੇ ਨੰਬਰ ਤੇ ਪੁੱਛ ਪ੍ਰਤੀਤ ਇਹਨਾਂ ਵਿਚੋਲੇ ਮੇਲਾਂ ਦੀ

ਮਿੱਥੀ ਜਾਂਦੀ ਏ। ਵਿਚੋਲੀ ਬੋਲੀ ਤੇ ਵਿਚੋਲੀ ਰਹਿਤਲ ਨੂੰ ਲੋਕਾਈ ਦੇ ਸਿਰ ਮੜ੍ਹ ਕੇ ਦੱਸਿਆ ਜਾਂਦਾ ਏ। ਵਿਚੋਲੇ ਬਣਸੋ ਤਾਂ ਸੌਖੇ ਹੋ ਸਕਦੇ ਓ। ਨਹੀਂ ਤਾਂ ਮਾਂ ਬੋਲੀ ਤੇ ਮਾਂ ਬੋਲੀ ਦੀ ਰਹਿਮਤ ਨਾਲ ਜੁੜ ਕੇ ਹੱਡ ਫੇਂਹਦੇ ਰਵੋ।

ਲੋਕਾਈ ਦੀ ਮਾਂ ਬੋਲੀ ਨੂੰ ਨਿੰਦ ਕੇ ਵਿਚੋਲੇ ਤੇ ਹਾਕਮ ਮੇਲ ਲੋਕਾਈ ਨੂੰ ਨਿੰਦਦੇ ਨੇ। ਜਿਵੇਂ ਉਹਨਾਂ ਦਾ ਇਹ ਆਖਣ ਕਿ ਉਹਨਾਂ ਦੀ ਬੋਲੀ ਤੇ ਗਵਾਰਾਂ ਦੀ ਬੋਲੀ ਏ, ਡੰਗਰਾਂ ਤੇ ਪਸ਼ੂਆਂ ਦੀ। ਖਰ੍ਹਵੀ ਕੋਝੀ ਤੇ ਬੇਵਾਹਤੀ। ਅਦਬ ਅਦਾਬ ਤੋਂ ਧੁਰੋਂ ਵਾਂਝੀ। ਆਖਣ ਦੱਸਣ ਨੂੰ ਇਹ ਸਾਰੀਆਂ ਊਜਾਂ ਤੇ ਲੀਕਾਂ ਬੋਲੀ ਨੂੰ ਨੇ, ਪਰ ਨਹੀਂ ਇਹ ਸਾਰੀਆਂ ਊਜਾਂ ਤੇ ਲੀਕਾਂ ਉਸ ਵਾਹਕ ਰਾਹਕ ਕੰਮੀ ਕਾਰੇ ਜਿਨ੍ਹਾਂ ਦੀ ਕਿਰਤ ਉੱਤੇ ਵਿਚਲੇ ਮੇਲ ਪਲਦੇ ਨੇ ਤੇ ਰਾਜ ਪ੍ਰਬੰਧ ਚੱਲਦੇ ਨੇ।

ਵਿਚਲੀ ਦਰਬਾਰੀ ਬੋਲੀ ਤੇ ਉਤਲੀ ਸ਼ਾਹੀ ਬੋਲੀ ਦੀ ਆਪੋ ਵਿਚ ਭਿਆਲੀ ਹੁੰਦੀ ਏ। ਵਿਚੋਲਿਆਂ ਨੂੰ ਈ ਉਤਲੀ ਸ਼ਾਹੀ ਬੋਲੀ ਦੇ ਰੰਗ ਰੰਗੀਵਨ ਦਾ ਇਵਜ਼ ਮਿਲਦਾ ਏ।

ਅਜਿਹੀਆਂ ਥਾਵਾਂ ਦੇ ਆਜ਼ਾਦੀ ਘੋਲ ਵੀ ਬੜੇ ਸੰਜਾਨਵ ਤੇ ਪੜਚੋਲਣ ਜੋਗ ਹੁੰਦੇ ਨੇ। ਵਿਚੋਲੇ ਮੇਲ ਦੇ ਆਪਣੇ ਸੌ ਪਵਾੜੇ ਹੁੰਦੇ ਨੇ। ਕਾਲੋਨੀਗੀਰ ਹਾਕਮ ਮੇਲ ਦੀ ਸੇਪ ਕਰਦਿਆਂ ਵਿਚੋਲਿਆਂ ਦੀ ਆਪਣੇ 'ਮੈਂ' ਵੀ ਵਧਦੀ ਪਲਦੀ ਏ। ਲੋਕਾਈ ਨੂੰ ਇਹ ਆਪਣੀ ਗੀਤ ਸਮਝਦੇ ਨੇ। ਰਾਜ ਨਾਲ ਲੋਕਾਈ ਦੇ ਟਕਰਾਵਾਂ ਨੂੰ ਇਹਨਾਂ ਆਪਣੇ ਮੇਲ ਦੇ ਟਕਰਾਵਾਂ ਉਹਲੇ ਕੀਤਾ ਹੁੰਦਾ ਏ। ਮੁੜ ਕੇ ਇਹਨਾਂ ਟਕਰਾਵਾਂ ਨੂੰ ਈ ਧਰਮ ਤੇ ਕੌਮ ਦੇ ਨਾਂ ਤੇ ਲੋਕਾਈ ਸਿਰ ਮੜ੍ਹਦੇ ਨੇ। ਲੋਕਾਈ ਨੂੰ ਆਪਣੇ ਪਿੱਛੇ ਲਾਉਂਦੇ ਨੇ। ਹਾਕਮਾਂ ਦੀ ਨੇੜ ਘਿੰਨਣ ਕੀਤੇ ਆਪਸੀ ਖਾਰ ਨੂੰ ਵੀ ਧਰਮ ਕੌਮ ਦੇ ਨਾਂ ਹੇਠ ਵਰਤਦੇ ਨੇ। ਧਰਮ ਕੌਮਾਂ ਦੀ ਵੰਡ ਦੇ ਸਬੂਤ ਲਈ ਬੀਤੇ ਹੰਢੇ ਵੇਲਿਆਂ ਦੀ 'ਅਲਫ਼ ਲੈਲਾ' ਵਿਚ ਜਾ ਅਪੜਦੇ ਨੇ। ਰਜਵਾੜੇ ਸ਼ਾਹੀ ਤੇ ਸੁਲਤਾਨ ਸ਼ਾਹੀ ਦੀਆਂ ਲਪਟਾਂ ਲੈਂਦੇ ਨੇ। ਪੁਰਾਣੇ ਹਾਕਮ ਮੇਲਾਂ ਨਾਲ ਕੰਡ ਜੋੜਦੇ ਨੇ। ਵਾਰ ਨੂੰ ਪਿੱਛੇ ਛੱਡ ਕੇ ਪੜਵਾਰ ਨੂੰ ਫੜ ਲਿਆਉਂਦੇ ਨੇ। ਲੋਕਾਈ ਦਾ ਕਲੋਨੀਗੀਰ ਰਾਜ ਨਾਲ ਪਾੜ ਕੇ ਟਕਰਾਅ ਲੋਕਾਂ ਦੀ ਹੰਢੀ ਵਰਤੀ ਹੁੰਦਿਆਂ ਵੀ ਧਰਮ ਕੌਮ ਦੇ ਰੌਲੇ ਵਿਚ ਗਵਾਚ ਜਾਂਦਾ ਏ। ਇਹ ਕਲੋਨੀਗੀਰ ਦੇ ਪਛੇਤ ਹੁੰਦਿਆਂ ਲੋਕਾਈ ਦੇ ਅਰੇਚ ਬਣ ਖਲੋਂਦੇ ਨੇ। ਆਜ਼ਾਦੀ ਦਾ ਘੋਲ ਛਿੜ ਪੈਂਦਾ ਏ। ਇਹ ਇਹਨਾਂ ਦੀ ਆਪਣੀ ਹਾਕਮੀ ਲਈ ਘੋਲ ਹੁੰਦਾ ਏ ਪਰ ਆਖਿਆ ਇਹਨੂੰ ਲੋਕਾਈ ਤੇ ਦੇਸ਼ ਦੀ ਆਜ਼ਾਦੀ ਦਾ ਘੋਲ ਜਾਂਦਾ ਹੈ।

ਧਰਮ ਤੇ ਕੌਮ ਦੇ ਪੁੱਠੇ ਵੇਰਵਿਆਂ ਨਾਲ ਲੋਕਾਈ ਨੂੰ ਆਪੋ ਵਿਚ ਭੜਾ ਕੇ, ਲੋਕਾਂ ਨੂੰ ਉਹਨਾਂ ਦੀ ਆਪਣੀ ਰੱਤ ਵਿਚ ਈ ਨਵ੍ਹਾ ਕੇ ਪਾਈਆਂ ਵੰਡੀਆਂ ਨੂੰ ਆਜ਼ਾਦੀ ਤੇ ਜਸ਼ਨੇ ਆਜ਼ਾਦੀ ਦੇ ਨਾਂ ਦੇ ਦਿੱਤੇ ਜਾਂਦੇ ਨੇ। 'ਕਲੋਨੀਗੀਰਾਂ' ਦੀ ਗੱਡੀ ਲਈ ਇਹਨਾਂ ਦੀਆਂ ਦਸਤਾਰ ਬੰਦੀਆਂ ਹੋ ਜਾਂਦੀਆਂ ਨੇ। ਕਲੋਨੀਗੀਰੀ ਆਪਣਾ ਰੂਪ ਵਟਾ ਕੇ ਨਵੀਂ ਕਲੋਨੀਗਰੀ ਬਣ ਜਾਂਦੀ ਏ। ਆਪਣੇ ਘਰ ਬਹਿ ਕੇ ਵਿਚੋਲੇ ਹਾਕਮਾਂ ਰਾਹੀਂ ਲੋਕਾਈ ਦੀ ਲੁੱਟ ਚਾਲੂ



ਰੱਖਦੀ ਏ।

ਰਾਜ ਪ੍ਰਬੰਧ ਤੇ ਵਰਤ ਵਰਤਾਰਾ ਉਹੋ ਕਲੋਨੀਗੀਰੀ ਵਾਲਾ ਰਹਿੰਦਾ ਏ। ਬੋਲਿਆਂ ਦੀ ਵੰਡ ਵੀ ਸਗਵੀ ਰਹਿੰਦੀ ਏ। ਉਤਲੀ ਬੋਲੀ ਵਿਚਲੀ ਬੋਲੀ ਤੇ ਕਮੀਰੀ ਖਲਕਤ ਦੀ ਮਾਂ ਬੋਲੀ। ਵਿਚਲੀ ਬੋਲੀ ਉਤਲੀ ਬੋਲੀ ਦੀ ਵਿਚੋਲਗੀਰੀ ਨਹੀਂ ਛੱਡਦੀ। ਕਿਉਂ ਜੋ ਨਵਾਂ ਵਿਚੋਲਾ ਹਾਕਮ ਮੇਲ ਕਲਰਕੀ ਵਾਗ ਡੋਰ ਦੀ ਸਾਂਭ ਦੇ ਨਾਲ-ਨਾਲ ਨਵੇਂ ਕਾਲੋਨੀਗੀਰੀ ਦਾ ਪੱਤੀ ਖੋਰ ਵੀ ਤਾਂ ਹੋ ਨਿਬੜਦਾ ਹੈ। ਲੋਕਾਈ ਦੀ ਲੁੱਟ ਹੋਰ ਘਨੇਰੀ ਹੋ ਵਹਿੰਦੀ ਏ। ਵਿਚੋਲੀ ਬੋਲੀ ਇਸ ਲੁੱਟ ਨੂੰ ਚਾਲੂ ਰੱਖਣ ਲਈ ਧਰਮ ਤੇ ਕੌਮ ਦਾ ਅੰਗ ਮਿੱਥੀ ਜਾਂਦੀ ਏ। ਹੁਣ ਇਹ ਕੌਮ ਤੇ ਧਰਮ ਦੀਆਂ ਛਮਕਾਂ ਫੜ ਕੇ ਪਿੜ ਵਿਚ ਲਾਕੜੀਆਂ ਹਾਰ ਗੇੜੇ ਕੱਟਦੀ ਏ। ਲੋਕਾਈ ਨੂੰ ਪੜ੍ਹਾਈ ਲਿਖਾਈ ਤੇ ਰੋਟੀ ਰੋਜ਼ੀ ਤੋਂ ਦੁਰਾਡਿਆਂ ਰੱਖਣ ਦਾ ਹੋਰ ਵੀ ਆਹਰ ਕਰਦੀ ਏ। ਆਪਣਾ ਹੰਗਾਲ ਤੇ ਜੂਠ ਲੋਕਾਂ ਨੂੰ ਵਰਤਾਂਦੀ ਏ।

ਵਿਚੋਲੀ ਬੋਲੀ ਨੂੰ ਕੌਮ ਤੇ ਧਰਮ ਦੇ ਬਚਾਅ ਦੀ ਕੁੰਜੀ ਦੱਸਦੀ ਨਹੀਂ ਥੱਕਦੀ। ਬੋਲੀ ਕੀ ਹੁੰਦੀ ਹੈ, ਉਸ ਕਰਨਾ ਕੀ ਹੁੰਦਾ ਏ? ਲੋਕਾਈ ਨੂੰ ਇਹਦੀ ਸਮਝ ਨਹੀਂ ਆਉਣ ਦਿੰਦੀ। ਇਹਨੂੰ ਮਾਂ ਬੋਲੀ ਤੋ ਐਨਾ ਡਰ ਰਹਿੰਦਾ ਏ ਜੋ ਹਰ ਵੇਲੇ ਉਹਨੂੰ ਝਪਣ ਦੇ ਆਹਰ ਲੱਗੀ ਰਹਿੰਦੀ ਏ।

ਵਿਚੋਲੇ ਅਸਲੇ ਦਾ ਨਵਾਂ ਹਾਕਮ ਮੇਲ ਇਸ ਕੌਮ ਤੇ ਧਰਮ ਦੀ ਥੰਮ ਬੋਲੀ ਨੂੰ ਨਿਵਾਜਦਾ ਨਹੀਂ ਥੱਕਦਾ, ਇਹਦੇ ਛਾਪਣ ਪ੍ਰਚਾਰਨ ਨਾਲ ਜੁੜੇ ਸੇਪੀਆਂ ਨੂੰ ਰਿਆਇਤਾਂ ਦਿੰਦਾ ਏ। ਇਹ ਲੋਕ ਮਿਹਨਤ ਦੀ ਲੁੱਟ ਦੇ ਨਾਲ-ਨਾਲ ਲੋਕਾਂ ਦੇ ਬੋਝਿਆਂ ਉੱਤੇ ਪਲਦੀ ਏ। ਮਾਂ ਬੋਲੀ ਦੀ ਲਫ਼ਜਾਲੀ ਨੂੰ ਢਾਅ ਲਾਉਂਦੀ ਏ। ਸਕੂਲਾਂ ਤੇ ਪੜ੍ਹਾਈ ਲਿਖਾਈ ਦੀਆਂ ਸੱਥਾਂ ਦੇ ਨੇੜੇ ਤਾਂ ਉਹਨੂੰ ਆਉਣ ਨਹੀਂ ਦਿੰਦੀ ਪਰ ਆਪ ਧਾਈਆਂ ਕਰ-ਕਰ ਕੇ ਉਹਦੇ ਉੱਤੇ ਪਾਉਂਦੀ ਏ। ਉਹਦੀ ਲਫ਼ਜਾਲੀ ਉੱਤੇ ਬੰਬਾਂ ਵਾਕਣ ਡਿੱਗਦੀ ਏ ਤੇ ਖੱਪੇ ਪਾਉਂਦੀ ਟੁਰ ਜਾਂਦੀ ਏ।

ਅਜਿਹੀ ਹੁੰਦੀ ਵਰਤਦੀ ਵਿਚ ਵੀ ਮਾਂ ਬੋਲੀ ਆਪਣੀ ਸੰਜਾਣ ਕਰਾਉਣੋਂ ਨਹੀਂ ਹੱਟਦੀ। ਵਿਚੋਲੀ ਬੋਲੀ ਦੇ ਲੜ ਲੱਗੇ, ਦਿਨ ਪਰ ਰਾਤ ਵਿਚੋਲੀ ਬੋਲੀ ਬੋਲਦੇ ਵਿਚੋਲਿਆਂ ਦੇ ਉਚਾਰਨ ਵਿਚੋਂ ਇੰਝ ਆਪਣਾ ਆਪ ਵਿਖਾਉਂਦੀ ਏ ਜੋ ਵਿਚੋਲੇ ਆਪ ਈ ਆਪਣੇ ਮੂੰਹੋਂ ਕੂੜੇ ਹੋ ਹੋ ਜਾਂਦੇ ਨੇ।

ਇਹ ਮਾਂ ਬੋਲੀ ਦੀ ਇਕ ਹੋਰ ਵੱਡੀ ਪਛਾਣ ਤੇ ਸਿਫ਼ਤ ਏ, ਇਹ ਉਚਾਰਨ ਵਿਚੋਂ ਨਹੀਂ ਜਾਂਦੀ। ਕੋਈ ਲੱਖ ਆਪਣਾ ਉਚਾਰਨ ਬਦਲ ਲਵੇ, ਆਪਣੀ ਜੀਭ ਜਿੰਨੀ ਮਰਜ਼ੀ ਮਾਂਜ ਕੂਚ ਲਵੇ, ਮਾਂ ਬੋਲੀ ਦੇ ਉਚਾਰਨ ਪੀੜ੍ਹੀਆਂ ਤੀਕਰ ਨਿਭਦਿਆਂ ਜਾਣਾ ਹੁੰਦਾ ਏ।

2.

ਪੰਜਾਬ ਸਰਕਾਰ ਪੜ੍ਹਾਈ ਲਿਖਾਈ ਦੇ ਨਾਂ ਉੱਤੇ ਪੰਜਾਬ ਦੀਆਂ ਜੜ੍ਹਾਂ ਵਿਚ ਤੇਲ ਦੇਣ ਟੁਰ ਪਈ ਏ। ਅੰਗਰੇਜ਼ਾਂ ਦੇ ਵੇਲੇ ਤੋਂ ਟੁਰੀ ਹੋਈ ਪੜ੍ਹਾਈ ਲਿਖਾਈ ਨੇ ਹੁਣ ਤੀਕਰ ਪੰਜਾਬ

ਨਾਲ ਜੋ ਕੀਤੀ ਏ, ਕਿਸੇ ਤੋਂ ਲੁਕੀ ਨਹੀਂ। ਆਖਣ ਨੂੰ ਪੰਜਾਬ ਵਿਚ ਪੜ੍ਹਿਆਂ ਲਿਖਿਆਂ ਦਾ ਕਾਲ ਨਹੀਂ। ਸਿੰਧ ਤੋਂ ਮਗਰੋਂ ਖਬਰੇ ਪੂਰੇ ਪਾਕਿਸਤਾਨ ਵਿਚ ਚੋਖੇ ਪੜ੍ਹੇ ਲਿਖੇ ਪੰਜਾਬ ਵਿਚ ਈ ਲੱਭਦੇ ਨੇ। ਇਹਨਾਂ ਦੀ ਪੜ੍ਹਾਈ ਲਿਖਾਈ ਜਾਂਚਣੀ ਹੋਵੇ ਤਾਂ ਇਹਨਾਂ ਨੂੰ ਆਮ ਵਰਤਾਰੇ ਦੇ ਕੋਈ ਚਾਰ ਲਫ਼ਜ਼ ਪੰਜਾਬੀ ਦੇ ਲਿਖਾ ਕੇ ਵੇਖ ਲਵੋ ਜੇ ਲਿਖ ਜਾਵਣ ਤਾਂ ਆਖਿਆ ਜੇ। ਇੰਝ ਕੋਈ ਚਾਰ ਅੱਖਰ ਪੰਜਾਬੀ ਦੇ ਪੜ੍ਹਨ ਲਈ ਅੱਗੇ ਧਰ ਦਿਉ, ਜੇ ਇਹ ਹੱਸ ਕੇ ਨਾ ਵਲਾਣ ਤਾਂ ਸਾਡਾ ਨਾਂ ਵਟਾ ਦਿਉ ਜੇ। ਚਲੋ ਇਹ ਵੀ ਛੱਡੋ ਇਹਨਾਂ ਪੜ੍ਹਿਆਂ ਲਿਖਿਆਂ ਤੋਂ ਨਿਰਾ ਪੰਜਾਬੀ ਬਾਰੇ ਵਿਚਾਰ ਵੀ ਪੁੱਛ ਵੇਖੋ। ਸਾਰੇ ਇਹ ਆਖਣ, ਇਹਦੇ ਵਿਚ ਵੀ ਲਿਖਿਆ ਪੜ੍ਹਿਆ ਜਾ ਸਕਦਾ ਏ? ਮਤਲਬ ਪੰਜਾਬੀ ਤਾਂ ਐਨੇ ਜੋਗੀ ਹੈ ਈ ਨਹੀਂ ਜੋ ਪੜ੍ਹਾਈ ਲਿਖਾਈ ਦੇ ਕੰਮ ਆ ਸਕੇ। ਇਹ ਗੱਲ ਅਸੀਂ ਉਸ ਉਮਰ ਦੇ ਬੰਦਿਆਂ ਦੀ ਕਰਦੇ ਪਏ ਹਾਂ ਜਿਨ੍ਹਾਂ ਵੇਲੇ ਸਕੂਲਾਂ ਵਿਚ ਮਾਸਟਰ ਆਮ ਕਰਕੇ ਪੰਜਾਬੀ ਬੋਲਦੇ ਸਨ। ਜਿਹੜੀ ਵੀ ਬੋਲੀ ਪੜ੍ਹਾਉਂਦੇ ਸਨ ਤੇ ਜਿਹੜਾ ਵੀ ਸਬਕ ਦਿੰਦੇ ਸਨ ਪੰਜਾਬੀ ਵਿਚ ਈ ਹੁੰਦਾ ਸੀ। ਉਹਨਾਂ ਵੇਲਿਆਂ ਵਿਚ ਸਕੂਲੀ ਕੁੜੀਆਂ ਮੁੰਡਿਆਂ ਦੇ ਆਪੋ ਵਿਚ ਪੰਜਾਬੀ ਬੋਲਣ ਦੀ ਕੋਈ ਮਨਾਹੀ ਨਹੀਂ ਸੀ। ਅਸੀਂ ਕੋਈ ਯੁੱਗਾਂ ਪੁਰਾਣੀ ਗੱਲ ਨਹੀਂ ਪਏ ਕਰਦੇ, ਤਿੰਨ ਚਾਰ ਦਹਾਕਿਆਂ ਦੀ ਕਹਾਣੀ ਪਣੇ ਦੱਸਣੇ ਆਂ। ਜਿਹੜੀ ਪੀੜ੍ਹੀ ਸਾਡੇ ਸਾਹਮਣੇ ਏ ਇਹ ਪੰਜਾਬੀ ਭਾਵੇਂ ਪੜ੍ਹ ਲਿਖ ਨਹੀਂ ਸੀ ਸਕਦੀ ਪਰ ਬੋਲਦੀ ਪੰਜਾਬੀ ਈ ਸੀ। ਪੰਜਾਬੀ ਵੀ ਐਵੇਂ ਜਿਹੀ ਨਹੀਂ ਪੱਕੀ ਪੀਡੀ ਪੰਜਾਬੀ। ਇੰਝ ਈ ਇਹਨਾਂ ਸਾਹਮਣੇ ਕੋਈ ਪੰਜਾਬੀ ਬੋਲਦਾ ਸੀ ਤੇ ਇਹਨਾਂ ਨੂੰ ਪੰਜਾਬੀ ਦੀ ਸਮਝ ਵੀ ਆਉਂਦੀ ਸੀ। ਇਸ ਪੀੜ੍ਹੀ ਦੇ ਮਾਪੇ ਘਰਾਂ ਵਿਚ ਪੰਜਾਬੀ ਬੋਲਦੇ ਸਨ ਆਪਸ ਵਿਚ ਵੀ ਤੇ ਇਹਨਾਂ ਦੇ ਨਾਲ ਵੀ।

ਮੁੜ ਇਸੇ ਪੀੜ੍ਹੀ ਆਪਣੇ ਪੁੱਤਰਾਂ ਧੀਆਂ ਨਾਲ ਹੌਲੀ-ਹੌਲੀ ਕੋਈ ਹੋਰ ਬੋਲੀ ਛੋਹੀ। ਕਿਹੜੀ ਜਿਹਦੇ ਰਾਹੀਂ ਸਕੂਲਾਂ ਵਿਚ ਪੜ੍ਹਾਈ ਲਿਖਾਈ ਹੁੰਦੀ ਸੀ, ਜਿਹਦੇ ਰਾਹੀਂ ਨੌਕਰੀ ਰੁਜ਼ਗਾਰ ਜੁੜਦੇ ਸਨ।

ਅੱਜ ਸ਼ਹਿਰਾਂ ਦੇ ਮਾੜੇ ਮਰੇੜੇ ਘਰਾਂ ਵਿਚ ਵੀ ਬਾਲਾਂ ਨਾਲ ਪੰਜਾਬੀ ਨਹੀਂ ਬੋਲੀ ਜਾਂਦੀ। ਮਾਪੇ ਆਪੋ ਵਿਚ ਵੀ ਜਿਹੜੀ ਪੰਜਾਬੀ ਬੋਲਦੇ ਨੇ, ਪੰਜਾਬੀ ਨਹੀਂ ਹੁੰਦੀ। ਗੁਲਾਬੀ ਪੰਜਾਬੀ ਹੁੰਦੀ ਏ। ਬਾਲਾਂ ਨਾਲ ਜਿਹੜੀ ਬੋਲੀ ਬੋਲਦੇ ਨੇ ਉਹਨੂੰ ਬੜੇ ਆਰਾਮ ਨਾਲ ਗੁਲਾਬੀ ਉਰਦੂ ਆਖਿਆ ਜਾ ਸਕਦਾ ਏ। ਉਰਦੂ ਲਫ਼ਜ਼ਾਂ ਨੂੰ ਪੰਜਾਬੀ ਉਚਾਰਨ ਨਾਲ ਅੱਡੀਆਂ ਚੁੱਕ ਚੁੱਕ ਕੇ ਬੋਲਿਆ ਜਾਂਦਾ ਏ। ਇਹੋ ਉਰਦੂ ਬਾਲ ਸਿੱਖਦੇ ਨੇ। ਇਹੋ ਸਕੂਲਾਂ ਵਿਚ ਵਰਤਦੇ ਨੇ। ਇਹੋ ਉਹਨਾਂ ਦੇ ਉਸਤਾਦ ਤੇ ਉਸਤਾਨੀਆਂ ਉਹਨਾਂ ਨਾਲ ਬੋਲਦੇ ਨੇ। ਬਾਲਾਂ ਨੂੰ ਪੰਜਾਬੀ ਦਾ ਕੋਈ ਇਕ ਲਫ਼ਜ਼ ਵੀ ਬੋਲਣ ਨਹੀਂ ਦਿੱਤਾ ਜਾਂਦਾ। ਘਰਾਂ ਤੋਂ ਲੈ ਕੇ ਸਕੂਲਾਂ ਤੀਕਰ। ਜੇ ਕਿਧਰੇ ਬੋਲ ਬਹਿਣ ਜਾਂ ਝਾੜ ਝੰਬ ਹੁੰਦੇ ਨੇ। ਨਾਲ ਗਵਾਰ, ਅਨਪੜ੍ਹ ਤੇ ਡੰਗਰ ਹੋਵਣ ਦੇ ਮਿਹਣ ਵੀ ਦਿੱਤੇ ਜਾਂਦੇ ਨੇ।



ਏਸ ਸਾਰੇ ਵਰਤ ਵਰਤਾਰੇ ਦਾ ਸਿੱਟਾ ਇਹ ਨਿਕਲਿਆ ਏ ਕਿ ਘਰਾਂ ਦੇ ਵੱਡ ਵਡੇਰੇ ਵੀ ਪੰਜਾਬੀ ਛੱਡ ਕੇ ਉਰਦੂ ਬੋਲਣ ਦੇ ਯਤਨ ਕਰਦੇ ਦਿਸਦੇ ਨੇ। ਕੰਮਾਂ ਕਾਰਾਂ ਵਾਲੇ, ਦਿਹਾੜੀਦਾਰ, ਫੇਰਿਆਂ ਰੇੜ੍ਹਿਆਂ ਵਾਲੇ, ਹੱਟੀਆਂ ਸਟੋਰਾਂ ਤੇ ਬੇਕਰੀਆਂ ਦੇ ਕਰਿੰਦੇ ਵੀ ਮਾਂ ਬੋਲੀ ਪੰਜਾਬੀ ਵਿਚ ਗੱਲ ਕਰਨੋਂ ਭੈੜ ਪੈਂਦੇ ਨੇ।

ਇਹਦੇ ਤੋਂ ਵੱਖ ਜਿਹੜੇ ਪਾਸੇ ਧਿਆਨ ਮਾਰੋ ਰੇਡੀਓ, ਟੀ.ਵੀ., ਫਿਲਮ, ਕਿਤਾਬ, ਰਸਾਲਾ, ਅਖ਼ਬਾਰ ਵਰਗੀਆਂ ਪ੍ਰਚਾਰ ਖਿਲਾਰ ਤੇ ਮਨ ਪ੍ਰਚਾਵੇ ਦੀਆਂ ਸ਼ੈਆਂ ਦਾ ਹੜ੍ਹ ਆਇਆ ਹੋਇਆ ਏ। ਪਰ ਇਹਨਾਂ ਦੀ ਜ਼ੁਬਾਨ ਭੁੱਲ ਕੇ ਵੀ ਪੰਜਾਬੀ ਨਹੀਂ। ਦਫ਼ਤਰਾਂ, ਅਦਾਲਤਾਂ, ਕਚਹਿਰੀਆਂ, ਤਹਿਸੀਲਾਂ ਤੇ ਥਾਣਿਆਂ ਵੱਲ ਵੇਖ ਲਵੋ, ਜਿੰਨਾ ਕੰਮ ਕਾਰ ਏ ਪੰਜਾਬੀ ਵਿਚ ਨਹੀਂ।

ਥਲੜੇ ਮੇਲਾਂ ਦੀ ਲੋਕਾਈ ਜਿਹੜੀ ਹਾਲੇ ਤਾਈਂ ਪੰਜਾਬੀ ਨਾਲ ਜੁੜੀ ਹੋਈ ਏ, ਆਪਣੀ ਹਰ ਗੱਲ ਪੰਜਾਬੀ ਵਿਚ ਕਰਦੀ ਏ, ਹਰ ਕੰਮ ਪੰਜਾਬੀ ਰਾਹੀਂ ਕਰਦੀ ਏ। ਉਹਦੇ ਸਿਰ ਉੱਤੇ ਪੰਜਾਬੀ ਖਿਲਾਫ਼ ਵਰਤਾਰੇ ਦੀ ਇਕ ਢੇਰ ਵੱਡੀ ਝਾਲ ਲੱਥੀ ਹੋਈ ਏ। ਪੜ੍ਹਨ ਲਿਖਣ ਦੀ ਜਾਂਚ ਹੱਥੋਂ ਆਤਰ ਇਹ ਲੋਕਾਈ ਆਪਣੀ ਬਦਕਿਸਮਤੀ ਤੇ ਮਰੇੜਤ ਦੂਜੀਆਂ ਬੋਲੀਆਂ ਵਿਚ ਨਾ ਪੜ੍ਹਿਆ ਹੋਵਣ ਖ਼ਿਆਲ ਕਰਦੀ ਏ। ਇਸ ਲੋਕਾਈ ਨੂੰ ਪੰਜਾਬੀ ਉੱਤੇ ਵਿਸ਼ਵਾਸ ਵੀ ਏ ਤਾਂ ਜੋ ਕੁਝ ਉਹਨੂੰ ਦਿਨ ਪਰ ਰਾਤ ਪੜ੍ਹਿਆਂ ਲਿਖਿਆਂ ਪਾਰੋਂ ਝਾਗਣਾ ਪਵੰਦਾ ਏ ਉਹਦੇ ਨਾਲ ਹਿਰਖ ਜਿਹੇ ਦੀ ਹਾਲਤ ਜ਼ਰੂਰ ਜੁੜੀ ਹੋਈ ਏ।

ਪੰਜਾਬੀ ਦੇ ਲਫ਼ਜ਼ ਦਿਨੋ ਦਿਨ ਵਰਤੋਂ ਵਿਚੋਂ ਨਿਕਲੀ ਜਾਂਦੇ ਨੇ, ਇਹਨਾਂ ਦੀ ਥਾਂ ਜਿਹੜੇ ਲਫ਼ਜ਼ ਆਉਂਦੇ ਪਏ ਨੇ ਉਹ ਪੰਜਾਬੀ ਦੀ ਗਰਾਮਰ ਵੀ ਮੁਕਾਈ ਜਾਂਦੇ ਨੇ। ਪੰਜਾਬੀ ਦੇ ਜਿਹੜੇ ਬਹੁਤੇ ਲਿਖਿਆਰ ਸ਼ਾਇਰ ਬਣੇ ਫਿਰਦੇ ਨੇ ਸਾਰੇ ਆਪਣੀ ਮਾੜੀ ਮੋਟੀ ਪੜ੍ਹਾਈ ਲਿਖਾਈ ਪਾਰੋਂ ਪੰਜਾਬੀ ਤੋਂ ਦੂਰ ਨੇ। ਇਸ ਕਰਕੇ ਜਿਹੜੀ ਬੋਲੀ ਲਿਖਦੇ ਨੇ ਉਹ ਪੰਜਾਬੀ ਨਹੀਂ ਗੁਲਾਬੀ ਉਰਦੂ ਹੁੰਦੀ ਏ। ਇਹ ਵਰਤਾਰਾ ਈ ਤਾਂ ਕਿਸੇ ਬੋਲੀ ਤੇ ਉਹਦੇ ਬੋਲਣ ਵਾਲੀ ਵਸੋਂ ਦਾ ਕਤਲਾਮ ਅਖਵਾਉਂਦਾ ਏ। ਇਸ ਹਿਸਾਬ ਨਾਲ ਪੰਜਾਬੀ ਦਾ ਸਿੱਧਾ ਸਾਹਵਾਂ ਕਤਲਾਮ ਪਿਆ ਹੁੰਦਾ ਏ। ਪੰਜਾਬੀ ਨੂੰ ਮੁਕਾਇਆ ਜਾਂਦਾ ਪਿਆ ਏ। ਪੰਜਾਬੀ ਮੁੱਕਣ ਦਾ ਮਤਲਬ ਏ ਪੰਜਾਬ ਮੁੱਕਣ।

ਇਸ ਸਾਰੇ ਪੁਆੜੇ ਦੀ ਜੜ੍ਹ ਪੰਜਾਬੀ ਵਸੋਂ ਨੂੰ ਪੰਜਾਬੀ ਵਿਚ ਪੜ੍ਹਣੋਂ ਲਿਖਣੋ ਡੱਕਣ ਓਭੜ ਤੇ ਮਸਨੂਈ ਬੋਲੀ ਲਿਆ ਮੜ੍ਹਣ। ਪੰਜਾਬੀ ਵਾਸੀਆਂ ਲਈ ਸ਼ਰਤ ਲਾਉਣ- ਸਰਕਾਰੀ ਨੌਕਰੀ ਜਾਂ ਕੁਰਸੀ ਲੈਣੀ ਏ ਤਾਂ ਆਪਣੀ ਬੋਲੀ ਭੁੱਲ ਕੇ ਵਿਚੋਲੀ ਬੋਲੀ ਸਿੱਖੋ, ਵਿਚੋਲਿਆਂ ਦਾ ਨੇੜ ਕਮਾਓ। ਹਾਕਮਾਂ ਦੀ ਨੇੜ ਲੋੜਦੇ ਓ ਤਾਂ ਹਾਕਮ ਬੋਲੀ ਸਿੱਖ ਕੇ ਆਓ।

ਇਹ ਕਾਲਾ ਕਾਰਾ ਅੰਗਰੇਜ਼ਾਂ ਕੀਤਾ। ਉਹਨਾਂ ਦਾ ਨਿਸ਼ਾਨਾ ਪੰਜਾਬ ਨੂੰ ਦਿੱਲੀ ਵਿਚ ਕਾਇਮ ਕੀਤੇ ਆਪਣੇ ਰਾਜ ਨਾਲ ਜੋੜਨਾ ਸੀ। ਜਿਹੜੇ ਲੋਕਾਂ ਅੰਗਰੇਜ਼ਾਂ ਦੇ ਇਸ ਅਨਿਆਂ

ਥੱਲੇ ਆਪਣੀ ਬੋਲੀ ਛੱਡ ਦਿੱਤੀ ਉਹਨਾਂ ਨੂੰ ਨੌਕਰੀਆਂ ਤੇ ਕੁਰਸੀਆਂ ਥੱਲੜੇ ਦਰਜੇ ਦੀ ਹਾਕਮੀ ਦਾ ਨਿਸ਼ਾਨਾ ਸਨ। ਵਪਾਰਾਂ ਤੇ ਜ਼ਮੀਨਾਂ ਸਿਰ ਹਾਕਮਾਂ ਦੀ ਲਾਗ ਤਾਂ ਪੁਰਾਣੀ ਟੁਰੀ ਆਉਂਦੀ ਸੀ। ਨੌਕਰੀਆਂ ਤੇ ਕੁਰਸੀਆਂ ਦਾ ਹੜ੍ਹ ਸੱਜਰਾ ਆਇਆ।

ਮਾਂ ਬੋਲੀ ਛੱਡਣ ਤੇ ਲਾਭ ਬੋਲੀ ਫੜਨ ਨਾਲ ਬੰਦਾ ਉਹ ਤਾਂ ਰਹਿੰਦਾ ਈ ਨਹੀਂ ਜਿਹਾ ਕੁਦਰਤੀ ਬਣਾਇਆ ਹੁੰਦਾ ਏ। ਸਾਂਝੀ ਕੁਦਰਤੀ ਹੋਂਦ ਨੂੰ ਛੱਡ ਕੇ ਜਿਹੜਾ ਵਿਹਾਰ ਨੂੰ ਜਾ ਚਿੰਬੜੇ ਉਹ ਤਾਂ ਫਿਰ ਵਿਹਾਰੂ ਈ ਹੋ ਨਿਬੜਦਾ ਏ। ਨਿੱਜੀ ਲਾਭ ਪਿਆਰਾ। ਉਹਦੇ ਵਿਤਕਰੇ ਤਾਂ ਬਣਨੇ ਨੇ, ਧਰਮ, ਕੌਮ, ਰੰਗ, ਨਸਲ ਤੇ ਬੋਲੀ ਦੇ। ਇਹਨਾਂ ਵਿਤਕਰਿਆਂ ਉਹਲੇ ਲਾਭ ਤੇ ਹਿੱਤ ਹੁੰਦੇ ਨੇ। ਸਾਰਿਆਂ ਵਿਚ ਇਕ ਸਿੱਕ ਹੁੰਦੀ ਏ ਆਪ ਈ ਆਪ ਹੋਵਣ ਦੀ, ਦੂਜਾ ਵੇਖ ਨਾ ਸੁਖਾਉਣ ਦੀ। ਹਰ ਸ਼ੈਅ ਉੱਤੇ ਉਹਦੀ ਮਲ ਹੋਵੇ। ਸਾਂਝ ਨਾਲ ਉਹਦਾ ਸ਼ਰੀਕਾ ਲੱਗ ਜਾਂਦਾ ਏ।

ਵਿਹਾਰੂ ਬੰਦੇ ਨੂੰ ਕੁਦਰਤ ਦੀ ਬਖਸ਼ੀ ਕੋਈ ਸ਼ੈਅ ਇਸ ਲਈ ਵਾਰਾ ਨਹੀਂ ਖਾਂਦੀ ਕਿਉਂ ਜੋ ਉਹਦੇ ਵਿਚ ਸਾਂਝ ਹੁੰਦੀ ਏ। ਇਸ ਕਰਕੇ ਉਹ ਆਪਣੀ ਸਾਂਝੀ ਕੁਦਰਤੀ ਉਸਾਰੀ ਦਾ ਇਨਕਾਰੀ ਹੁੰਦੀ ਏ। ਮਲ ਮਾਲਕੀ ਦੇ ਵਿਹਾਰ ਨਾਲ ਗਿੜ ਕੇ ਉਹ ਕੁਦਰਤ ਸਾਹਵੇਂ ਝੂਠੇ ਪੈਂਤੜੇ ਉਸਾਰਦਾ ਏ ਤੇ ਲੋਕਾਈ ਦੀਆਂ ਕੁਦਰਤੀ ਸਾਂਝਾਂ ਨੂੰ ਮਧੋਲਦਾ ਏ।

ਸਾਡੇ ਇਥੇ ਇਹੋ ਹੋਇਆ ਏ। ਵਿਹਾਰੂ ਧਿਰ ਕੁਦਰਤ ਨਾਲ ਵੈਰ ਲਾਈ ਖਲ੍ਹੀ ਏ।

ਪੰਜਾਬੀ ਕੁਦਰਤੀ ਹੋਂਦ ਦੀ ਬੋਲੀ ਏ। ਪੂਰੇ ਪੰਜਾਬ ਵਿਚ ਜਿੰਨੀ ਵੀ ਬੋਲੀ ਵੰਨ ਸੁਵੰਨੀ ਏ ਉਹਦੀ ਸਾਂਝ ਦਾ ਨਾਂ ਪੰਜਾਬੀ ਏ, ਫਿਰ ਇਹ ਨਿਰੀ ਪੰਜਾਬ ਤਾਈਂ ਈ ਸੌੜੀ ਨਹੀਂ ਇਹਦੀਆਂ ਸਾਂਝਾਂ ਪਾਕਿਸਤਾਨ ਦੇ ਹੋਰ ਤਿੰਨ ਸੂਬਿਆਂ ਨਾਲ ਵੀ ਘਣੀਆਂ ਤੇ ਡੂੰਘੀਆਂ ਨੇ। ਏਸ ਸਾਂਗੇ ਇਹ ਪੂਰਾ ਪਾਕਿਸਤਾਨ ਏ। ਇਹਦੇ ਵਡੱਕਿਆਂ ਪਾਰੋਂ ਈ ਇਥੇ ਰੱਬੀ ਵਹਿਦ਼ਤ ਦਾ ਜਲਵਾ ਹੋਇਆ ਏ।

ਪੰਜਾਬੀ ਨੂੰ ਬਚਾਉਣ ਪੂਰਾ ਪਾਕਿਸਤਾਨ ਬਚਾਉਣਾ ਏ। ਪਾਕਿਸਤਾਨ ਦੀ ਚਹੁੰ ਸੂਬਿਆਂ ਦੀ ਲੰਮੀ ਚੌੜੀ ਤਵਾਰੀਖ਼ ਤੇ ਰਹਿਤਲ ਵੰਨ ਸੁਵੰਨ ਨੂੰ ਬਚਾਉਣਾ ਏ। ਇਸ ਬਚਾਅ ਦੀ ਸ਼ਕਲ ਇਕੋ ਇਕ ਏ ਬਈ ਜਿੰਨੀ ਛੇਤੀ ਹੋਵੇ ਪੰਜਾਬ ਵਿਚ ਪੰਜਾਬੀ ਲਾਗੂ ਕੀਤੀ ਜਾਵੇ। ਬਾਲਾਂ ਦੀ ਮੁੱਢਲੀ ਪੜ੍ਹਾਈ ਲਿਖਾਈ ਦਾ ਵਸੀਲਾ ਤੁਰੰਤ ਪੰਜਾਬੀ ਬਣਾਇਆ ਜਾਵੇ। ਦਫ਼ਤਰੀ, ਅਦਾਲਤੀ ਮਾਮਲਿਆਂ ਵਿਚ ਇਹਦੀ ਪੜ੍ਹਤ ਲਿਖਤ ਚਾਲੂ ਕੀਤੀ ਜਾਵੇ। ਸੂਬਾ ਪੱਧਰ ਤੇ ਸਰਕਾਰੀ ਅਹਿਲਕਾਰਾਂ ਤੇ ਅਫਸਰਾਂ ਨੂੰ ਪੰਜਾਬੀ ਪੜ੍ਹਨ ਲਿਖਣ ਦੀ ਜਾਂਚ ਸਿਖਾਈ ਜਾਵੇ, ਉਹਨਾਂ ਦੇ ਪੰਜਾਬੀ ਵਿਚ ਇਮਤਿਹਾਨ ਲਏ ਜਾਣ ਤੇ ਲੋਕਾਈ ਨੂੰ ਖੁੱਲ੍ਹ ਦਿੱਤੀ ਜਾਵੇ ਕਿ ਦਫ਼ਤਰੀ ਮਾਮਲਿਆਂ ਵਿਚ ਪੰਜਾਬੀ ਰਾਹੀਂ ਆਪਣੀ ਸੁਣਾਨ।

ਪੰਜਾਬ ਨਿਰਾ ਪੰਜਾਬੀ ਰਾਹੀਂ ਈ ਪੜ੍ਹਿਆ ਲਿਖਿਆ ਹੋ ਸਕਦਾ ਏ। ਪੰਜਾਬੀ ਬਿਨਾਂ ਪੜ੍ਹਿਆ ਲਿਖਿਆ ਪੰਜਾਬ, ਪੰਜਾਬੀ ਤੇ ਪੰਜਾਬ ਦੋਵਾਂ ਦੀ ਮੌਤ ਹੋਸੀ। (ਪੰਚਮ, ਲਾਹੌਰ)

●●●



ਭਾਰਤੀ ਹਿੰਦੀ

ਕਵਿਤਾ

# ਹਰਭਗਵਾਨ ਚਾਵਲਾ ਦੀਆਂ ਕਵਿਤਾਵਾਂ

- ਪੰਜਾਬੀ ਅਨੁਵਾਦ - ਹਰਸਿਮਰਨ ਸਿੰਘ ਰੰਧਾਵਾ

## ਰੱਬ - 01

ਓ ਰੱਬਾ
ਬਹੁਤ ਹੋ ਗਿਆ
ਹੁਣ ਤਬਾਹ ਕਰਦੇ
ਦੁਨੀਆਂ ਦੇ ਸਾਰੇ ਪੂਜਾ ਘਰ
ਤੂੰ ਵੇਖੀਂ
ਦੁਨੀਆਂ ਬੜੀ ਸੁਖੀ ਹੋ ਜਾਵੇਗੀ
ਅਤੇ ਤੂੰ ਵੀ!

## ਰੱਬ - 02

ਦਿਨ ਰਾਤ ਲੱਖਾਂ ਕਰੋੜਾਂ
ਲੋਕਾਂ ਵਲੋਂ ਕੀਤੀ ਜਾ ਰਹੀ
ਚਾਪਲੂਸੀ ਭਰੀਆਂ ਬੇਨਤੀਆਂ ਨੂੰ
ਸੁਣਕੇ ਤੂੰ ਉਕਤਾਉਂਦਾ ਨਹੀਂ ਏਂ
ਓ ਰੱਬਾ!
ਸਾਰੇ ਚਾਪਲੂਸਾਂ ਨੂੰ ਗੂੰਗਾ ਕਰਦੇ
ਵੇਖੀਂ
ਤੂੰ ਕਿੰਨਾ ਮਜ਼ੇ ਵਿਚ ਰਹਿੰਦਾ ਏਂ।

## ਰੱਬ - 03

ਤੂੰ ਆਪਣੇ ਭਗਤਾਂ ਦੀਆਂ
ਦੁਆਵਾਂ ਕਬੂਲਦਾ ਏਂ
ਉਨ੍ਹਾਂ ਨੂੰ ਅਸੀਸਾਂ ਦਿੰਦਾ ਏਂ
ਹੁਣ ਬੰਦ ਕਰ ਇਹ ਅਸੀਸਾਂ
ਤੇਰੀਆਂ ਅਸੀਸਾਂ ਨੇ
ਦੁਨੀਆਂ ਨੂੰ ਨਰਕ ਬਣਾ ਦਿੱਤਾ ਹੈ।

## ਰੱਬ - 04

ਓ ਰੱਬਾ!
ਆਪਣੀ ਛੱਤਰੀ ਮੈਨੂੰ ਦੇ ਦੇ
ਮੇਰਾ ਵਾਦਾ ਰਿਹਾ
ਮੈਂ ਉਸਨੂੰ ਬੰਦ ਨਹੀਂ ਰੱਖਾਂਗਾ
ਤੇਰੇ ਵਾਂਗੂ
ਬਲਕਿ ਦੁਨੀਆਂ 'ਤੇ ਫੈਲਾ ਦੇਵਾਂਗਾ
ਅਤੇ ਬਚਾਵਾਂਗਾ ਉਸਨੂੰ
ਧੁੱਪ ਅਤੇ ਮੀਂਹ ਤੋਂ।

## ਰੱਬ - 05

ਕਾਇਮ ਰਹੇ ਪੂਜਾ ਦੀ ਥਾਲੀ
ਥਾਲੀ ਵਿਚ ਹਲਦੀ, ਚੰਦਨ ਅਤੇ ਸੰਧੂਰ
ਬਚੇ ਰਹਿਣ ਜੱਗ ਵਿਚ ਪਾਨ,
ਫੁੱਲ ਅਤੇ ਕਪੂਰ
ਸਲਾਮਤ ਰਹੇ ਦੀਵਿਆਂ ਵਿਚ ਘਿਓ
ਕਾਇਮ ਰਹਿਣ ਕਮੀਆਂ ਅਤੇ
ਵਾਧੇ ਇਕੱਠੇ ਹੀ
ਕਿ ਇਕ ਦੀ ਸਮਾਪਤੀ ਅਤੇ
ਦੂਸਰੇ ਦੀ ਸਲਾਮਤੀ ਦੇ ਲਈ
ਹੁੰਦੀਆਂ ਰਹਿਣ ਹਮੇਸ਼ਾਂ
ਬੇਨਤੀਆਂ ਇਕੱਠੀਆਂ
ਸਲਾਮਤ ਰਹੇ ਹੱਥਾਂ ਵਿਚ ਕੰਪਨ
ਦਿਲ ਵਿਚ ਵਾਸਨਾ
ਅਤੇ ਮਨਾਂ ਵਿਚ ਬੁਰੇ ਦਾ ਡਰ
ਤਾਂ ਕਿ ਸਲਾਮਤ ਰਹੇਂ ਤੂੰ
ਓ ਰੱਬਾ!
ਸਦਾ ਦੇ ਲਈ

## ਰੱਬ - 06

ਰਾਜਿਆਂ ਨੇ ਬੰਨ੍ਹ ਬਣਾਉਣੇ ਸਨ
ਕਾਰਖਾਨੇ ਲਾਉਣੇ ਸਨ
ਉਨ੍ਹਾਂ ਨੇ ਸੜਕ ਅਤੇ
ਨਹਿਰਾਂ ਬਣਾਉਣੀਆਂ ਸਨ
ਉਨ੍ਹਾਂ ਨੇ ਸਾਰਿਆਂ ਲਈ
ਰੋਟੀ ਮੁਹੱਈਆ ਕਰਨੀ ਸੀ
ਉਨ੍ਹਾਂ ਨੇ ਬਚਾਣੇ ਸੀ ਰੁੱਖ ਬੂਟੇ
ਹਵਾ, ਪਾਣੀ ਅਤੇ ਪਿਆਰ

ਪਰ
ਤੇਰੇ ਦੂਤਾਂ ਨੇ ਬਣਾਏ
ਸੁੰਦਰ ਪੂਜਾ ਘਰ
ਦੈਵੀ ਅਸਤਰ ਸ਼ਸਤਰ
ਉਹ ਲਗਾਤਾਰ ਬਚਾਉਂਦੇ ਰਹੇ
ਮਹੰਤਾਂ ਡੇਰੇਦਾਰਾਂ ਨੂੰ
ਤੈਨੂੰ ਕਮਜ਼ੋਰ ਸਮਝ ਓ ਰੱਬਾ!
ਉਨ੍ਹਾਂ ਤੇਰੀ ਰੱਖਿਆ ਲਈ
ਵੱਡੀਆਂ ਫੌਜਾਂ ਬਣਾਈਆਂ।

ਹੈਰਾਨੀ ਹੈ
ਏਨੇ ਸਾਰੇ ਰੱਖਿਅਕਾਂ ਦੇ ਲਈ
ਤੂੰ ਆਪਣੇ ਆਪ ਨੂੰ ਇਕੱਲਾ ਸਮਝਦਾ ਹੈ
ਅਤੇ ਨਿਰਬਲ ਵੀ!

## ਰੱਬ - 07

'ਮਹਾਂਪੁਰਖ' ਫਰਮਾਉਂਦੇ ਹਨ
ਮੋਹ ਮਾਇਆ ਤੋਂ ਦੂਰ ਰਹੋ
ਅਤੇ
ਹਰ ਰੋਜ਼ ਵੱਧਦੀ ਜਾਂਦੀ ਹੈ
'ਮਹਾਂਪੁਰਖਾਂ' ਦੇ ਮੱਠਾਂ ਤੇ
ਡੇਰਿਆਂ ਦੀ ਦੌਲਤ।

'ਮਹਾਂਪੁਰਖ' ਕਹਿੰਦੇ ਹਨ
ਝੂਠ ਹੈ ਸਭ ਕੁਝ
ਜੋ ਤੁਹਾਨੂੰ ਦਿੱਸਦਾ ਹੈ
ਸੱਚ ਉਹ ਹੈ ਜੋ ਅਦਿੱਖ ਹੈ
ਰਿਸ਼ਤੇ ਨਾਤੇ ਧੋਖਾ ਹਨ
ਤੁਹਾਡੇ ਦੁਸ਼ਮਨ ਤੇ ਤੁਹਾਡੇ ਬੀਵੀ ਬੱਚੇ
ਤੁਹਾਨੂੰ ਇਸ ਜੱਗ ਵਿਚ
ਰੱਬ ਨੇ ਭੇਜਿਆ ਹੈ
ਤੁਸਾਂ ਜਾਣਾ ਹੈ ਰੱਬ ਕੋਲ,
ਦਿਨ ਰਾਤ ਉਸੇ ਦਾ ਨਾਂ ਲਵੋ।

ਇਕ ਗੱਲ ਦੱਸ ਰੱਬਾ
ਮੈਂ ਆਇਆ ਹਾਂ ਤੇਰੇ ਕੋਲੋਂ
ਮੈਨੂੰ ਅਖੀਰ ਜਾਣਾ ਹੈ ਤੇਰੇ ਕੋਲ
ਫਿਰ ਤੂੰ ਭੇਜਿਆ ਹੀ ਕਿਉਂ
ਆਪਣੇ ਤੋਂ ਦੂਰ!

## ਰੱਬ - 08

ਹਜ਼ਾਰਾਂ ਨਾਵਾਂ ਵਾਲਾ ਰੱਬ
ਲੋਕਾਂ ਨੂੰ ਮਰਦੇ ਕੱਟਦੇ ਵੇਖਦਾ ਸੀ
ਵੇਖਦਾ ਸੀ ਅਤੇ ਸੁਣਦਾ ਸੀ
ਕਿ ਰੱਬ ਦੀ ਮਰਜ਼ੀ ਦੇ ਬਿਨਾਂ
ਪੱਤਾ ਨਹੀਂ ਹਿੱਲਦਾ।

ਸੁਣਦਾ ਸਾਂ ਅਤੇ ਸੋਚਦਾ ਸਾਂ
ਮੈਨੂੰ ਕਦੋਂ ਦੱਸੀ ਸੀ ਉਸ ਆਪਣੀ ਮਰਜ਼ੀ।

ਰੱਬ ਸੋਚਦਾ ਸੀ ਅਤੇ ਸਿਰ ਫੜਦਾ ਸੀ
ਸਿਰ ਫੜਦਾ ਸੀ ਅਤੇ
ਆਪਣੇ ਕਿਸੇ ਰੱਬ ਨੂੰ ਯਾਦ ਕਰਦਾ ਸੀ
ਯਾਦ ਕਰਦਾ ਸੀ ਅਤੇ ਰੋਂਦਾ ਸੀ ਰੱਬ। •





# ਬੱਗੀ

- ਜ਼ੋਰਾ ਸਿੰਘ ਸੰਧੂ

ਪਿਘਲੀ ਹੋਈ ਸੁਖਜੀਤ ਨੇ ਆਪਣੀਆਂ ਡੁੱਲ੍ਹਦੀਆਂ ਅੱਖਾਂ, ਮੇਰੀਆਂ ਅੱਖਾਂ ਵਿਚ ਪਾ ਕੇ ਆਖਿਆ ਸੀ, "ਮੈਨੂੰ ਦਾਨਾਬਾਦ ਵਿਖਾ" ਉਹਦਾ ਸੱਜਾ ਹੱਥ ਮੇਰੀ ਸਾਈਕਲ ਦੀ ਕਾਠੀ ਨੂੰ ਪਲੋਸ ਰਿਹਾ ਸੀ। ਪਲੋਸਦਾ ਹੱਥ, ਪੋਲੀਆਂ ਪੋਲੀਆਂ ਥਾਪੀਆਂ ਦੇਣ ਲੱਗ ਪਿਆ ਸੀ। ਥਾਪੀਆਂ ਦਿੰਦਾ ਹੱਥ ਅੱਜ ਵੀ ਮੈਨੂੰ ਪ੍ਰਤੱਖ ਦਿਸ ਰਿਹਾ ਹੈ। ਉਹਦੇ ਫਰਕਦੇ ਬੁੱਲ੍ਹ ਜਿਵੇਂ ਆਖ ਰਹੇ ਸਨ, 'ਬੱਗੀਏ ਭੈਣੇ! ਕਿਤੇ ਦਗ਼ਾ ਨਾ ਦੇ ਜਾਵੀਂ।' ਤੇ ਵਕਤ ਦਗ਼ਾ ਦੇ ਗਿਆ ਸੀ।

ਮੈਂ ਲੋਹੜੇ ਦਾ ਡਰਪੋਕ ਹਾਂ। ਜੇਰਾ ਕੀਹਦਾ ਲਿਆਉਂਦਾ ਕਿ ਸੁਖਜੀਤ ਨੂੰ ਉਹਦਾ 'ਦਾਨਾਬਾਦ' ਵਿਖਾ ਸਕਦਾ। ਉਹ ਮੈਥੋਂ ਨਿਰਾਸ਼ ਤੇ ਹਿਰਾਸ ਹੋ ਕੇ ਦੇਸ਼ ਹੀ ਛੱਡ ਗਈ। ਅੱਜ ਜ਼ਿੰਦਗੀ ਦੀਆਂ ਪਚਾਸੀ ਬਹਾਰਾਂ ਤੇ ਪੱਤਝੜਾਂ ਹੰਡਾ ਚੁੱਕਿਆ ਹਾਂ। ਉਹਦੀ ਯਾਦ ਨੇ ਸਦਾ ਸੁੱਖ ਵਿਚ ਵਾਧਾ ਕੀਤਾ ਹੈ। ਘੋਰ ਦੁੱਖਾਂ ਨੂੰ ਸਹਿ ਸਕਣ ਦੀ ਸਮਰੱਥਾ ਬਖਸ਼ੀ ਹੈ। ਉਹਦੀ ਯਾਦ ਤੇ ਮੇਰੀ ਬੱਗੀ, ਸਦਾ ਮੇਰੇ ਅੰਗ ਸੰਗ ਰਹੀਆਂ ਹਨ ਤੇ ਅੱਜ ਨਾ ਜਾਣੇ ਕਿਉਂ ਦੋਹਾਂ ਦੀ ਬੇਤਹਾਸ਼ਾ ਮੈਨੂੰ ਯਾਦ ਆ ਰਹੀ ਹੈ।

ਮੈਂ ਅੱਠਵੀਂ ਵਿਚ ਸਾਂ ਜਦੋਂ ਮੇਰੇ ਸਧਾਰਨ ਕਿਸਾਨ ਬਾਪ ਨੇ, ਮੈਨੂੰ ਇਹ ਸਾਈਕਲ ਲੈ ਕੇ ਦਿੱਤੀ ਸੀ। ਇਸ ਤੋਂ ਪਹਿਲਾਂ ਮੈਂ ਪਿੰਡ ਦੇ ਹੋਰ ਮੁੰਡਿਆਂ ਨਾਲ ਚਾਰ ਕੋਹ ਤੁਰਕੇ ਸਕੂਲ ਜਾਇਆ ਕਰਦਾ ਸਾਂ। ਨਵੀਂ ਸਾਈਕਲ ਨੇ ਸ਼੍ਰੇਣੀ ਤੇ ਸਕੂਲ ਵਿਚ ਮੇਰੀ ਵਿਸ਼ੇਸ਼ ਥਾਂ ਬਣਾ ਦਿੱਤੀ ਸੀ। ਸਰਦਾਰਾਂ ਤੇ ਸ਼ਾਹੂਕਾਰਾਂ ਦੇ ਮੁੰਡੇ ਮੇਰੇ ਮਿੱਤਰ ਬਣ ਗਏ ਸਨ। ਤਾਰਾ ਸਿੰਘ ਸਕੂਲ ਦਾ ਹੀਰੋ, ਮੈਥੋਂ ਇਕ ਸਾਲ ਅੱਗੇ ਸੀ। ਉਹ ਅਥਲੀਟ ਤੋਂ ਬਿਨਾਂ ਹਾਕੀ ਤੇ ਕਬੱਡੀ ਦਾ ਜ਼ਿਲ੍ਹੇ ਦਾ ਇੱਕ ਨੰਬਰ ਦਾ ਖਿਡਾਰੀ ਸੀ। ਉਹਨੇ ਮੈਨੂੰ ਫੜਿਆ ਤੇ ਮੁੱਖ ਅਧਿਆਪਕ ਸ. ਕਪੂਰ ਸਿੰਘ ਗਰੇਵਾਲ ਕੋਲ, ਉਨ੍ਹਾਂ ਦੇ ਦਫ਼ਤਰ ਵਿਚ ਲੈ ਵੜਿਆ। ਅਸੀਂ ਕਦੇ ਦਫ਼ਤਰ ਦੇ ਨੇੜੇ ਦੀ ਨਹੀਂ ਸਾਂ ਲੰਘੇ।

ਹੁਣ ਮੈਂ ਤਾਰੇ ਹੁਰਾਂ ਨਾਲ ਹਾਕੀ ਤੇ ਕਬੱਡੀ ਖੇਡਿਆ ਕਰਦਾ ਸਾਂ। ਉਨ੍ਹਾਂ ਦੇ ਨਾਲ ਹੀ ਸਕੂਲ ਵਲੋਂ ਮੇਰਾ ਵੀ ਦੁੱਧ ਲੱਗ ਗਿਆ ਸੀ। ਦੁੱਧ ਦੇ ਲੰਗਰ ਸਮੇਂ, ਓਮ ਕਟਾਰੀਏ ਤੋਂ ਬਿਨਾਂ ਕਿੰਨੇ ਹੀ ਹੋਰ ਮੁੰਡੇ ਮੇਰੇ ਦੋਸਤ ਬਣ ਗਏ ਸਨ। ਜ਼ਿਲ੍ਹਾ ਟੂਰਨਾਮੈਂਟ ਵਿਚ ਅਸੀਂ ਹਾਕੀ ਤੇ ਕਬੱਡੀ ਦੋਵੇਂ ਜਿੱਤੀਆਂ ਸਨ। ਤਾਰੇ ਤੇ ਕਟਾਰੀਏ ਨਾਲ ਮੇਰੀ ਵੀ ਬੱਲੇ ਬੱਲੇ ਹੋਣ ਲੱਗ ਪਈ ਸੀ। ਇਸ ਸਾਰੀ ਕਰਾਮਾਤ ਦਾ ਸਿਹਰਾ, ਮੇਰੀ ਹਰਕੁਲੀਸ ਸਾਈਕਲ ਨੂੰ ਹੀ ਜਾਂਦਾ ਹੈ।

ਹਾਂ, ਇਹ ਹਰਕੁਲੀਸ ਸਾਈਕਲ, ਮੇਰੇ ਬਾਪ ਨੇ ਫਿਰੋਜ਼ਪੁਰ ਤੋਂ, ਕਰਨਲ ਮੁਨਸ਼ਾ ਸਿੰਘ ਰਾਹੀਂ ਲਿਆਂਦੀ ਸੀ। ਉਦੋਂ ਕੇਵਲ ਫਿਰੋਜ਼ਪੁਰ ਵਿਚ ਹੀ ਸਾਈਕਲਾਂ ਦੀ ਦੁਕਾਨ ਜਾਂ ਏਜੰਸੀ ਸੀ। ਫਰੀਦਕੋਟ, ਮੁਕਤਸਰ ਤੇ ਬਠਿੰਡਾ ਤਾਂ ਉਦੋਂ ਵੱਡੇ ਪਿੰਡ ਹੀ ਸਨ। ਹਾਂ, ਮੋਗੇ ਸ਼ਾਇਦ ਹੋਵੇ, ਮੈਨੂੰ ਨਹੀਂ ਇਲਮ! ਉਦੋਂ ਦੇਸ਼ ਨਵਾਂ-ਨਵਾਂ ਆਜ਼ਾਦ ਹੋਇਆ ਸੀ। ਭਾਵੇਂ ਫਿਰੋਜ਼ਪੁਰ ਦਾ ਜਵਾਲ ਸ਼ੁਰੂ ਹੋ ਚੁੱਕਿਆ ਸੀ ਪਰ ਅਜੇ ਉੱਥੇ ਦੀਆਂ ਰੌਣਕਾਂ ਸੁਣੀਂਦੀਆਂ ਸਨ।

ਬੱਝਾ ਹੋਇਆ ਹੈ ਪਰ ਮੁਹੱਬਤ ਬੜੀ ਸ਼ੈਅ ਹੈ। ਉਸਦੇ ਕਾਰੋਬਾਰ ਵੱਡੇ ਸਨ। ਆੜ੍ਹਤ ਸੀ, ਕਾਟਨ ਫੈਕਟਰੀ ਤੇ ਸ਼ੈਲਰ ਸਨ। ਬੂਟਾਂ ਦਾ ਉਹਦਾ ਥੋਕ ਦਾ ਵਪਾਰ ਸੀ। ਚੌਕ ਵਿਚ ਉਹਦਾ ਵੱਡਾ ਖੁੱਲਾ ਘਰ ਤੇ ਦਫ਼ਤਰ ਸੀ। ਬਜ਼ਾਰ ਜਾਂਦੇ ਆਉਂਦੇ ਅਸੀਂ ਉਹਦੀ ਹਾਜ਼ਰੀ ਭਰਦੇ ਸਾਂ।

ਮੈਂ ਧੀ ਦਾ ਵਿਆਹ ਧਰਿਆ ਤਾਂ ਸਵੇਰੇ ਸਵੇਰੇ ਆ ਕੇ, ਉਹਨੇ ਵੱਡੇ ਨੋਟਾਂ ਦੀਆਂ ਥਹੀਆਂ ਨਾਲ ਸਾਡੀ ਤਰਪਾਈ ਭਰ ਦਿੱਤੀ। ਆਖਿਆ, 'ਵਿਆਹ ਤੇ ਸਾਰਾ ਖਰਚ ਮੈਂ ਕਰੂੰ।' ਕੋਲੇ ਬੈਠੇ, ਹੁਸ਼ਿਆਰ ਸਿੰਘ ਬਾਈ ਆਖਦੇ, 'ਭੁੱਲ ਨਾ ਸਾਡੇ ਦੌਲਤਮੰਦ ਯਾਰਾ! ਅਸੀਂ ਵੀ ਹੈਗੇ ਆਂ।'

ਮੈਂ ਤੇ ਹੁਸ਼ਿਆਰ ਸਿੰਘ ਬੈਠੇ ਆਂ। ਓਮ ਵੀ ਸਾਨੂੰ ਅਲਵਿਦਾ ਕਹਿ ਗਿਆ ਹੈ।

ਹਾਂ, ਪਹਿਲਾਂ ਜ਼ਿਕਰ ਹੋਇਆ ਹੈ ਕਿ ਸਾਡੇ ਘਰ ਅੱਗ ਪੈ ਕਈ ਸੀ। ਸਾਡਾ ਗੈਰਾਜ ਵੱਡਾ ਹੈ। ਇਹਨੂੰ ਗੈਰਾਜ ਕੰਮ ਸਟੋਰ ਆਖਿਆ ਜਾ ਸਕਦਾ ਹੈ। ਸਟੋਰ ਤੂੰਨ ਤੂੰਨ ਕੇ ਭਰਿਆ ਹੋਇਆ ਸੀ। ਗੈਰਜ ਵਾਲੇ ਪਾਸੇ, ਮੇਰੇ ਪੁੱਤ ਦੀ ਨਵੀਂ ਕਾਰ ਸੀ, ਮੇਰੀ ਧੀ ਦਾ ਨਵਾਂ ਕਨੈਟਿਕ ਸੀ। ਐਕਟਿਵਾ ਅਜੇ ਨਹੀਂ ਸੀ ਜੰਮਿਆ। ਮੇਰਾ ਸਕੂਟਰ ਤੇ ਮੇਰੀ ਬੱਗੀ ਵੀ ਉਥੇ ਹੀ ਸਨ। ਤਿੰਨ ਭਰੇ ਹੋਏ ਗੈਸ ਸਿਲੰਡਰ ਸਨ। ਇਕ ਪਾਸੇ ਵੱਡੇ ਮੇਜ 'ਤੇ ਪੁਰਾਣਾ ਫਰਿੱਜ ਟਿਕਾਇਆ ਹੋਇਆ ਸੀ। ਜਿਹੜੀਆਂ ਵਸਤਾਂ ਕੇਵਲ ਆਥਣ-ਸਵੇਰੇ ਹੀ ਵਰਤਣੀਆਂ ਹੁੰਦੀਆਂ ਸਨ, ਉਸ ਫਰਿੱਜ ਵਿਚ ਹੀ ਸਾਂਭੀਆਂ ਜਾਂਦੀਆਂ ਸਨ। ਵੱਡੇ ਮੇਜ਼ ਦੀ ਇਕ ਨੁੱਕਰ 'ਤੇ ਅਖਬਾਰਾਂ ਦਾ ਢੇਰ ਲੱਗਾ ਹੋਇਆ ਸੀ। ਸ਼ਾਰਟ ਸਰਕਟ ਕਾਰਨ, ਅਖ਼ਬਾਰਾਂ ਤੇ ਚੰਗਿਆੜੀ ਆਣ ਪਈ ਹੋਵੇਗੀ। ਉਥੋਂ ਅੱਗ ਭੜਕ ਪਈ ਹੋਈ ਐ। ਗੈਰਾਜ ਦੀ ਛੱਤ ਸਿਲੰਡਰਾਂ ਨੇ ਉਡਾ ਦਿੱਤੀ। ਕਾਰ ਤੇ ਸਕੂਟਰ ਦੀਆਂ ਟੈਂਕੀਆਂ ਫਟ ਗਈਆਂ। ਪਲਾਂ ਵਿਚ ਸਾਰਾ ਮੁਹੱਲਾ ਇਕੱਠਾ ਹੋ ਗਿਆ। ਪਰ ਸਾਰੇ ਮੂਕ ਦਰਸ਼ਕ ਬਣਕੇ ਹੀ ਰਹਿ ਗਏ ਸਾਂ। ਫਾਇਰ ਬਿਗ੍ਰੇਡ ਨੇ ਆ ਕੇ, ਬਾਕੀ ਘਰ ਬਚਾਅ ਲਿਆ ਸੀ। ਪਲਾਂ ਛਿਣਾਂ ਵਿਚ ਸਭ ਕੁਝ ਭਸਮ ਹੋ ਗਿਆ ਸੀ। ਹੋਇਆ ਨੁਕਸਾਨ ਵਿਸਾਰ ਬੈਠਾ ਹਾਂ ਪਰ ਮੇਰੀ 'ਬੱਗੀ' ਮੈਥੋਂ ਨਹੀਂ ਭੁਲਾਈ ਜਾ ਰਹੀ।

ਪਿਛਲੇ ਹਫ਼ਤੇ ਤੋਂ ਮੈਂ ਠੀਕ ਨਹੀਂ ਹਾਂ। ਪਤਾ ਨਹੀਂ ਕਿਉਂ ਅੱਜ ਤੁਰ ਗਏ ਮਿੱਤਰ ਹੀ ਯਾਦ ਆ ਰਹੇ ਹਨ। ਬੇਸੁਰਤੀ ਵਿਚ ਮੈਂ ਉਨ੍ਹਾਂ ਨੂੰ ਹਾਕਾਂ ਮਾਰਦਾ ਹਾਂ, 'ਲੈ ਬਾਲ ਕਾਣਿਆ! ਗੋਲ ਹੋ ਜੇ।" ਦੱਸਦੇ ਹਨ ਰਾਤੀਂ ਮੈਂ ਤਾਰੇ ਨਾਲ ਰਲਕੇ ਕੋਈ ਹਾਕੀ ਦਾ ਮੈਚ ਖੇਡਦਾ ਰਿਹਾ ਹਾਂ। ਅਸੀਂ ਉਹਨੂੰ ਪਿਆਰ ਨਾਲ ਕਾਣਾ ਆਖਿਆ ਕਰਦੇ ਸਾਂ। ਉਹ ਆਪਣੀ ਖੱਬੀ ਅੱਖ ਦਬਾਇਆ ਕਰਦਾ ਸੀ। ਕਦੇ ਓਮ ਪ੍ਰਕਾਸ਼ ਕਟਾਰੀਏ ਯਾਰ ਦੀ ਵਾਰੀ ਆ ਜਾਂਦੀ ਰਹੀ ਹੈ। 'ਓਮ ਓਏ ਓਮ! ਜੀਹਦਾ ਮਿੱਤ ਬਾਣੀਆ, ਉਹਨੂੰ ਦੁਸ਼ਮਣ ਦੀ ਕੀ ਲੋੜ" ਬਾਰ ਬਾਰ ਦੁਹਰਾਉਂਦਾ ਰਿਹਾ ਹਾਂ। ਜਿਵੇਂ ਪ੍ਰਾਇਮਰੀ ਵਿਚ ਪਹਾੜੇ ਦੁਹਰਾਇਆ ਕਰਦੇ ਸਾਂ।

ਸਵੇਰੇ ਥੋੜ੍ਹੀ ਸੁਰਤ ਫੜੀ ਹੈ। ਪਤਨੀ ਪੁੱਛਦੀ ਹੈ, "ਸੁਖਜੀਤ ਕੌਣ ਐ? ਤੁਸੀਂ ਰਾਤ ਭਰ ਉਹਨੂੰ ਹਾਕਾਂ ਮਾਰਦੇ ਰਹੇ ਓ। ਉਹਤੋਂ ਕਾਹਦੀਆਂ ਮੁਆਫ਼ੀਆਂ ਮੰਗ ਰਹੇ ਹੋ?"

ਪਤਨੀ ਦੀ ਗੱਲ ਸੁਣਕੇ ਮੈਂ ਫਿਰ ਬੇਸੁਰਤੀ ਦੇ ਆਲਮ ਵੱਲ ਤੁਰ ਪਿਆ ਹਾਂ 'ਦਾਨਾਬਾਦ', 'ਦਾਨਾਬਾਦ' ਦਾ ਪਾਠ ਜਾਰੀ ਹੋ ਜਾਂਦਾ ਹੈ। ਮੈਨੂੰ ਭੁਲੇਵਾਂ ਲੱਗਦਾ ਹੈ ਕਿ ਜਿਵੇਂ ਮੈਂ ਪਿੰਡ



ਵਾਲੇ ਘਰ ਦੀ ਕੱਚੀ-ਪੱਕੀ ਬੈਠਕ ਵਿਚ ਪਿਆ ਹਾਂ। 'ਦਾਨਾਬਾਦ' ਦਾ ਪਾਠ ਮੁੱਕਦਾ ਹੈ ਤਾਂ ਸੁਖਜੀਤ ਦੇ ਨਾਂ ਦੀ ਮਾਲਾ ਫੇਰੀ ਜਾ ਰਹੀ ਹੁੰਦੀ ਹੈ। ਕਿਸੇ ਦੇ ਬੋਲ ਮੇਰੇ ਕੰਨੀਂ ਪੈਂਦੇ ਹਨ, "ਚਰਨਿਆ ਕਾਕਾ! ਪਾਪਾ ਨੂੰ ਪੋਥੀ ਜਾਂ ਮਾਲਾ ਫੜਾ। ਵਾਖਰੂ ਦਾ ਨਾਂ ਲਵੇ।" ਝੱਟ ਮੈਂ ਚੌਂਕੜੀ ਮਾਰਕੇ ਬੈਠ ਜਾਂਦਾ ਹਾਂ। ਸਾਰੀ ਜ਼ਿੰਦਗੀ ਪੂਜਾ-ਪਾਠ ਦਾ ਨਾਂ ਤੱਕ ਨਹੀਂ ਲਿਆ। ਪੋਥੀਆਂ ਵੱਲ, ਅੱਖ ਚੁੱਕ ਕੇ ਨਹੀਂ ਵੇਖਿਆ। ਕੇਵਲ ਤੇ ਕੇਵਲ ਸੁਖਜੀਤ ਦਾ ਨਾਂ ਜਪਿਆ ਹੈ, ਤੇ ਉਹ ਵੀ ਮੂਕ। ਹਾਂ ਚੌਂਕੜੀ ਮਾਰ ਲਈ ਹੈ। ਅੱਖਾਂ ਮੀਚੀਆਂ ਹਨ। ਲਿਵ ਲੱਗੀ ਹੋਈ ਹੈ। 'ਸੁਖਜੀਤ ਸੁਖਜੀਤ..... ਸੁਖਜੀਤ ਜਾਪ ਹੋ ਰਿਹਾ ਹੈ।

ਕੱਚੀ-ਪੱਕੀ ਬੈਠਕ ਦੇ ਨਾਲ ਦਰਵਾਜ਼ੇ ਵਿਚ ਜਿਵੇਂ ਬੱਗੀ ਹਿਣਹਿਣਾਈ ਹੈ। ਸੁਖਜੀਤ ਦੇ ਪਿਘਲੇ ਹੋਏ ਬੋਲ ਸੁਣਦੇ ਹਨ, "ਦਾਨਾਬਾਦ ਵਿਖਾਅ।" ਮੈਂ ਉਹਨੂੰ ਆਖਦਾ ਹਾਂ, "ਬੱਗੀ ਨੂੰ ਮੇਰੇ ਮੰਜੇ ਕੋਲ ਲਿਆ ਸੁਖਜੀਤ। ਮੈਂ ਪਲਾਕੀ ਮਾਰ ਕੇ ਸਵਾਰ ਹੋਊਂ।" •

(59, ਹੀਰਾ ਸਿੰਘ ਨਗਰ, ਕੋਟਕਪੂਰਾ-151204)

<u>ਵਾਹਗਿਓਂ ਪਾਰ</u>

## ਗ਼ਜ਼ਲ

- ਰਵਾਕਤ ਹੁਸੈਨ ਮੁਮਤਾਜ

ਧਰਤੀ ਉੱਤੇ ਝੱਖੜ ਝੁੱਲੇ ਹੋਰ ਬੜੇ,
ਪਰ ਮਾਵਾਂ ਨੇ ਦੁੱਲੇ ਜੰਮੇ ਹੋਰ ਬੜੇ।
ਇਕੋ ਹਿਜਰ ਸਿਆਪਾ ਈ ਤੇ ਕੱਲਾ ਨਹੀਂ,
ਮਿੱਠੇ ਲੂਣੇ ਪਿੱਟ ਸਿਆਪੇ ਹੋਰ ਬੜੇ।
ਉਹ ਦਾਅਵਾ ਕੀ ਦਾਅਵਾ ਜਿਹੜਾ ਤੋੜ ਚੜ੍ਹੇ,
ਸੱਜਣ ਰਹਿਣ ਸਲਾਮਤ ਲਾਰੇ ਹੋਰ ਬੜੇ।
ਤੋਪਾਂ ਦੇ ਮੂੰਹ ਅੱਗੇ ਚਿੜੀਆਂ ਚੂਕਦੀਆਂ,
ਵਿਹੜੇ ਵਿਹੜੇ ਲਹੂ ਦੇ ਛਿੱਟੇ ਹੋਰ ਬੜੇ।
ਇੱਕ ਢੇਰੀ ਤੇ ਹੰਝੂ ਫੁੱਲ ਨਾ ਚਾੜ੍ਹ ਪਿਆ,
ਕਬਰਾਂ ਹੋਰ ਵੀ ਬੜੀਆਂ, ਕੁਤਬੇ ਹੋਰ ਬੜੇ।
ਤੈਨੂੰ ਕੁਝ ਨਾ ਹੋਵੇ, ਸ਼ਾਲਾ ਰੱਬ ਕਰੇ,
ਸਾਡੇ ਵਰਗੇ ਉੱਡ ਪੁੱਡ ਜਾਣੇ ਹੋਰ ਬੜੇ।
ਜੇ ਨਾ ਮਿਲਣਾ ਹੋਵੇ, ਲੱਖ ਬਹਾਨੇ ਨੇ,
ਜੇ ਮਿਲਣਾ ਹੋਵੇ ਤਾਂ ਰਸਤੇ ਹੋਰ ਬੜੇ।

(ਪੰਚਮ ਲਾਹੌਰ)

## ਹਰਸ਼ਰਨ ਸ਼ਰੀਫ ਦੀਆਂ ਤਿੰਨ ਗ਼ਜ਼ਲਾਂ

1.

ਕਦੇ ਤਾਂ ਧੁੱਪ ਤੇ ਕਦੇ ਚਾਨਣੀ ਨਹੀਂ ਮਿਲਦੀ,
ਕਿਸੇ ਨੂੰ ਵਕਤ ਤੋਂ ਪਹਿਲਾਂ ਖੁਸ਼ੀ ਨਹੀਂ ਮਿਲਦੀ।

ਕਿਸੇ ਨੂੰ ਮੌਤ ਨਹੀਂ ਮਿਲਦੀ ਧਰਤ 'ਤੇ ਮੰਗਿਆਂ,
ਕਿਸੇ ਨੂੰ ਗਰਭ ਦੇ ਵਿਚ ਜ਼ਿੰਦਗੀ ਨਹੀਂ ਮਿਲਦੀ।

ਨਸੀਬ ਆਪਣੇ ਤੇ ਨਿਰਭਰ ਹੈ ਕੀ ਮਿਲੇ ਸਾਨੂੰ,
ਖ਼ੁਦਾ ਦੇ ਘਰ 'ਚ ਤਾਂ ਕੋਈ ਕਮੀ ਨਹੀਂ ਮਿਲਦੀ।

ਸਵਾਰਥਾਂ ਨੇ ਜ਼ਮਾਨੇ ਨੂੰ ਇਉਂ ਬਦਲ ਦਿੱਤਾ,
ਕਿ ਦੋਸਤਾਂ 'ਚ ਵੀ ਹੁਣ ਦੋਸਤੀ ਨਹੀਂ ਮਿਲਦੀ।

ਚਿਰਾਗ਼ ਕਬਰ ਮੇਰੀ ਤੇ ਨਾ ਬਾਲਣਾ, ਯਾਰੋ!
ਕਦੇ ਚਿਰਾਗ਼ ਤਲੇ ਰੌਸ਼ਨੀ ਨਹੀਂ ਮਿਲਦੀ।

ਜ਼ਮਾਨੇ ਭਰ ਦੀਆਂ ਖੁਸ਼ੀਆਂ ਨੇ ਮੇਰੀ ਝੋਲੀ ਵਿਚ,
ਤਮੰਨਾ ਦਿਲ 'ਚ ਹੈ ਜਿਸ ਦੀ ਉਹੀ ਨਹੀਂ ਮਿਲਦੀ।

ਮੁਹੱਲੇ ਸ਼ਹਿਰ ਦੇ ਘੁੰਮ ਕੇ 'ਸ਼ਰੀਫ'! ਜਾਣ ਗਏ,
ਕਦੋਂ ਮਹਿਕ ਤੇ ਕਦੋਂ ਚਾਂਦਨੀ ਨਹੀਂ ਮਿਲਦੀ।

2.

ਉੱਡੇ ਥਲ 'ਚ ਚੀਥੜੇ ਥਲ 'ਤੇ ਬਿਖਰ ਗਏ।
ਸ਼ੈਤਾਨ ਦਾ ਜੋ ਕੰਮ ਸੀ ਇਨਸਾਨ ਕਰ ਗਏ।

ਇਕ ਬੰਬ ਦੇ ਜ਼ੋਰਦਾਰ ਧਮਾਕੇ ਦੇ ਸਾਹਮਣੇ,
ਔਕਾਤ ਕੀ ਸੀ ਬੰਦੇ ਦੀ ਉਡਦੇ ਸ਼ਜਰ ਗਏ।

ਜਿਸ ਮੋੜ ਤੇ ਕਜ਼ਾ ਦਾ ਤਮਾਸ਼ਾ ਸੀ ਹੋ ਰਿਹਾ,
ਉਸ ਮੋੜ ਤੋਂ ਮਦਾਰੀ ਸੀ ਕਦ ਦੇ ਗੁਜ਼ਰ ਗਏ।

ਲਾਸ਼ਾਂ ਦੀ ਗਿਣਤੀ ਕਰ ਲਈ ਪਰ ਜਾਣ ਨਾ ਸਕੇ,
ਕਿੰਨੇ ਕੁ ਖ਼ਾਬ ਮਰ ਗਏ, ਕਿੰਨੇ ਹੁਨਰ ਗਏ।

ਦਿਨ ਦੇ ਉਜਾਲੇ ਵਿਚ ਉਨ੍ਹਾਂ ਨੂੰ ਰਾਤ ਮਿਲ ਗਈ,
ਨੈਣਾਂ 'ਚ ਲੈ ਕੇ ਘਰ ਤੋਂ ਜੋ ਉਜਲੀ ਸਹਰ ਗਏ।



ਮੁਖ਼ਬਿਰ ਅਸਾਡੇ ਮੁਖ਼ਬਿਰੀ ਕਰਦੇ ਰਹੇ ਮਗਰ,
ਦਹਿਸ਼ਤ ਪਸੰਦ ਕਰਨ ਜੋ ਆਏ ਸੀ ਕਰ ਗਏ।

ਸਭ ਭੇਦ ਖੁਲ੍ਹ ਗਏ ਉਨ੍ਹਾਂ ਦੇ ਚਾਲ ਚਲਦਿਆਂ,
ਆਪਾਂ ਸਮਝ ਰਹੇ ਸੀ ਕਿ ਦੁਸ਼ਮਣ ਸੁਧਰ ਗਏ।

ਆਓ! ਕਿ ਪਰਤ ਜਾਈਏ ਮੁੜ ਜੰਗਲਾਂ ਦੇ ਵੱਲ,
ਹੁਣ ਸ਼ਹਿਰ ਆਪਣੇ ਦੇਸ਼ ਦੇ ਹੋ ਪੁਰਖ਼ਤਰ ਗਏ।

ਦਹਿਸ਼ਤ ਪਸੰਦ ਲੋਕਾਂ ਨੇ ਛੱਡੀ ਕਸਰ ਨਹੀਂ,
ਆਪਾਂ 'ਸ਼ਰੀਫ' ਲੋਕ ਮਗਰ ਫਿਰ ਸੰਵਰ ਗਏ।

3.

ਦਿਨ ਹੈ ਚੜ੍ਹਿਆ ਮਗਰ ਹਨੇਰਾ ਹੈ।
ਹਾਏ! ਇਹ ਕਿੰਝ ਦਾ ਸਵੇਰਾ ਹੈ।

ਲਫ਼ਜਾਂ ਦੇ ਜੁਗਨੂੰ ਕੋਲ ਨੇ ਮੇਰੇ,
ਮੈਨੂੰ ਇਹ ਚਾਨਣਾ ਬਥੇਰਾ ਹੈ।

ਧੁੱਪ ਚੁੰਮਦੀ ਹੈ ਹਾਰ ਕੇ ਮੱਥਾ,
ਮੇਰਾ ਜਦ ਵੀ ਪਰਖਦੀ ਜੇਰਾ ਹੈ।

ਪਿਆਰ ਬੋਲਾਂ 'ਚ ਕਹਿ ਦਿਆਂ ਕਿੱਦਾਂ?
ਪਿਆਰ ਦਾ ਕੱਦ ਬੜਾ ਉਚੇਰਾ ਹੈ।

ਮੈਨੂੰ ਅੰਬਰੀਂ ਉਡਾਨ ਭਰਨ ਲਈ,
ਇਕ ਤੇਰਾ ਖ਼ਿਆਲ ਹੀ ਬਥੇਰਾ ਹੈ।

ਚੰਨ ਮੱਸਿਆ ਦੀ ਰੀਤ ਵੀ ਨਿਕਲੇ,
ਜਿਸ ਗਰਾਂ ਵਿਚ ਤੇਰਾ ਬਸੇਰਾ ਹੈ।

ਨਾਮ 'ਹਰਸ਼ਰਨ' ਵਾਸ ਪਟਿਆਲੇ,
ਤੇ ਤਖੱਲਸ ਸ਼ਰੀਫ ਮੇਰਾ ਹੈ।

•••

# ਕੈਨੇਡੀਅਨ ਪੰਜਾਬੀ ਕਹਾਣੀ

- ਅਰਵਿੰਦਰ ਕੌਰ ਕੈਨੇਡਾ

ਰਵਿੰਦਰ ਰਵੀ ਭਾਰਤ ਤੋਂ ਕੀਨੀਆ ਅਤੇ ਦੱਖਣੀ ਅਫਰੀਕਾ ਆਦਿ ਦੇਸ਼ਾਂ ਤੋਂ ਘੁੰਮਦਾ ਹੋਇਆ 1974 ਵਿਚ ਕੈਨੇਡਾ ਪਹੁੰਚਦਾ ਹੈ। ਇਥੇ ਉਸਦੇ ਜਿੱਥੇ ਦੀਦਾਰਾਂ ਨਹੀਂ, ਕੰਪਿਊਟਰ ਕਲਚਰ ਅਤੇ ਗੋਰੀਆਂ ਸ਼ਹੀਦੀਆਂ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਪ੍ਰਕਾਸ਼ਿਤ ਹੋਈਆਂ ਹਨ। ਜੋਗਿੰਦਰ ਸਿੰਘ ਨਿਹਰੂ ਅਨੁਸਾਰ, "ਰਵਿੰਦਰ ਰਵੀ ਇਕ ਪ੍ਰੌਢ ਲੇਖਕ, ਆਧੁਨਿਕ ਚੇਤਨਾ ਨਾਲ ਵਰੋਸਾਇਆ ਬਹੁ-ਅਨੁਭਵੀ ਸਾਹਿਤਕਾਰ ਹੈ। ਪੜ੍ਹਿਆ ਲਿਖਿਆ ਅਤੇ ਪੇਸ਼ੇ ਵਜੋਂ ਇੱਕ ਅਧਿਆਤਮਕ ਹੋਣ ਕਰਕੇ, ਉਹ ਪੱਛਮੀ ਸਭਿਆਚਾਰ ਅਤੇ ਉਸ ਦੀਆਂ ਕਦਰਾਂ-ਕੀਮਤਾਂ ਨੂੰ ਆਪਣੇ ਅਨੁਭਵ ਦੇ ਪੱਧਰ ਤੇ ਕਾਫ਼ੀ ਨੇੜਿਉਂ ਵੇਖ ਚੁੱਕਾ ਹੈ। ਉਹ ਦੋਵਾਂ ਸਭਿਆਚਾਰਾਂ ਵਿਚ ਬਰਾਬਰ ਦੇ ਪੈਰ ਰੱਖਕੇ ਚੱਲਣ ਵਾਲਾ ਸਾਹਿਤਕਾਰ ਹੈ। ਪੱਛਮੀ ਸੱਭਿਅਤਾ ਤੇ ਸੰਸਕ੍ਰਿਤੀ ਨੇ ਉਸਦੇ ਮਾਨਸਿਕ ਤੇ ਬੌਧਿਕ ਖਿਤਿਜ ਨੂੰ ਕਾਫੀ ਵਿਸ਼ਾਲਤਾ ਦਿੱਤੀ ਹੈ। ਉਸਦੀ ਚੇਤਨ ਬੁੱਧ ਸਾਹਿਤਕ ਪ੍ਰਤਿਭਾ ਅਤੇ ਹੰਢਾਏ ਹੋਏ ਨਿੱਗਰ ਅਨੁਭਵਾਂ ਨੇ ਉਸ ਵਿਚ ਅਜਿਹੀ ਤੀਖਣ ਚੇਤਨਾ ਨੂੰ ਜਨਮ ਦਿੱਤਾ ਹੈ ਜਿਸ ਨਾਲ ਉਹ ਪੱਛਮੀ ਸਭਿਆਚਾਰ ਦੇ ਅੰਦਰ ਬਾਹਰ ਚੰਗੀ ਤਰ੍ਹਾਂ ਝਾਤ ਮਾਰਨ ਦੇ ਸਮਰੱਥ ਹੋ ਸਕਿਆ ਹੈ। (ਪੰਜਾਬੀ ਕੈਨੇਡੀਅਨ ਸਾਹਿਤ ਪੰਨਾ -57)

ਰਵਿੰਦਰ ਰਵੀ ਪ੍ਰਯੋਗ ਪ੍ਰਯੋਗਵਾਦੀ ਕਵਿਤਾ ਦੀ ਧਾਰਾ ਨਾਲ ਵੀ ਜੁੜਿਆ ਰਿਹਾ ਹੈ। ਸਮਾਂ ਪਾ ਕੇ ਪ੍ਰਯੋਗਵਾਦੀ ਕਵਿਤਾ ਇਤਿਹਾਸ ਦਾ ਹਿੱਸਾ ਬਣ ਗਈ ਪਰੰਤੂ ਰਵਿੰਦਰ ਰਵੀ ਕਵਿਤਾ ਵਾਲੇ ਪ੍ਰਯੋਗ ਕਹਾਣੀ ਦੇ ਖੇਤਰ ਵਿਚ ਵੀ ਕਰਦਾ ਆ ਰਿਹਾ ਹੈ, ਜਿਨ੍ਹਾਂ ਕਾਰਣ ਉਹ ਅੱਜ ਤੱਕ ਪੰਜਾਬੀ ਕਹਾਣੀ ਦੇ ਖੇਤਰ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਬਹੁ-ਭਾਂਤੀ ਵਿਸ਼ਿਆਂ ਅਨੁਸਾਰ ਉਹ ਨਵੀਂ ਬਿਰਤਾਂਤ ਸ਼ੈਲੀ ਅਪਣਾਉਂਦਾ ਹੈ। ਉਸਦੇ ਦ੍ਰਿਸ਼ਟੀਕੋਣ ਨੂੰ ਜੇ ਕੋਈ ਨਾਂ ਦੇਣਾ ਹੋਵੇ ਤਾਂ ਉਸਨੂੰ ਮਾਨਵਵਾਦੀ ਕਹਾਣੀਕਾਰ ਹੀ ਕਿਹਾ ਜਾ ਸਕਦਾ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ ਰਵਿੰਦਰ ਰਵੀ, "ਕੀਨੀਆ ਤੋਂ ਪਿਛੋਂ ਕੈਨੇਡਾ ਵਿਚ ਆ ਵਸਿਆ। ਰਵਿੰਦਰ ਰਵੀ ਆਪਣੇ ਬ੍ਰਹਿਮੰਡਕ ਚੇਤਨਾ ਦੇ ਸੰਕਲਪ ਤੋਂ ਪ੍ਰਭਾਵਿਤ ਹੋ ਕੇ ਇਕ ਅਜਿਹੇ ਆਦਰਸ਼ਕ ਮਨੁੱਖ ਦੀ ਪਰਿਕਲਪਨਾ ਕਰਦਾ ਹੈ ਜਿਹੜਾ ਰੰਗਾਂ, ਧਰਮਾਂ, ਨਸਲਾਂ ਤੇ ਭਾਸ਼ਾਵਾਂ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਜੀਊਣ ਦੀ ਚੇਸ਼ਟਾ ਕਰਦਾ ਹੈ। ਇਸ ਤਰ੍ਹਾਂ ਉਹ ਇਕ ਔਸਤਨ ਵਿਸ਼ਵ ਮਨੁੱਖ ਦੀ ਸਿਰਜਣਾ ਕਰਨਾ ਚਾਹੁੰਦਾ ਹੈ।" (ਆਧੁਨਿਕ ਪੰਜਾਬੀ ਕਹਾਣੀ ਦ੍ਰਿਸ਼ਟੀਮੂਲਕ, ਪਰਿਪੇਖ 119) ਵਿਚਾਰਧਾਰਕ ਤੌਰ ਤੇ ਸੰਤ ਸਿੰਘ ਸੇਖੋਂ ਨੇ ਰਵਿੰਦਰ ਰਵੀ ਨੂੰ ਪ੍ਰਗਤੀਵਾਦ ਦੀ ਆਤਮਾ ਤੋਂ ਦੂਰ ਨਹੀਂ ਮੰਨਿਆ, ਭਾਵੇਂ ਉਹ ਇਹ ਮੰਨਦਾ ਹੈ ਕਿ ਉਸਦੀਆਂ ਪਿਛਲੇਰੀਆਂ ਕਹਾਣੀਆਂ ਵਿਚ ਬਾਹਰੀ ਆਰਥਿਕ ਦਸ਼ਾ ਤੇ ਹੋਰਾਂ ਨਾਲੋਂ ਵਧੇਰੇ ਰੁਚਿਤ ਹੋ ਜਾਂਦਾ ਹੈ। ਸੰਤ ਸਿੰਘ ਸੇਖੋਂ ਦੀ ਕੀਤੀ ਗਈ 1969 ਵਿਚ ਇਸ ਟਿੱਪਣੀ ਤੋਂ ਬਾਅਦ ਰਵਿੰਦਰ ਰਵੀ ਦੁਆਰਾ ਸਿਰਜੀਆਂ ਕਹਾਣੀਆਂ ਨਿਰੋਲ ਪ੍ਰਕ੍ਰਿਤੀਵਾਦੀ (ਨਗਨਵਾਦੀ) ਹੋ ਨਿਬੜਦੀਆਂ ਹਨ ਤੇ ਉਸਦਾ ਝੁਕਾਅ ਛਿਣਵਾਦੀ ਵਰਤਮਾਨ ਨੂੰ ਭੋਗਣ ਤੱਕ ਸੀਮਤ ਹੋ ਜਾਂਦਾ ਹੈ।

ਜਿਸ ਤੀਜੀ ਪੀੜ੍ਹੀ ਦੀ ਪਰਵਾਸੀ ਕਹਾਣੀ ਦਾ ਜ਼ਿਕਰ ਅਸੀਂ ਕਰਦੇ ਹਾਂ ਉਸਦੇ ਅੰਸ਼ ਰਵਿੰਦਰ ਰਵੀ ਦੀ ਕਹਾਣੀ ਵਿਚ ਸ਼ੁਰੂ ਤੋਂ ਹੀ ਵਿਦਮਾਨ ਹਨ। ਰਵਿੰਦਰ ਰਵੀ ਦੀ ਕਹਾਣੀ ਵਿਚ ਉਸਦਾ ਮੁੱਢਲਾ ਪੰਜਾਬ ਦਾ ਅਨੁਭਵ ਅਤੇ ਪਰਵਾਸੀ ਅਨੁਭਵ ਨਾਲੋਂ ਨਾਲ ਚਲਦੇ ਹਨ। ਇਉਂ ਉਸਦੀ ਕਹਾਣੀ ਗਤੀਸ਼ੀਲ ਰਹਿੰਦੀ ਹੈ। ਇਸ ਤੱਥ ਨੂੰ ਸਾਹਮਣੇ ਰੱਖ ਕੇ ਡਾ. ਹਰਿਭਜਨ ਸਿੰਘ ਨੇ ਉਸਦੀ ਸੋਚ



ਨੂੰ ਅੱਧ ਵਿਚਕਾਰੋਂ ਚੀਰੀ ਹੋਈ ਕਿਹਾ ਹੈ। ਰਵਿੰਦਰ ਰਵੀ ਦੀ ਕਹਾਣੀ ਵਿਚ ਸਵੈਜੀਵਨੀਆਤਮਕ ਅੰਸ਼ ਹਮੇਸ਼ਾ ਵਿਦਮਾਨ ਰਹਿੰਦੇ ਹਨ ਜਿਸ ਨੂੰ ਉਹ ਆਪ ਸਹੀ ਵੀ ਠਹਿਰਾਉਂਦਾ ਹੈ। ਪੰਜਾਬ ਵਿਚ ਰਹਿੰਦਿਆਂ ਆਪਣੀ ਜੀਵਨ ਸ਼ੈਲੀ ਤੇ ਯਥਾਰਥ ਨਾਲ ਟਕਰਾਉ ਤੋਂ ਰਵਿੰਦਰ ਰਵੀ ਨਿਰਾਸ਼ਾਵਾਦੀ ਰੁਚੀਆਂ ਵੱਲ ਵੱਧਦਾ ਹੈ ਪਰ ਨਾਲ ਦੀ ਨਾਲ ਉਹ ਆਸ਼ਾਵਾਦੀ ਵੀ ਰਹਿੰਦਾ ਹੈ। ਇਨ੍ਹਾਂ ਦੋਨਾਂ ਰੁਚੀਆਂ ਦੇ ਟਕਰਾਂ ਵਿਚੋਂ ਕਹਾਣੀ ਦਾ ਨਵਾਂ ਮਾਧਿਅਮ - ਚੁਣਨ ਦੀ ਪ੍ਰੇਰਣਾ ਮਿਲਦੀ। ਰਵਿੰਦਰ ਰਵੀ ਦੇ ਆਪਣੇ ਕਹਿਣ ਅਨੁਸਾਰ 'ਉਸ ਦੀ ਵਿਅਕਤੀਗਤ ਪਹੁੰਚ ਨੇ ਉਸਦੀ ਕਹਾਣੀ ਵਿਚ ਮੌਲਿਕਤਾ ਵੀ ਲਿਆਂਦੀ ਹੈ, ਅਮੀਰੀ ਵੀ ਤੇ ਵੰਨਗੀ ਵੀ।'

ਕੈਨੇਡਾ ਵਿਚ ਰਹਿੰਦਿਆਂ ਰਵਿੰਦਰ ਰਵੀ ਦਾ ਪਹਿਲਾ ਕਹਾਣੀ ਸੰਗ੍ਰਹਿ 'ਜਿੱਥੇ ਦੀਵਾਰਾਂ ਨਹੀਂ' ਛਪਦਾ ਹੈ। ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਰਵਿੰਦਰ ਰਵੀ ਦਾ ਜੀਵਨ ਫਲਸਫਾ ਪੜ੍ਹਿਆ ਜਾ ਸਕਦਾ ਹੈ। ਰਵਿੰਦਰ ਰਵੀ ਕਿਉਂਕਿ ਇੱਕ ਕਵੀ ਵੀ ਹੈ, ਇਸ ਲਈ ਉਸਦੀ ਸਮੁੱਚੀ ਕਹਾਣੀ ਵਿਚ ਵੀ ਕਾਵਿਕਤਾ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਵਾਕਾਂ ਦੀ ਲੈਅ, ਉਪਮਾਵਾਂ, ਮੁਹਾਵਰੇ, ਅਲੰਕਾਰਕ ਜੜਤ, ਬਿੰਬ ਉਸਾਰ ਇਕ ਕਵਿਤਾ ਹੀ ਸਿਰਜਦੇ ਹਨ।

ਰਵਿੰਦਰ ਰਵੀ ਧਰਮ, ਨਸਲ, ਕੌਮ, ਜਾਤ ਅਤੇ ਵਾਦ ਦੇ ਆਧਾਰ ਤੇ ਇਨਸਾਨੀਅਤ ਨੂੰ ਵੰਡਿਆ ਨਹੀਂ ਦੇਖਣਾ ਚਾਹੁੰਦਾ। ਅਜਿਹੀ ਸਥਿਤੀ ਵਿਚ ਉਹ ਅਰਾਜਕਤਾਵਾਦੀ ਵੀ ਹੋ ਜਾਂਦਾ ਹੈ। ਇਸ ਸਥਿਤੀ ਵਿਚ ਉਹ ਕਿਸੇ ਵੀ ਬੰਧੇਜ ਨੂੰ ਸਹਿਜ ਅੰਗ ਤਾਂ ਬਣਾਉਣਾ ਲੋਚਦਾ ਹੈ ਪਰੰਤੂ ਜ਼ਬਰਦਸਤੀ ਬੰਧਨ ਦਾ ਵਿਰੋਧ ਵੀ ਕਰਦਾ ਹੈ। (ਜਿੱਥੇ ਦੀਵਾਰਾਂ ਨਹੀਂ) 'ਕੈਂਸਰ' ਕਹਾਣੀ ਵਿਚ ਰਵਿੰਦਰ ਰਵੀ ਇਕ ਉਲਾਰ ਪਾਤਰ ਦੀ ਮਨੋਸਥਿਤੀ ਨੂੰ ਪੇਸ਼ ਕਰਦਾ ਹੈ। ਉਸਨੇ ਲੇਖਕਾਂ ਦੇ ਦੋਹਰੇ ਵਿਹਾਰ ਨੂੰ ਵਿਅੰਗ ਦਾ ਸ਼ਿਕਾਰ ਬਣਾਇਆ ਹੈ। ਪ੍ਰਗਤੀਵਾਦੀ ਲੇਖਕਾਂ ਦੀ ਕਥਨੀ ਤੇ ਕਰਨੀ ਉੱਪਰ ਵਿਅੰਗਾਤਮਿਕ ਟਿੱਪਣੀਆਂ ਇਸ ਕਹਾਣੀ ਦਾ ਆਧਾਰ ਹਨ। ਕਹਾਣੀ ਦੇ ਅੰਤਿਮ ਬੋਲਾਂ ਵਿਚ ਕੈਂਸਰ ਵਿਸ਼ਾਲ ਅਰਥ ਗ੍ਰਹਿਣ ਕਰਦਾ ਪ੍ਰਤੀਤ ਹੁੰਦਾ ਹੈ।

ਰਵੀ ਦੀਆਂ ਕਹਾਣੀਆਂ ਵਿਚ ਕਬੀਲਿਆਂ ਦਾ ਅਨੁਭਵ ਵੀ ਪ੍ਰਾਪਤ ਹੈ ਕਿਉਂਕਿ ਉਹ ਮੂਲ ਨਿਵਾਸੀਆਂ ਦੇ ਖੇਤਰ ਵਿਚ ਸਕੂਲ ਦਾ ਅਧਿਆਪਕ ਰਿਹਾ ਹੈ। ਪਰਵਾਸੀ ਕਹਾਣੀਕਾਰਾਂ ਦੇ ਪਰਵਾਸੀ ਪਾਤਰ ਪੰਜਾਬੀ ਵਿਚ ਵਾਰਤਾਲਾਪ ਕਰਦੇ ਹਨ ਇਹ ਅਣਯਥਾਰਥਕ ਸਥਿਤੀ ਹੈ ਪਰੰਤੂ ਪੰਜਾਬੀ ਕਹਾਣੀਕਾਰ ਪੰਜਾਬੀ ਪਾਠਕਾਂ ਲਈ ਰਚਨਾ ਕਰ ਰਹੇ ਹਨ ਇਸ ਲਈ ਇਨ੍ਹਾਂ ਦੇ ਪਾਤਰ ਆਪਣੀ ਗੱਲ ਪੰਜਾਬੀ ਵਿਚ ਹੀ ਕਹਿੰਦੇ ਨਾ ਕਿ ਅੰਗਰੇਜ਼ੀ ਵਿਚ। ਦੂਜੇ ਸ਼ਬਦਾਂ ਵਿਚ ਪਰਵਾਸੀ ਕਹਾਣੀਕਾਰ ਪਰਵਾਸੀ ਪਾਤਰਾਂ ਦੇ ਮਨੋਭਾਵਾਂ ਦਾ ਤਰਜਮਾ ਪੰਜਾਬੀ ਵਿਚ ਕਰਦੇ ਹਨ। ਕਹਾਣੀ 'ਦਲਦਲ' ਵਿਚ ਰਵਿੰਦਰ ਰਵੀ ਅਜਿਹੇ ਮਨੁੱਖ ਦੀ ਊਲਜਲੂਲ ਹੋਂਦ ਦਾ ਚਿੱਤਰ ਮਾਤਰ ਖਿੱਚਦਾ ਹੈ। ਇਸ ਕਹਾਣੀ ਨੂੰ ਐਬਸਰਡ ਕਹਾਣੀ ਦਾ ਨਾਂ ਦਿੱਤਾ ਜਾ ਸਕਦਾ ਹੈ। 'ਇਕਾਈ ਤੋਂ ਲੋਕਾਈ ਵਲ' ਉਪਰਾਮ ਪਾਤਰਾਂ ਦੇ ਮੁੜ ਜਿਨਸੀ ਜੀਵਨ ਵੱਲ ਪਰਤਣ ਦੀ ਕਹਾਣੀ ਹੈ। 'ਮੌਤ ਦੇ ਹੋਠ ਤੇ ਰੇਤ ਦੀ ਝੀਲ' ਨਾਂ ਦੀ ਕਹਾਣੀ ਦੱਬੀਆਂ ਜਿਨਸੀ ਭਾਵਨਾਵਾਂ ਕਾਰਣ ਪਿਆਸੀ ਔਰਤ ਦੀ ਦਸ਼ਾ ਦਾ ਬਿਰਤਾਂਤ ਪੇਸ਼ ਕਰਦੀ ਹੈ।

ਕਹਾਣੀ 'ਘੱਟਦੇ ਵੱਧਦੇ ਫਾਸਲੇ' ਰਵਿੰਦਰ ਰਵੀ ਦੀ ਸਵੈਜੀਵਨੀਆਤਮਕ ਕਹਾਣੀ ਹੈ। ਬਿਰਤਾਂਤਕਾਰ ਪੰਜਾਬ ਵਿਚ ਆਪਣੀ ਐਸ਼ਪ੍ਰਸਤ ਜ਼ਿੰਦਗੀ ਅਤੇ ਯਥਾਰਥ ਦੇ ਟਕਰਾਉ ਦੀ ਬਾਤ ਪਾਉਂਦਾ ਹੋਇਆ ਇਸ ਦਾ ਦਾਰਸ਼ਨਿਕੀਕਰਣ ਕਰਦਾ ਹੈ। ਰਵਿੰਦਰ ਰਵੀ ਦਾ ਕਥਨ ਹੈ ਕਿ, "ਹੋਰ ਦੀ ਸ਼ੈਲੀ ਨਾਲ ਮੈਂ ਪਹਿਲੀ ਵਾਰ ਕੈਨੇਡਾ ਦੇ ਰੈੱਡ ਇੰਡੀਅਨਾਂ ਦੇ ਜੀਵਨ ਨਾਲ ਦੋ ਚਾਰ ਹੋਇਆ ਹਾਂ ਜੋ ਅਜੇ ਵੀ ਕਬਾਇਲੀ ਸਭਿਆਚਾਰਕ ਜ਼ਿੰਦਗੀ ਦੇ ਤੰਗ ਚੋਖਟੇ ਵਿਚ ਜਕੜੇ ਹਨ ਅਤੇ ਮਜ਼ੇ ਦੀ ਗੱਲ ਇਹ ਹੈ ਕਿ ਕੈਨੇਡਾ ਵਰਗੇ ਵਿਗਿਆਨਕ ਪੱਖੋਂ ਉੱਨਤ ਦੇਸ਼ ਵਿਚ ਉਨ੍ਹਾਂ ਨੂੰ ਆਪਣਾ ਪਛੜੇਵਾਂ

ਏਨਾ ਅੱਖਰਦਾ ਨਹੀਂ ਜਿੰਨਾ ਕਿ ਆਪਣੀ ਸਭਿਅਤਾ ਉੱਤੇ ਪੈ ਰਹੇ ਪੱਛਮੀ ਪ੍ਰਭਾਵ (ਮੇਰੀ ਕਹਾਣੀ ਪੰਨਾ 644)। ਪਹਿਲੇ ਕਹਾਣੀ ਸੰਗ੍ਰਹਿ ਦੀ ਅੰਤਿਮ ਕਹਾਣੀ 'ਦਸ ਵਰ੍ਹੇ ਲੰਮੀ ਨੀਂਦ' ਭਾਗ ਮਲ ਨਾਂ ਦੇ ਪਾਤਰ ਦੇ ਆਪਣੀ ਇਸਤਰੀ ਉੱਪਰ ਸ਼ੱਕ ਕਾਰਣ ਘਰ ਛੱਡ ਕੇ ਜਾਣ ਅਤੇ ਪ੍ਰੇਮਿਕਾ ਦੇ ਦੂਰ ਜਾਣ ਤੋਂ ਬਾਅਦ ਮੁੜ ਘਰ ਪਰਤ ਆਉਣ ਦੀ ਕਹਾਣੀ ਹੈ। ਇਸ ਸੰਗ੍ਰਹਿ ਦੇ ਸੰਦਰਭ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਸਦੀਆਂ ਕਹਾਣੀਆਂ ਵਿਚ ਮਧੂਸ਼ਾਲੇ, ਦਿਵਾਸਵਪਨ ਭੋਗੀ, ਨਿਆਇ ਅਤੇ ਅਨਿਆਇ ਵਰਗੇ ਹਿੰਦੀ ਸ਼ਬਦਾਂ ਦਾ ਪ੍ਰਯੋਗ ਰੜਕਦਾ ਹੈ।

'ਕੰਪਿਊਟਰ ਕਲਚਰ' ਕਹਾਣੀ ਸੰਗ੍ਰਹਿ ਵਿਚ ਰਵੀ ਦੀਆਂ 1978-85 ਤੱਕ ਦੀਆਂ ਕਹਾਣੀਆਂ ਸ਼ਾਮਿਲ ਹਨ, ਕਹਾਣੀ ਕੰਪਿਊਟਰ ਕਲਚਰ ਕੈਨੇਡਾ ਵਿਚ ਖੰਡਿਤ ਹੋਏ ਪਰਿਵਾਰਾਂ ਦੀ ਬਾਤ ਪਾਉਂਦੀ ਹੈ ਅਤੇ ਨਾਲ ਹੀ ਸਾਡੀ ਸਭਿਅਤਾ ਨੂੰ ਕੰਟਰੋਲ ਕਰ ਰਹੇ ਕੰਪਿਊਟਰ ਦੀ। ਕੰਪਿਊਟਰ ਕਲਚਰ ਕਹਾਣੀ ਵਿਚ ਬਿਰਤਾਂਤ ਦਾ ਦੁਹਰਾਉ ਇੱਕ ਵੱਖਰਾ ਪ੍ਰਭਾਵ ਸਿਰਜਦਾ ਹੈ। 'ਟਿਕ ਟਿਕ ਟੂੰ ਟੂੰ' ਦੀ ਆਵਾਜ਼ ਪੂਰੀ ਕਹਾਣੀ ਦੇ ਆਰ ਪਾਰ ਫੈਲੀ ਹੋਈ ਹੈ। ਇਸ ਆਵਾਜ਼ ਤੋਂ ਬਿਰਤਾਂਤਕਾਰ ਹੀ ਦੁਖੀ ਨਹੀਂ ਹੁੰਦਾ, ਪਾਠਕ ਵੀ ਇਸਦੇ ਪ੍ਰਭਾਵ ਨੂੰ ਕਬੂਲਦਾ ਹੈ। ਜਿਵੇਂ 'ਕੰਪਿਊਟਰ ਕਲਚਰ' ਕਹਾਣੀ ਸੰਗ੍ਰਹਿ ਦੇ ਸੰਦਰਭ ਵਿਚ ਕਿਹਾ ਗਿਆ ਹੈ ਕਿ ਇਸ ਵਿਚ ਯਥਾਰਥ ਅਤੇ ਤਕਨੀਕੀ ਪੱਧਰ ਦੇ ਪੂਰਵ ਤੇ ਪੱਛਮ ਦੇ ਵਿਰੋਧਾਂ ਨੂੰ ਪਹਿਲੀ ਵਾਰ ਪੇਸ਼ ਕੀਤਾ ਗਿਆ ਹੈ। ਇਹੀ ਗੱਲ ਰਵੀ ਦੀ ਕਹਾਣੀ 'ਪੌਟਲੱਕ' ਉੱਪਰ ਵੀ ਲਾਗੂ ਹੁੰਦੀ ਹੈ ਜਿੱਥੇ ਕਹਾਣੀਕਾਰ ਪੂਰਵੀ ਅਤੇ ਪੱਛਮੀ ਸਭਿਆਚਾਰਾਂ ਦੇ ਸੁਮੇਲ ਚੋਂ ਇਕ ਨਵਾਂ ਸੰਸ਼ਲੇਸ਼ਣ ਲੱਭਣ ਦੀ ਕੋਸ਼ਿਸ ਕਰਦਾ ਹੈ।

ਰਵਿੰਦਰ ਰਵੀ ਜਿੱਥੇ ਪੱਛਮ ਦੇ ਅਨੁਭਵ ਨੂੰ ਵਿਸਥਾਰ ਵਿਚ ਪੇਸ਼ ਕਰਦਾ ਹੈ ਉੱਥੇ ਪੰਜਾਬ ਤੋਂ ਦੂਰ ਰਹਿੰਦਿਆਂ ਨਵੇਂ ਅਨੁਭਵ ਦੀ ਅਣਹੋਂਦ ਕਾਰਣ 'ਸ਼ਹੀਦ ਦੀ ਮਾਂ' ਵਰਗੀ ਕਹਾਣੀ ਵਿਚ ਇਕ ਸਨਸਨੀਖੇਜ ਘਟਨਾ ਨੂੰ ਉਭਾਰਦਾ ਹੈ। 'ਪੈੱਟ ਕਲਚਰ' ਕਹਾਣੀ ਕੈਨੇਡਾ ਦੇ ਜੀਵਨ ਵਿਚ ਪੈਦਾ ਹੋ ਰਹੀ ਉਲਾਰ ਪ੍ਰਵਿਰਤੀ ਦੀ ਲਖਾਇਕ ਕਹਾਣੀ ਹੈ। 'ਪੈੱਟ ਕਲਚਰ' ਕਹਾਣੀ ਥਰਡ ਪਰਸਨ ਵਿਚ ਲਿਖੀ ਗਈ ਕਹਾਣੀ ਹੈ ਜਿਸ ਵਿਚ ਵਰਨਣ ਵਿਧੀ ਅਤੇ ਵਾਰਤਾਲਾਪ ਕਹਾਣੀ ਨੂੰ ਪੜ੍ਹਨ ਯੋਗ ਬਣਾਉਂਦੇ ਹਨ। 'ਇਸ਼ਵਰੀ ਰਿਸ਼ਤੇ' ਕਹਾਣੀ ਜੈਕੀ ਸਿਮਥ ਦੇ ਜੀਵਨ ਦੇ ਦੁਖਾਂਤ ਦਾ ਬਿਰਤਾਂਤ ਹੈ ਜੋ ਮਤਰੇਏ ਬਾਪ ਵਲੋਂ ਰੇਪ ਕੀਤੇ ਜਾਣ ਕਾਰਣ ਗਰਭਵਤੀ ਹੋ ਜਾਂਦੀ ਹੈ।

'ਤਾਰਿਆਂ ਵਾਲਾ ਦੇਸ਼' ਕਹਾਣੀ ਵਿਚ ਪੰਜਾਬ ਅੰਦਰਲੇ ਜਾਤ ਵਿਤਕਰੇ ਅਤੇ ਕੈਨੇਡਾ ਵਿਚਲੇ ਨਸਲੀ ਵਿਤਕਰੇ ਦਾ ਤੁਲਨਾਤਮਕ ਅਧਿਐਨ ਕਰਕੇ ਭਾਰਤੀ ਸੋਚਣੀ ਉੱਪਰ ਵਿਅੰਗ ਕੀਤਾ ਗਿਆ ਹੈ। 'ਇਕ ਹੋਰ ਹੈਮਿੰਗਵੇ' ਸਿੱਧੇ ਤੌਰ ਤੇ ਅਸਤਿਤਵਵਾਦੀ ਚਿੰਤਨ ਨਾਲ ਜੁੜੀ ਹੋਈ ਕਹਾਣੀ ਹੈ। ਪਾਤਰ ਸ਼ਹਿਰੀ ਜੀਵਨ ਤੋਂ ਅੱਕ ਕੇ ਸ਼ਿਕਾਰ ਦਾ ਸ਼ੌਕ ਪਾਲਦਾ ਹੈ ਅਤੇ ਸ਼ਿਕਾਰ ਕਰਨ ਉਪਰੰਤ ਉਪਰਾਮ ਹੋ ਕੇ ਆਤਮ ਹੱਤਿਆ ਦੇ ਵਿਚਾਰ ਤੱਕ ਪਹੁੰਚਦਾ ਪਾਤਰ, ਵੱਖਰੀ ਤਰ੍ਹਾਂ ਦਾ ਅਹਿਸਾਸ ਕਰਦਾ ਹੋਇਆ ਮੁੜ ਜੀਵਨ ਵੱਲ ਪਰਤਦਾ ਹੈ। ਅਸਤਿਤਵਵਾਦੀ ਚਿੰਤਨ ਅਨੁਸਾਰ ਰਵਿੰਦਰ ਰਵੀ ਦੀ ਸ਼ੈਲੀ ਵੀ ਐਬਸਰਡ ਹੈ। ਸ਼ਾਂਤੀ ਦੀ ਤਲਾਸ਼, ਮੌਤ, ਆਤਮ ਹੱਤਿਆ ਪੂਰਨ ਸੁਤੰਤਰਤਾ ਵਰਗੇ ਵਾਕ ਵਾਰ-ਵਾਰ ਦੁਹਰਾਏ ਗਏ ਹਨ। ਵਿਅੰਗ ਇਹ ਹੈ ਕਿ ਜਿੱਥੇ ਹੈਮਿੰਗਵੇ ਨੇ ਸੱਚਮੁੱਚ ਆਤਮ ਹੱਤਿਆ ਕਰ ਲਈ ਉੱਥੇ ਕਹਾਣੀ ਦਾ ਹੈਮਿੰਗਟਵੇ ਅਜਿਹਾ ਕੁਝ ਨਹੀਂ ਕਰ ਸਕਦਾ। 'ਕੰਪਿਊਟਰ ਕਲਚਰ' ਕਹਾਣੀ ਸੰਗ੍ਰਹਿ ਦੀਆਂ 'ਕਿੰਨੇ ਜਵਾਲਾ ਮੁਖੀ ਹੋਰ' ਅਤੇ 'ਸ਼ਰਨਾਰਥੀ' ਕਹਾਣੀਆਂ ਕੈਨੇਡਾ ਅਮਰੀਕਾ ਵਿਚ 1982-83 ਵਿਚ ਵਾਪਰੇ ਆਰਥਿਕ ਮੰਦਵਾੜੇ ਦੇ ਪ੍ਰਭਾਵ ਨੂੰ ਬੜੀ ਸ਼ਿੱਦਤ ਨਾਲ ਬਿਆਨ ਕਰਦੀਆਂ ਹਨ। ਕਹਾਣੀਕਾਰ ਅਨੁਸਾਰ ਇਸੇ ਸਮੇਂ ਹੀ ਚਰਚ ਵਲੋਂ ਸੂਪ ਕਿਚਨ ਅਤੇ ਫੂਡ ਬੈਂਕ ਖੋਲ੍ਹੇ ਗਏ ਹਨ ਇਨ੍ਹਾਂ ਦਾ ਜ਼ਿਕਰ ਬਅਦ ਵਿਚ ਜਰਨੈਲ ਸਿੰਘ ਦੀ ਕਹਾਣੀ ਵਿਚ ਮਿਲਦਾ ਹੈ।



ਜਿੱਥੇ ਇਕ ਅੰਗਰੇਜ਼ ਇਨ੍ਹਾਂ ਫੂਡ ਬੈਂਕਾਂ ਦੀ ਤੁਲਨਾ, ਵੰਡ ਛਕੋ ਦੇ ਸਿੱਖੀ ਸਿਧਾਂਤ ਨਾਲ ਕਰਦਾ ਹੈ। ਉਪਰੋਕਤ ਦੋਨੋਂ ਕਹਾਣੀਆਂ ਯਥਾਰਥਵਾਦੀ ਕਹਾਣੀਆਂ ਹਨ। ਇਨ੍ਹਾਂ ਵਿਚਲੇ ਅੰਕੜੇ ਅਤੇ ਥਾਵਾਂ ਦਾ ਵਰਨਣ ਕਹਾਣੀ ਦੇ ਬਿਰਤਾਂਤ ਨੂੰ ਖੜੋਤ ਵਿਚ ਲੈ ਆਉਂਦੇ ਹਨ। '13 ਸਾਲ ਦੀ ਕੰਜਰੀ' ਕਹਾਣੀ ਦਾ ਪਿਛੋਕੜ ਵੀ ਇਸੇ ਆਰਥਿਕ ਮੰਦਵਾੜੇ ਦੀ ਸਥਿਤੀ ਹੈ। ਜਿਸ ਵਿਚ ਰਵਿੰਦਰ ਰਵੀ ਵਿਕਸਿਤ ਦੇਸ਼ਾਂ ਦੀ ਨੈਤਿਕਤਾ ਨੂੰ ਬੇਲਾਗ ਹੋ ਕੇ ਬਿਆਨਦਾ ਹੈ ਅਤੇ ਇਹ ਵਿਚਾਰ ਪੇਸ਼ ਕਰਦਾ ਹੈ ਕਿ ਪੱਛਮ ਬਹੁਤੀ ਦੇਰ ਵੇਸਵਾ ਦੀ ਸਥਿਤੀ ਵਿਚ ਨਹੀਂ ਰਹਿ ਸਕਦਾ ਹੈ।

ਜਰਨੈਲ ਸਿੰਘ ਦਾ ਅਨੁਭਵ ਕਿਸਾਨੀ ਜੀਵਨ, ਫੌਜੀ ਨੌਕਰੀ, ਦਫ਼ਤਰੀ ਨੌਕਰੀ ਅਤੇ ਪਰਵਾਸੀ ਜੀਵਨ ਦੀਆਂ ਕਠਿਨਾਈਆਂ ਭੋਗਣ ਤੱਕ ਫੈਲਿਆ ਹੋਇਆ ਹੈ। ਪਹਿਲੀ ਤਰ੍ਹਾਂ ਦੇ ਅਨੁਭਵਾਂ ਵਿਚੋਂ ਫੌਜੀ ਜੀਵਨ ਨਾਲ, ਨਿਮਨ ਕਿਸਾਨੀ ਦੇ ਯਥਾਰਥ ਨਾਲ ਅਤੇ ਮੱਧਵਰਗੀ ਜੀਵਨ ਦੇ ਕਈ ਪਸਾਰਾਂ ਨਾਲ ਜੁੜੀਆਂ ਹੋਈਆਂ ਕਹਾਣੀਆਂ ਸਾਹਮਣੇ ਆਉਂਦੀਆਂ ਹਨ। ਜਰਨੈਲ ਸਿੰਘ ਦੀਆਂ ਕਹਾਣੀਆਂ ਵਿਚ ਕਿਸਾਨੀ ਦੀਆਂ ਅੰਤਰ ਵਿਰੋਧਤਾਈਆਂ ਬੜੀ ਬਾਰੀਕੀ ਨਾਲ ਪੇਸ਼ ਹੁੰਦੀਆਂ ਹਨ। ਛੋਟੀ ਕਿਰਸਾਨੀ ਦੇ ਖੁਰਨ ਦੀ ਪ੍ਰਕਿਰਿਆ ਅਤੇ ਜਾਤੀ ਅਭਿਮਾਨ ਪ੍ਰਵਿਰਤੀ ਆਦਿ ਜਰਨੈਲ ਸਿੰਘ ਦੀਆਂ ਕਹਾਣੀਆਂ ਦਾ ਵਸਤੂ ਬਣਦੀ ਹੈ। ਫੌਜੀ ਜੀਵਨ ਨਾਲ ਸੰਬੰਧਿਤ ਜਰਨੈਲ ਸਿੰਘ ਦੀਆਂ ਕਹਾਣੀਆਂ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਯੁੱਧਾਂ ਦਾ ਵਿਰੋਧ ਕਰਦੀਆਂ ਹਨ। ਉਹ ਫੌਜੀ ਜੀਵਨ ਦੇ ਆਰਥਿਕ ਮੰਦਵਾੜੇ ਨੂੰ ਪੇਸ਼ ਕਰਦੀਆਂ ਹਨ। ਜਰਨੈਲ ਸਿੰਘ ਦਾ ਫੌਜੀ ਬਾਹਰੀ ਕੱਪੜਿਆਂ ਤੋਂ ਹੀ ਨਹੀਂ ਪਹਿਚਾਣਿਆ ਜਾਂਦਾ ਸਗੋਂ ਆਪਣੀਆਂ ਮਾਨਵੀ ਕਦਰਾਂ-ਕੀਮਤਾਂ ਤੋਂ ਪਹਿਚਾਣਿਆ ਜਾਂਦਾ ਹੈ। ਮੱਧਵਰਗੀ ਜੀਵਨ ਦੇ ਖੋਖਲੇਪਨ, ਵਿਅਕਤੀਵਾਦੀ ਰੁਝਾਨਾਂ ਅਤੇ ਦੋਹਰੇ ਮਾਨਵੀ ਮੁੱਲਾਂ ਉੱਪਰ ਜਰਨੈਲ ਸਿੰਘ ਨੇ ਵਿਅੰਗਆਤਮਿਕ ਕਹਾਣੀਆਂ ਦੀ ਸਿਰਜਣਾ ਕੀਤੀ ਹੈ।

ਪਰਵਾਸ ਧਾਰਨ ਕਰਨ ਤੋਂ ਪਹਿਲਾਂ ਜਰਨੈਲ ਸਿੰਘ ਕਹਾਣੀਕਾਰ ਦੇ ਤੌਰ ਤੇ ਪੰਜਾਬੀ ਸਾਹਿਤ ਨੂੰ ਤਿੰਨ ਕਹਾਣੀ ਸੰਗ੍ਰਹਿ 'ਮੈਨੂੰ ਕੀ', 'ਸਮੇਂ ਦੇ ਹਾਣੀ' ਅਤੇ 'ਮਨੁੱਖ ਤੇ ਮਨੁੱਖ' ਦੇ ਚੁੱਕਾ ਸੀ। 'ਦੋ ਟਾਪੂ' ਅਤੇ 'ਟਾਵਰਜ਼' ਜਰਨੈਲ ਸਿੰਘ ਦੇ ਦੋ ਕਹਾਣੀ ਸੰਗ੍ਰਹਿ ਪਰਵਾਸੀ ਜੀਵਨ ਨਾਲ ਜੁੜੇ ਹੋਏ ਹਨ। ਪਰਵਾਸ ਵਿਚ ਰਹਿੰਦੇ ਪੰਜਾਬੀਆਂ ਦੇ ਜੀਵਨ ਯਥਾਰਥ ਦੇ ਹਾਂ-ਪੱਖੀ ਅਤੇ ਨਾਂਹ-ਪੱਖੀ ਦੋਹਾਂ ਪਹਿਲੂਆਂ ਨੂੰ ਕਲਾਤਮਕ ਰੂਪ ਦਿੱਤਾ ਗਿਆ ਹੈ। ਜਰਨੈਲ ਸਿੰਘ ਇਕ ਪਾਸੇ ਖੁਰਦੀ ਕਿਰਸਾਨੀ ਦੀਆਂ ਮਜਬੂਰੀਆਂ ਅਤੇ ਅਖੌਤੀ 'ਠਾਠ-ਬਾਠ' ਨੂੰ ਬਿਰਤਾਂਤ ਵਿਚ ਢਾਲਦਾ ਹੈ। ਦੂਜੇ ਪਾਸੇ ਇਹੀ ਪਾਤਰ ਪਰਵਾਸ ਵਿਚ ਜਾਨ ਮਾਰ ਕੇ ਕੰਮ ਕਰਦੇ ਹਨ। ਨਵੇਂ ਸਭਿਆਚਾਰ ਵਿਚ ਮਾਨਸਿਕ ਟੈਬੂ ਟੁੱਟਦੇ ਭੱਜਦੇ ਹਨ ਅਤੇ ਪੰਜਾਬੀ ਬੰਦਾ ਸਦਾਚਾਰਕ, ਸਭਿਆਚਾਰਕ ਅਤੇ ਮਾਨਸਿਕ ਸੰਕਟਾਂ ਦਾ ਸ਼ਿਕਾਰ ਹੁੰਦਾ ਹੈ। ਜੀਵਨ ਦੀ ਤੇਜ਼ ਗਤੀ ਪਰਿਵਾਰਕ ਰਿਸ਼ਤਿਆਂ ਵਿਚ ਹੀ ਤਰੇੜਾਂ ਪਾਉਂਦੀ ਹੈ ਅਤੇ ਕਈ ਵਾਰ ਪਤੀ ਪਤਨੀ ਦੋ ਟਾਪੂਆਂ ਦੀ ਤਰ੍ਹਾਂ ਰਹਿਣ ਦਾ ਦੁਖਾਂਤ ਭੋਗਦੇ ਹਨ। ਜਰਨੈਲ ਸਿੰਘ ਪੱਛਮੀ ਜੀਵਨ ਵਿਚ ਵੀ ਇਕ ਸਹਿਜ ਪਰਿਵਾਰ ਦੀ ਕਲਪਨਾ ਕਰਦਾ ਹੈ, ਪਰੰਤੂ ਪੂਰਾ ਸਿਸਟਮ ਇਸ ਵਿਚ ਬਾਧਕ ਹੈ। ਜਰਨੈਲ ਸਿੰਘ ਦੇ ਪਾਤਰ ਕੈਨੇਡਾ ਦੀਆਂ ਸੁੱਖ-ਸੁਵਿਧਾਵਾਂ ਭੋਗਦੇ ਅਤੇ ਦੁਖਾਂਤ ਭੋਗਦੇ ਹੋਏ ਵੀ ਸੁਚੇਤ ਪਾਤਰ ਹਨ। ਉਹ ਖਪਤ ਮੰਡੀ ਦਾ ਹਿੱਸਾ ਹੁੰਦੇ ਹੋਏ ਵੀ ਮਨੁੱਖ ਦੇ ਮੰਡੀ ਦੀ ਵਸਤ ਬਣਨ ਪ੍ਰਤੀ ਸੁਚੇਤ ਹਨ।

ਜਰਨੈਲ ਸਿੰਘ ਪੱਛਮੀ ਜੀਵਨ ਦੀਆਂ ਨਾਂਹ ਪੱਖੀ ਅਲਾਮਤਾਂ ਵਿਚੋਂ ਸਭ ਤੋਂ ਵਧੇਰੇ ਮਹੱਤਵ ਵਿਅਕਤੀਵਾਦੀ ਸੋਚ ਨੂੰ ਦਿੰਦਾ ਹੈ। ਦੋ ਸਭਿਆਚਾਰਾਂ ਦਾ ਟਕਰਾਅ ਦੋ ਟਾਪੂ ਕਹਾਣੀ ਸੰਗ੍ਰਹਿ ਵਿਚ ਵੀ ਵੇਖਿਆ ਜਾ ਸਕਦਾ ਹੈ ਪਰੰਤੂ ਟਾਵਰਜ਼ ਕਹਾਣੀ ਸੰਗ੍ਰਹਿ ਨਾਲੋਂ ਦੋ ਟਾਪੂ ਕਹਾਣੀ ਸੰਗ੍ਰਹਿ ਵਿੱਚ ਇਹ ਹੋਰ ਵੀ ਵਧੇਰੇ ਤਿੱਖੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ। ਪੱਛਮੀ ਦੇਸ਼ਾਂ ਵਿਚ ਔਰਤ ਆਰਥਿਕ ਬਰਾਬਰੀ ਪ੍ਰਾਪਤ ਕਰਕੇ ਭਾਰਤੀ ਸਮਾਜ ਦੇ ਉਲਟ ਸੁਤੰਤਰਤਾ ਮਾਨਣਾ ਚਾਹੁੰਦੀ ਹੈ, ਅਤੇ

ਉਹ ਮਾਣਦੀ ਵੀ ਹੈ। ਫਿਰ ਵੀ ਜਰਨੈਲ ਸਿੰਘ ਦੀਆਂ ਔਰਤਾਂ ਦੋਹਾਂ ਕਹਾਣੀ ਸੰਗ੍ਰਹਿਾਂ ਵਿਚ ਅਨੁਸ਼ਾਸਨ ਵਿਚ ਬੱਝੀਆਂ ਦਿਖਾਈ ਦਿੰਦੀਆਂ ਹਨ। ਜਿਥੋਂ ਤੱਕ ਮਰਦ ਦਾ ਸੰਬੰਧ ਹੈ ਉਹ ਪੰਜਾਬੀ ਸਭਿਆਚਾਰ ਤੋਂ ਵੀ ਵਧੇਰੇ ਖੁੱਲ੍ਹ ਪੱਛਮੀ ਜੀਵਨ ਵਿਚ ਮਾਣਦਾ ਹੈ। ਇਸ ਲਈ ਉਹ ਹੋਰ ਵੀ ਵਧੇਰੇ ਦਬੰਗ ਹੋ ਹੁੰਦਾ ਦਿਖਾਈ ਦਿੰਦਾ ਹੈ। ਪੱਛਮੀ ਜੀਵਨ ਬਤੀਤ ਕਰਦਾ ਹੋਇਆ ਵੀ ਪੰਜਾਬੀ ਮਰਦ ਮਨ ਅੰਦਰ ਬੈਠੇ ਸੰਸਕਾਰਾਂ ਕਾਰਨ ਨਵੀਂ ਚੇਤਨਾ ਦੇ ਹਾਣ ਦਾ ਨਹੀਂ ਹੋ ਸਕਦਾ। ਦੋ ਟਾਪੂ ਅਤੇ ਪਰਛਾਵੇਂ ਕਹਾਣੀ ਦੇ ਮੁੱਖ ਪਾਤਰ ਇਸ ਦ੍ਰਿਸ਼ਟੀ ਤੋਂ ਵਿਚਾਰੇ ਜਾ ਸਕਦੇ ਹਨ।

ਬੱਚਿਆਂ ਪ੍ਰਤੀ ਭਾਰਤੀ ਜਾਂ ਪੰਜਾਬੀ ਮਾਪੇ ਸਮਝੌਤੇ ਦਾ ਰਾਹ ਨਹੀਂ ਅਪਣਾਉਂਦੇ। ਪੈਸੇ ਦੀ ਦੌੜ ਵਿਚ ਉਹ ਆਪਣੇ ਬੱਚਿਆਂ ਨੂੰ ਗੁਆ ਬੈਠਦੇ ਹਨ। ਬੱਚੇ ਸਹੂਲਤਾਂ ਵੀ ਮੰਗਦੇ ਹਨ ਅਤੇ ਕਿਸੇ ਤਰ੍ਹਾਂ ਦੀ ਰੋਕ ਟੋਕ ਨੂੰ ਵੀ ਬਰਦਾਸ਼ਤ ਨਹੀਂ ਕਰ ਸਕਦੇ। ਪਛਾਣ ਕਹਾਣੀ ਦੇ ਅੰਤਰਗਤ ਇਹ ਪ੍ਰਵਿਰਤੀਆਂ ਦੇਖੀਆਂ ਜਾ ਸਕਦੀਆਂ ਹਨ। ਕੁੜੀਆਂ ਪ੍ਰਤੀ ਪਰਵਾਸੀ ਪੰਜਾਬੀ ਮਾਪਿਆਂ ਦਾ ਰਵੱਈਆ ਪੰਜਾਬ ਵਾਂਗ ਹੀ ਸੰਕੀਰਣ ਹੈ। ਜਰਨੈਲ ਸਿੰਘ ਨਾ ਤਾਂ ਪੁਰਾਣੀ ਪੀੜ੍ਹੀ ਦਾ ਹੀ ਸਾਥ ਦਿੰਦਾ ਹੈ ਅਤੇ ਨਾ ਹੀ ਨਵੀਂ ਪੀੜ੍ਹੀ ਨੂੰ ਪੂਰੀ ਤਰ੍ਹਾਂ ਸਹੀ ਸਿੱਧ ਕਰਦਾ ਨਜ਼ਰ ਆਉਂਦਾ ਹੈ। ਜਰਨੈਲ ਸਿੰਘ ਨਸਲਵਾਦ ਦੀ ਭਿਆਨਕਤਾ ਨੂੰ ਤਾਂ ਦਰਸਾਉਂਦਾ ਹੈ ਪਰੰਤੂ ਉਸਦੇ ਪਾਤਰ ਜੋ ਆਦਰਸ਼ਵਾਦੀ ਸੋਚ ਅਧੀਨ ਭਾਰਤ ਵਾਪਸ ਪਰਤਦੇ ਹਨ ਤਾਂ ਸੰਪ੍ਰਦਾਇਕਤਾ ਦਾ ਸੇਕ ਨਸਲਵਾਦ ਨਾਲੋਂ ਵੀ ਵਧੇਰੇ ਮਹਿਸੂਸ ਕਰਦੇ ਵਾਪਸ ਪਰਤ ਜਾਂਦੇ ਹਨ।

'ਦੋ ਟਾਪੂ' ਕਹਾਣੀ ਸੰਗ੍ਰਹਿ ਵਿਚ ਲੇਖਕ ਕੈਨੇਡਾ ਦੀ ਜ਼ਿੰਦਗੀ ਪੇਸ਼ ਕਰਦਾ ਹੈ ਅਤੇ ਉਸੇ ਪਾਤਰ ਮਾਨਸਿਕ ਤੌਰ ਤੇ ਪੰਜਾਬ ਵਿਚ ਜੜ੍ਹਾਂ ਜਮਾਈ ਬੈਠੇ ਹਨ। ਜਰਨੈਲ ਸਿੰਘ ਦਾ ਆਪਣਾ ਅਨੁਭਵ ਵੀ ਪੰਜਾਬ ਦਾ ਹੈ ਇਸ ਲਈ ਉਸਦੇ ਬਹੁਤ ਸਾਰੇ ਬਿੰਬ, ਅਲੰਕਾਰ, ਪੰਜਾਬੀ ਕਿਸਾਨੀ ਵਿਚੋਂ ਆਉਂਦੇ ਹਨ। ਟਾਵਰਜ਼ ਕਹਾਣੀ ਸੰਗ੍ਰਹਿ ਵਿਚ ਇਹ ਪ੍ਰਵਿਰਤੀ ਘੱਟ ਜਾਂਦੀ ਹੈ ਅਤੇ ਜਰਨੈਲ ਸਿੰਘ ਪਰਵਾਸੀ ਜੀਵਨ ਵਿਚੋਂ ਬਿੰਬਾਂ ਦੀ ਚੋਣ ਕਰਦਾ ਹੈ। ਜਰਨੈਲ ਸਿੰਘ ਦੀ ਕਹਾਣੀ ਦੀ ਸ਼ੈਲੀ ਰਵਿੰਦਰ ਰਵੀ ਵਰਗੀ ਕਾਵਿਕ ਤਾਂ ਨਹੀਂ ਪਰ ਇਸ ਵਿਚ ਕਾਵਿਕਤਾ ਦੀ ਅਣਹੋਂਦ ਵੀ ਨਹੀਂ। ਰਵਿੰਦਰ ਰਵੀ ਇਕ ਕਵੀ ਵੀ ਹੈ ਪਰੰਤੂ ਜਰਨੈਲ ਸਿੰਘ ਕੇਵਲ ਕਹਾਣੀਕਾਰ ਹੈ ਭਾਵੇਂ ਕਿ ਉਸ ਨੇ ਹੁਣੇ ਹੁਣੇ ਇਕ ਨਾਟਕ ਦੀ ਰਚਨਾ ਵੀ ਕੀਤੀ ਹੈ ਜੋ ਅਜੇ ਛਪਾਈ ਅਧੀਨ ਹੈ।

ਟਾਵਰਜ਼ ਤੱਕ ਪਹੁੰਚਦਿਆਂ ਜਰਨੈਲ ਸਿੰਘ ਦੀ ਕਹਾਣੀ ਦੀ ਵਸਤੂ, ਵਿਧੀ ਅਤੇ ਦ੍ਰਿਸ਼ਟੀ ਤਿੰਨਾਂ ਵਿਚ ਵਿਸਤਾਰ ਆਉਂਦਾ ਹੈ। ਉਸਦੀ ਵਸਤੂ ਅੰਦਰ ਰਾਸ਼ਟਰੀ ਹੋ ਜੰਦੀ ਹੈ ਅਤੇ ਇਸਦੇ ਅਨੁਕੂਲ ਵਿਧੀਆਂ ਵੀ ਨਵੀਨ ਆ ਜਾਂਦੀਆਂ ਹਨ। ਉਸਦੀ ਦ੍ਰਿਸ਼ਟੀ ਵਿਸ਼ਵ ਵਿਆਪੀ ਬਣ ਜਾਂਦੀ ਹੈ। ਇਸ ਲਈ ਡਾ. ਜਗਬੀਰ ਸਿਘ ਨੇ ਟਾਵਰਜ਼ ਕਹਾਣੀ ਸੰਗ੍ਰਹਿ ਦੇ ਬਿਰਤਾਂਤ ਨੂੰ ਗਲੋਬਲ ਚੇਤਨਾ ਅਤੇ ਮਾਨਵੀ ਸੰਵੇਦਨਾ ਦਾ ਬਿਰਤਾਂਤ ਕਿਹਾ ਹੈ। ਟਾਵਰਜ਼ ਕਹਾਣੀ ਪੰਜਾਬੀ ਸਾਹਿਤ ਵਿਚ ਆਪਣਾ ਇੱਕ ਵੱਖਰਾ ਸਥਾਨ ਰੱਖਦੀ ਹੈ ਇਸੇ ਲਈ ਜਸਬੀਰ ਜੈਨ, ਡਾ. ਜਸਵਿੰਦਰ ਸਿੰਘ, ਡਾ. ਵਨੀਤਾ ਅਤੇ ਡਾ. ਹਰਸਿਮਰਨ ਸਿੰਘ ਰੰਧਾਵਾ ਨੇ ਇਸ ਕਹਾਣੀ ਦੇ ਆਧਾਰ ਤੇ ਪੂਰੇ ਦੇ ਪੂਰੇ ਲੇਖ ਲਿਖੇ ਹਨ ਅਤੇ ਵਿਭਿੰਨ ਦ੍ਰਿਸ਼ਟੀਆਂ ਤੋਂ ਇਸਨੂੰ ਵਾਚਿਆ ਹੈ। ਜਰਨੈਲ ਸਿੰਘ ਦੇ ਪਰਵਾਸ ਦੌਰਾਨ ਛਪੇ ਦੋਹਾਂ ਕਹਾਣੀ ਸੰਗ੍ਰਹਿਾਂ ਉੱਪਰ ਦੋ ਪੂਰੀਆਂ ਦੀਆਂ ਪੂਰੀਆਂ ਆਲੋਚਨਾ ਪੁਸਤਕਾਂ ਸੰਪਾਦਿਕ ਕੀਤੀਆਂ ਗਈਆਂ ਹਨ। ਦੋ ਟਾਪੂ ਦੇ ਪ੍ਰਸੰਗ ਵਿਚ ਜਰਨੈਲ ਸਿੰਘ ਦੀ ਰਚਨਾ ਦ੍ਰਿਸ਼ਟੀ ਗੁਰਮੀਤ ਕੱਲਰਮਾਜਰੀ ਦੀ ਸੰਪਾਦਿਤ ਪੁਸਤਕ ਹੈ ਜਦਕਿ ਟਾਵਰਜ਼ ਵਸਤੂ, ਵਿਧੀ ਅਤੇ ਦ੍ਰਿਸ਼ਟੀ ਪੁਸਤਕ ਡਾ. ਕਰਮਜੀਤ ਸਿੰਘ ਅਤੇ ਡਾ. ਹਰਸਿਮਰਨ ਸਿੰਘ ਰੰਧਾਵਾ ਨੇ ਸੰਪਾਦਿਤ ਕੀਤੀ ਹੈ।

ਜਰਨੈਲ ਸਿੰਘ ਟਾਵਰਜ਼ ਕਹਾਣੀ ਵਿਚ 9-11 ਦੇ ਹੋਏ ਹਮਲੇ ਨੂੰ ਆਧਾਰ ਬਣਾ ਕੇ ਅਮਰੀਕਾ



ਦੀ ਅੰਤਰਰਾਸ਼ਟਰੀ ਰਾਜਨੀਤੀ ਨੂੰ ਹੀ ਉਜਾਗਰ ਨਹੀਂ ਕਰਦਾ ਸਗੋਂ ਉਸਦੀ ਧੌਂਸ ਨਾਲ ਛਿੜੇ ਯੁੱਧ ਕਾਰਣ ਅਮਰੀਕਾ ਦੇ ਆਪਣੇ ਨਾਗਰਿਕ ਕਿਵੇਂ ਦੁਖਾਂਤ ਦਾ ਸ਼ਿਕਾਰ ਹੁੰਦੇ ਹਨ ਇਸਦਾ ਮਾਨਵੀ ਦ੍ਰਿਸ਼ਟੀ ਤੋਂ ਡੂੰਘਾ ਅਹਿਸਾਸ ਵੀ ਕਰਵਾਉਂਦਾ ਹੈ। ਡਾ. ਜਸਬੀਰ ਜੈਨ ਅਨੁਸਾਰ, "ਟਾਵਰਜ਼ ਆਪਣੇ ਆਪ ਵਿਚ ਇਕ ਬਹੁਤ ਗੁੰਝਲਦਾਰ ਕਹਾਣੀ ਹੈ। ਉਹ ਆਪਣੀਆਂ ਕਈ ਤੈਹਾਂ ਪ੍ਰਗਟ ਕਰਦੀ ਹੈ। ਯਾਦਾਂ ਤੇ ਉਦਰੇਵੇਂ, ਪਿਛਲੇ ਸਮੇਂ ਲਈ ਤਾਂਘ, ਯਾਦਾਂ ਦੀਆਂ ਝਾਕੀਆਂ, ਕੁਦਰਤ ਵੱਲ ਆਕਰਸ਼ਣ, ਬੀਤੀਆਂ ਹੋਈਆਂ ਘਟਨਾਵਾਂ, ਰਾਜਨੀਤਿਕ ਸੋਚ, ਰਾਸ਼ਟਰੀ ਭਾਵਨਾ ਅਤੇ ਪਰਿਵਾਰਕ ਰਿਸ਼ਤਿਆਂ ਦਾ ਟਕਰਾਉ....।" (ਟਾਵਰਜ਼ ਵਸਤੂ, ਵਿਧੀ ਅਤੇ ਦ੍ਰਿਸ਼ਟੀ ਪੰਨਾ 22) ਇਸ ਕਹਾਣੀ ਵਿਚ ਆਤੰਕਵਾਦ ਦੇ ਕਈ ਚਿਹਰੇ ਸਾਹਮਣੇ ਆਉਂਦੇ ਹਨ। ਡਾ. ਸੁਖਦੇਵ ਸਿੰਘ ਖਾਹਰਾ ਟਾਵਰਜ਼ ਦੀ ਰਚਨਾ ਦ੍ਰਿਸ਼ਟੀ ਅਤੇ ਇਸਦੇ ਸਰੋਕਾਰਾਂ ਸੰਬੰਧੀ ਲਿਖਦਾ ਹੈ, "ਇਹ ਰਚਨਾ ਵਿਸ਼ਵ ਵਿਆਪੀ ਸਰੋਕਾਰਾਂ ਨਾਲ ਸੰਬੰਧਿਤ ਹੈ। ਇਸ ਵਿਚ ਅਜੋਕੇ ਦੌਰ ਵਿਚ ਮਨੁੱਖਤਾ ਨੂੰ ਦਰਪੇਸ਼ ਮਸਲਿਆਂ ਨੂੰ ਵਡੇਰੀ ਮਾਨਵੀ ਦ੍ਰਿਸ਼ਟੀ ਦੇ ਨੁਕਤੇ ਤੋਂ ਮੁਖਾਤਿਬ ਹੋਇਆ ਗਿਆ ਹੈ। ਇਸ ਨਾਲ ਜਰਨੈਲ ਸਿੰਘ ਦੀ ਬਿਰਤਾਂਤ ਕਲ ਕੈਨੇਡੀਅਨ ਪੰਜਾਬੀ ਸਾਹਿਤ ਦੇ ਸੰਦਰਭ ਤੋਂ ਅੱਗੇ ਅਮਰੀਕੀ ਸੰਦਰਭ  ਹੀ ਨਹੀਂ ਸਗੋਂ ਅੰਤਰਰਾਸ਼ਟਰੀ ਸੰਦਰਭ ਗ੍ਰਹਿਣ ਕਰ ਲੈਂਦੀ ਹੈ। (ਉਹੀ ਪੰਨਾ 53) ਡਾ. ਜਸਵਿੰਦਰ ਸਿੰਘ ਨੇ ਇਸ ਕਹਾਣੀ ਦੇ ਪਾਠ ਵਿਚ ਦੀ ਲੰਘ ਕੇ ਨਤੀਜਾ ਕੱਢਿਆ ਹੈ ਕਿ, "ਟਾਵਰਜ਼ ਕਹਾਣੀ ਦਾ ਸਿਰਜਣਾਤਮਿਕ ਹਾਸਿਲ ਇਨ੍ਹਾਂ ਮਾਨਮੱਤੇ ਦਿਖਦੇ ਉੱਚੇ ਟਾਵਰਾਂ ਦੀ ਪੁੱਠੀ ਹਕੀਕਤ ਅਤੇ ਟੇਢੇ ਸੱਚ ਦੀ ਪੇਸ਼ਕਾਰੀ ਹੈ। ਆਪਣੇ ਸਮੂਹ ਮਾਨਵੀ ਸਰੋਕਾਰਾਂ, ਬਿਰਤਾਂਤਕੀ ਕਲਾਤਮਕ ਵਿਧੀਆਂ ਅਤੇ ਭਾਸ਼ਾ ਦੀਆਂ ਵਿਲੱਖਣਤਾਵਾਂ ਸਦਕਾ ਇਹ ਪੰਜਾਬੀ ਦੀ ਅਤਿਅੰਤ ਮੁੱਲਵਾਨ ਕਹਾਣੀ ਹੋਣ ਦਾ ਮਾਣ ਰੱਖਦੀ ਹੈ। (ਪੰਨਾ 73)

ਅਮਨਪਾਲ ਸਾਰਾ ਕੈਨੇਡਾ ਦਾ ਇਕ ਹੋਰ ਸਮਰੱਥ ਕਹਾਣੀਕਾਰ ਹੈ ਜਿਸਦੇ ਹੁਣ ਤੱਕ ਸਰਦ ਰਿਸ਼ਤੇ, ਵੀਹਾਂ ਦਾ ਨੋਟ ਅਤੇ ਡਾਇਮੰਡ ਰਿੰਗ ਤਿੰਨ ਕਹਾਣੀ ਸੰਗ੍ਰਹਿ ਛਪ ਕੇ ਸਾਹਮਣੇ ਆਏ ਹਨ। ਅਮਨ ਪਾਲ ਸਾਰਾ ਆਪਣੀ ਕਹਾਣੀ 'ਵੀਹਾਂ ਦੇ ਨੋਟ' ਨਾਲ ਪੰਜਾਬੀ ਸਾਹਿਤ ਜਗਤ ਵਿਚ ਸਭ ਤੋਂ ਵੱਧ ਵਾਹ-ਵਾਹ ਖੱਟਦਾ ਹੈ। ਇਸ ਕਹਾਣੀ ਵਿਚ ਉਹ ਮਨੁੱਖ ਦੀ ਧਾਰਮਿਕ ਪ੍ਰਵਿਰਤੀ ਅਤੇ ਨੈਤਿਕ ਮੁੱਲ ਦੇ ਪਾੜ ਨੂੰ ਬਹੁਤ ਹੀ ਬਾਰੀਕੀ ਨਾਲ ਪੇਸ਼ ਕਰਦਾ ਹੈ। ਅਮਨਪਾਲ ਸਾਰਾ ਦਾ ਇਕ ਡਰਾਇਵਰ ਦੇ ਤੌਰ ਤੇ ਵੱਖ-ਵੱਖ ਲੋਕਾਂ ਨਾਲ ਵਾਹ ਪੈਂਦਾ ਹੈ। ਇਸੇ ਅਨੁਭਵ ਦੇ ਆਧਾਰ ਤੇ ਉਸਦੇ ਮਾਨਵੀ ਸਰੋਕਾਰਾਂ ਅਤੇ ਬਿਰਤਾਂਤ ਵਿਧੀਆਂ ਹੋਂਦ ਵਿਚ ਆਉਂਦੀਆਂ ਹਨ। ਸਰਦ ਰਿਸ਼ਤੇ ਕਹਾਣੀ ਸੰਗ੍ਰਹਿ ਦੀ ਪੱਧਰ ਤੇ ਅਮਨਪਾਲ ਸਾਰਾ ਪੰਜਾਬੀ ਕਥਾ ਜਗਤ ਵਿਚ ਆਪਣੀ ਜ਼ਮੀਨ ਦੀ ਤਲਾਸ਼ ਕਰਦਾ ਹੈ। ਇਸ ਕਹਾਣੀ ਸੰਗ੍ਰਹਿ ਨਾਲ ਉਹ ਪਰਵਾਸੀ ਕਹਾਣੀ ਨਾਲ ਜੁੜਦਾ ਨਜ਼ਰ ਆਉਂਦਾ ਹੈ। ਸਰਦ ਰਿਸ਼ਤੇ ਕਹਾਣੀ ਸੰਗ੍ਰਹਿ ਤੋਂ ਹੀ ਅਮਨਪਾਲ ਸਾਰਾ ਕੈਨੇਡੀਅਨ ਸਮਾਜ ਨੂੰ ਵਿਸ਼ਵੀ ਪਰਿਵੇਸ਼ ਵਿਚ ਆਲੋਚਨਾਤਮਕ ਦ੍ਰਿਸ਼ਤੀ ਤੋਂ ਦੇਖਣ ਲੱਗਦਾ ਹੈ, ਭਾਵੇਂ ਕਿ ਇਸ ਪੜਾਅ ਤੇ ਉਸਦੇ ਵਿਚਾਰਾਂ ਵਿਚ ਅਜੇ ਪਿਛਲੇ ਸੰਗ੍ਰਹਿਆਂ ਵਾਲੀ ਪਕਿਆਈ ਤੇ ਡੂੰਘਿਆਈ ਨਹੀਂ। ਉਹ ਇਸ ਪੜਾਅ ਤੇ ਅੰਗਰੇਜ਼ ਲੋਕਾਂ ਦੀਆਂ ਕਮਜ਼ੋਰੀਆਂ ਉੱਪਰ ਵਧੇਰੇ ਧਿਆਨ ਦਿੰਦਾ ਹੈ। ਉਨ੍ਹਾਂ ਦੇ ਮਜ਼ਬੂਤ ਪੱਖਾਂ ਨੂੰ ਅਜੇ ਉਸਨੇ ਨਹੀਂ ਘੋਖਿਆ। ਅਮਨਪਾਲ ਸਾਰਾ ਪਰਵਾਸੀ ਸਭਿਆਚਾਰ ਵਿਚ ਰਿਸ਼ਤਿਆਂ ਪ੍ਰਤੀ ਉਦਾਸੀਨਤਾ, ਨਫ਼ਰਤ, ਵੈਰ ਵਿਰੋਧ ਅਤੇ ਉਪਭਾਵੁਕਤਾ ਨੂੰ ਵੀ ਵਿਸਥਾਰ ਦਿੰਦਾ ਹੈ। ਔਰਤ ਦੇ ਸਰੀਰਕ ਸ਼ੋਸ਼ਣ ਦੀ ਪ੍ਰਵਿਰਤੀ ਉੱਪਰ ਵੀ ਉਸਨੇ ਉਂਗਲ ਰੱਖੀ ਹੈ। 'ਹੀਪੋਕਰੇਟ' ਕਹਾਣੀ ਵਿਚ ਨਸਲਪ੍ਰਸਤੀ ਦੀ ਸਮੱਸਿਆ ਦੇ ਤਰਕ ਲੱਭੇ ਗਏ ਹਨ। ਜਾਨਵਰਾਂ ਪ੍ਰਤੀ ਮੋਹ, ਮਾਪਿਆਂ ਦਾ ਬੱਚਿਆਂ ਪ੍ਰਤੀ ਰਵੱਈਆ, ਜੰਗਾਂ ਯੁੱਧਾਂ ਦੇ ਮਨੁੱਖੀ ਮਨ ਉੱਪਰ ਅਤੇ ਵਿਕਾਸ ਉੱਪਰ ਪਏ ਪ੍ਰਭਾਵ ਆਦਿ ਪੇਸ਼ ਕੀਤੇ ਗਏ ਸਰੋਕਾਰਾਂ ਤੋਂ

ਅਮਨਪਾਲ ਸਾਰਾ ਦੀ ਆਲੋਚਨਾਤਮਕ ਪ੍ਰਵਿਰਤੀ ਸਪੱਸ਼ਟ ਹੁੰਦੀ ਹੈ।

ਅਮਨਪਾਲ ਸਾਰਾ ਆਪਣੇ ਨਵੇਂ ਕਹਾਣੀ ਸੰਗ੍ਰਹਿ 'ਡਾਇਮੰਡ ਰਿੰਗ' ਵਿਚ ਆਪਣੇ ਦੂਜੇ ਕਹਾਣੀ ਸੰਗ੍ਰਹਿਆਂ ਨਾਲੋਂ ਵੀ ਵਧੇਰੇ ਪ੍ਰੌਢ ਕਹਾਣੀਕਾਰ ਦੇ ਤੌਰ ਤੇ ਸਾਹਮਣੇ ਆਉਂਦਾ ਹੈ। ਵਿਸ਼ੇਸ਼ ਤੌਰ ਤੇ ਉਸਦੀ ਕਹਾਣੀ 'ਵਹਿੰਗੀ' ਪੰਜਾਬੀ ਕਹਾਣੀ ਸਾਹਿਤ ਵਿਚ ਮਹੱਤਵਪੂਰਨ ਥਾਂ ਦੀ ਹੱਕਦਾਰ ਹੈ। ਅਮਨਪਾਲ ਸਾਰਾ ਵਿਕਸਿਤ ਪੂੰਜੀਵਾਦੀ ਸਮਾਜ ਦੇ ਅੰਤਰਗਤ ਬਦਲਦੇ ਮਾਨਵੀ ਵਿਹਾਰ ਤੇ ਰਿਸ਼ਤਿਆਂ ਦੀਆਂ ਅਨੇਕਾਂ ਪਰਤਾਂ ਨੂੰ ਉਘਾੜਣ ਵਾਲਾ ਕਹਾਣੀਕਾਰ ਹੈ। ਭਾਵੇਂ ਉਹ ਪੀੜ੍ਹੀ ਪਾੜੇ ਜਾਂ ਦੋ ਪੀੜ੍ਹੀਆਂ ਵਿਚ ਪਿਆਰ ਦੀ ਅਣਹੋਂਦ ਨੂੰ ਪੇਸ਼ ਕਰ ਰਿਹਾ ਹੋਵੇ ਜਾਂ ਫਿਰ ਅਣਜੋੜ ਰਿਸ਼ਤਿਆਂ ਨੂੰ, ਉਸਦੀ ਵਿਸ਼ਲੇਸ਼ਣੀ ਵਿਧੀ ਇਨ੍ਹਾਂ ਸਮੱਸਿਆਵਾਂ ਨੂੰ ਉੱਤਰਆਧੁਨਿਕ ਪਿਛੋਕੜ ਦੇ ਕੇ ਨਵੇਂ ਅਰਥ ਪ੍ਰਦਾਨ ਕਰਦਾ ਹੈ। ਅਮਨਪਾਲ ਸਾਰਾ ਪੈਸੇ ਦੀ ਦੌੜ ਨੂੰ ਪੇਸ਼ ਕਰਦਾ ਹੋਇਆ ਮਨੁੱਖੀ ਕਿਰਦਾਰ ਦੇ ਵਿਗੜਦੇ, ਡੂੰਘੇ ਧਰਾਤਲ ਤੱਕ ਗਰਕ ਜਾਣ ਦੀ ਬਾਤ ਪਾਉਂਦਾ ਹੈ। ਪੰਜਾਬੀ ਕਿਰਦਾਰ ਬਜ਼ੁਰਗ ਪਿਉ ਦੀ ਮੌਤ ਦੀਆਂ ਰਸਮਾਂ ਨੂੰ ਸੰਖੇਪ ਕਰਕੇ ਫਿਊਨਰਲ ਥਾਂ ਨੂੰ ਅੱਧ ਤੋਂ ਵੀ ਘੱਟ ਕਿਰਾਏ ਤੇ ਬੁੱਕ ਕਰਾ ਕੇ ਜਦੋਂ 'ਗੁੱਡ ਡੀਲ' ਕਰਦਾ ਹੈ ਤਾਂ ਕਹਾਣੀਕਾਰ ਦਾ ਵਿਅੰਗ ਬੜਾ ਕਾਟਵਾਂ ਬਣ ਜਾਂਦਾ ਹੈ। ਪੰਜਾਬੀ ਭਾਈਚਾਰੇ ਦਾ ਕੋਈ ਵਿਅਕਤੀ ਭਾਵੇਂ ਦੁਨੀਆਂ ਦੇ ਕਿਸੇ ਹਿੱਸੇ ਵਿਚ ਚਲਾ ਜਾਵੇ ਉਹ ਆਪਣੀ ਮੁੰਡੇ ਪ੍ਰਤੀ ਖਾਹਿਸ਼ ਨੂੰ ਤਿਆਗ ਨਹੀਂ ਸਕਦਾ। ਵਿਕਸਿਤ ਦੇਸ਼ਾਂ ਵਿਚ ਅਜਿਹੀ ਮਾਨਸਿਕਤਾ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ। ਕੁੜੀਆਂ ਭਾਵੇਂ ਮਾਂ-ਬਾਪ ਵੱਲ ਵਧੇਰੇ ਧਿਆਨ ਦਿੰਦੀਆਂ ਹਨ ਪਰੰਤੂ ਮਾਪੇ 'ਸਰਵਣ ਦੀ ਵਹਿੰਗੀ' ਨੂੰ ਕਦੇ ਵੀ ਨਹੀਂ ਭੁੱਲਦੇ।

ਪਰਵਾਸ ਵਿਚ ਜਾ ਕੇ ਪੰਜਾਬੀ ਦੋਹਰੀ ਮਾਨਸਿਕਤਾ ਭੋਗਦੇ ਹਨ। ਭਾਰਤੀ ਮਾਨਸਿਕਤਾ ਅਨੁਸਾਰ ਉਹ ਇਕ ਪਾਸੇ ਪੁੱਤਰ ਦੀ ਪ੍ਰਾਪਤੀ ਲਈ ਬਿਹਬਲ ਹਨ ਤਾਂ ਦੂਜੇ ਪਾਸੇ ਧੀਆਂ ਦਾ ਸੁਖਾਵਾਂ ਰਵੱਈਆ ਉਨ੍ਹਾਂ ਨੂੰ ਕੁਝ ਹੋਰ ਸੋਚਣ ਲਈ ਮਜ਼ਬੂਰ ਕਰਦਾ ਹੈ। ਕਈ ਹੋਰ ਕਹਾਣੀਕਾਰਾਂ ਵਾਂਗ ਅਮਨਪਾਲ ਸਾਰਾ ਵੀ ਪੱਛਮੀ ਸਮਾਜ ਦੀਆਂ ਉਲਝਣਾਂ ਵਿਚ ਮਨੁੱਖ ਦੇ ਪਾਲਤੂ ਜਾਨਵਰਾਂ ਵੱਲ ਪਰਤਣ ਦੀ ਪ੍ਰਵਿਰਤੀ ਨੂੰ ਇਕ ਵੱਖਰੇ ਢੰਗ ਨਾਲ ਸਾਹਮਣੇ ਲਿਆਉਂਦਾ ਹੈ। 'ਕਤੂਰਾ' ਕਹਾਣੀ ਇਸੇ ਪ੍ਰਵਿਰਤੀ ਨੂੰ ਵਿਸਥਾਰ ਦਿੰਦੀ ਹੈ। ਕਹਾਣੀ 'ਡਾਇਮੰਡ ਰਿੰਗ' ਵਿਚ ਵੀ ਪਾਲਤੂ ਜਾਨਵਰਾਂ ਦੇ ਮਨੁੱਖ ਨਾਲ ਮੋਹ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਡਾਇਮੰਡ ਰਿੰਗ ਨਾਲ ਕੁੱਤੇ ਨੂੰ ਤੁਲਨਾ ਦੇ ਕੇ ਮਾਨਵ ਦੀ ਪਹਿਲ ਨੂੰ ਵਿਅੰਗ ਹੇਠ ਲਿਆਂਦਾ ਗਿਆ ਹੈ। 'ਡਾਇਮੰਗ ਰਿੰਗ' ਕਹਾਣੀ ਇਕ ਪਾਸੇ ਭਾਰਤੀ ਅਤੇ ਪੱਛਮੀ ਰਿਸ਼ਤਿਆਂ ਦੇ ਦਵੰਦ ਨੂੰ ਪੇਸ਼ ਕਰਦੀ ਹੈ ਤਾਂ ਦੂਜੇ ਪਾਸੇ ਇਨ੍ਹਾਂ ਰਿਸ਼ਤਿਆਂ ਦੀ ਥਾਂ ਤੇ ਪੰਜਾਬੀਆਂ ਦੀ ਪੈਸੇ ਪਿੱਛੇ ਦੌੜ ਨੂੰ ਵੀ ਸਾਹਮਣੇ ਲਿਆਉਂਦੀ ਹੈ। ਇਉਂ ਲੱਗਦਾ ਹੈ ਕਿ ਅਮਨਪਾਲ ਸਾਰਾ ਨੇ ਆਪਣੀ ਬਿਮਾਰੀ ਦੌਰਾਨ ਜੋ ਅਨੁਭਾਵ ਪ੍ਰਾਪਤ ਕੀਤੇ ਹਨ ਉਨ੍ਹਾਂ ਨੂੰ ਇਨ੍ਹਾਂ ਕਹਾਣੀਆਂ ਵਿਚ ਬਿਰਤਾਂਤ ਦਾ ਹਿੱਸਾ ਬਣਾਇਆ ਹੈ।

ਮੇਜਰ ਮਾਂਗਟ ਕੈਨੇਡਾ ਦੇ ਸਿਰਕੱਢ ਕਹਾਣੀਕਾਰਾਂ ਵਿਚੋਂ ਇੱਕ ਨਾਂ ਹੈ। ਜਿਸਨੇ ਕਹਾਣੀਕਾਰ ਦੇ ਤੌਰ ਤੇ ਇੱਕ ਵੱਖਰੀ ਥਾਂ ਬਣਾ ਲਈ ਹੈ। ਉਹ ਆਪਣੀਆਂ ਕਹਾਣੀਆਂ ਵਿਚ ਕੈਨੇਡਾ ਅਤੇ ਭਾਰਤ ਦੀ ਜ਼ਿੰਦਗੀ ਨਾਲ ਜੁੜੀਆਂ ਹੋਈਆਂ ਛੋਟੀਆਂ ਛੋਟੀਆਂ ਗੱਲਾਂ ਨੂੰ ਵੀ ਬੜੀ ਬਾਰੀਕੀ ਨਾਲ ਚਿੱਤਰਦਾ ਹੈ। ਉਹ ਰੋਜ਼ਾਨਾ ਜੀਵਨ ਨਾਲ ਜੁੜੀਆਂ ਗੱਲ ਜਿਵੇਂ ਟਰੈਫਿਕ, ਟਰਾਂਸਪੋਰਟ, ਆਵਾਜਾਈ ਨਾਲ ਜੁੜੀਆਂ ਸਮੱਸਿਆਵਾਂ ਅਤੇ ਬੋਲਚਾਲ, ਪਹਿਰਾਵੇ ਅਤੇ ਦਿੱਖ ਵਰਗੇ ਪਹਿਲੂਆਂ ਨੂੰ ਵੀ ਅਣਡਿੱਠ ਨਹੀਂ ਹੋਣ ਦਿੰਦਾ (ਤੇ ਬੱਸ ਤੁਰਦੀ ਰਹੀ) ਉਹ ਭਾਰਤੀ ਬੱਚਿਆਂ ਦੇ ਪਰਵਾਸੀ ਜੀਵਨ ਵਿਚੋਂ ਲੰਘਣ ਦੀ ਪ੍ਰਕਿਰਿਆ ਨੂੰ ਬੜੀ ਬਾਰੀਕੀ ਨਾਲ ਚਿੱਤਰਦਾ ਹੋਇਆ ਭਾਰਤੀ ਅਤੇ ਪੱਛਮੀ ਸਭਿਆਚਾਰ ਦੀ ਭਿੰਨਤਾ ਨੂੰ ਵੀ ਦਰਸਾ ਜਾਂਦਾ ਹੈ। ਮੇਜਰ ਮਾਂਗਟ ਇਕੋ ਕਹਾਣੀ ਵਿਚ ਕਈ ਵਾਰ ਅਨੇਕਾਂ ਸਮੱਸਿਆਵਾਂ ਨੂੰ ਇਕੱਠਾ



ਕਰ ਦਿੰਦਾ ਹੈ। 'ਗਮਲੇ ਦੇ ਫੁੱਲ' ਕਹਾਣੀ ਵਿਚ ਸਕੂਲੀ ਬੱਚਿਆਂ ਦੀਆਂ ਹੁੰਦੀਆਂ ਲੜਾਈਆਂ, ਬੱਚਿਆਂ ਵਿਚ ਨਸ਼ਿਆਂ ਦੀ ਪ੍ਰਵਿਰਤੀ, ਏਸ਼ੀਅਨ ਅਤੇ ਕੈਨੇਡੀਅਨ ਖਾਣਿਆਂ ਦੀਆਂ ਵੱਖਰਤਾਵਾਂ ਅਤੇ ਭਾਰਤੀਆਂ ਦੀ ਨਕਲ ਕਰਨ ਦੀ ਪ੍ਰਵਿਰਤੀ ਆਦਿ ਸਮੱਸਿਆਵਾਂ ਨੂੰ ਇਕੋ ਕਹਾਣੀ ਵਿਚ ਲੈ ਆਂਦਾ ਗਿਆ ਹੈ। ਨਵੀਂ ਪੀੜ੍ਹੀ ਪੁਰਾਤਨ ਪੀੜ੍ਹੀ ਨਾਲੋਂ ਇਸ ਗੱਲੋਂ ਵੱਖਰੀ ਹੈ ਕਿ ਉਹ ਪੁਰਾਣੀ ਪੀੜ੍ਹੀ ਵਾਂਗ ਪੰਜਾਬ ਵਿਚ ਆਪਣੀਆਂ ਜੜ੍ਹਾਂ ਨਹੀਂ ਭਾਲਦੀ।

ਮੇਜਰ ਮਾਂਗਟ ਪੰਜਾਬੀ ਮਾਪਿਆਂ ਦੀਆਂ ਮਜਬੂਰੀਆਂ ਅਤੇ ਲਾਲਸਾਵਾਂ ਸ਼ਬਦੀ ਜਾਮਾ ਪਹਿਨਾਉਂਦਾ ਹੈ, ਜਿਨ੍ਹਾਂ ਦੇ ਵੱਸ ਵਿਚ ਆ ਕੇ ਪੜ੍ਹੀਆਂ ਲਿਖੀਆਂ ਸੁਹਣੀਆਂ ਕੁੜੀਆਂ ਦੇ ਸੁਪਨਿਆਂ, ਰੀਝਾਂ ਅਤੇ ਉਮੰਗਾਂ ਦਾ ਗਲਾ ਘੁੱਟ ਕੇ ਉਨ੍ਹਾਂ ਦਾ ਵਿਆਹ ਵਿਦੇਸ਼ ਲਾੜਿਆਂ ਨਾਲ ਕਰ ਦਿੱਤਾ ਜਾਂਦਾ ਹੈ। ਪਰਵਾਸ ਵਿਚ ਇਹ ਕੁੜੀਆਂ ਨਰਕ ਭੋਗਦੀਆਂ ਹਨ। ਇਹੀ ਨਰਕ ਉਨ੍ਹਾਂ ਨੂੰ ਲੋਕ ਕਥਾਵਾਂ ਵਾਲੇ 'ਜਿੰਨ ਦੀ ਕੈਦ ਲੱਗਦਾ' ਹੈ। ਮੇਜਰ ਮਾਂਗਟ ਦਾ ਬਿਰਤਾਂਤ ਕਈ ਵਾਰ ਬਹੁਤ ਕੁਝ ਲੁਕਾ ਵੀ ਰੱਖਦਾ ਹੈ ਅਤੇ ਆਖ਼ਿਰ ਤੇ ਅਨੇਕਾਂ ਪ੍ਰਸ਼ਨ ਖੜ੍ਹੇ ਕਰਦਾ ਹੈ। ਜਿਵੇਂ 'ਮੇਰਾ ਕਸੂਰ' ਕਹਾਣੀ ਵਿਚ ਕਹਾਣੀਕਾਰ ਨੇ ਬਿਰਤਾਂਤ ਇਸ ਤਰ੍ਹਾਂ ਬੁਣਿਆ ਹੈ ਕਿ ਉਹ ਦੇਖਣ ਸੁਣਨ ਵਾਲਿਆਂ ਨੂੰ ਅੰਤ ਉਪਰ ਕਟਹਿਰੇ ਵਿਚ ਲਿਆ ਖੜ੍ਹਾ ਕਰਦਾ ਹੈ। ਸਮਾਜ ਭਾਵੇਂ ਭਾਰਤੀ ਹੋਵੇ ਜਾਂ ਯੂਰਪੀ ਉਸ ਵਿਚ ਹਾਲਾਤ ਮਨੁੱਖ ਨੂੰ ਅਜਿਹੇ ਚੌਰਾਹੇ ਤੇ ਖੜ੍ਹਾ ਕਰ ਦਿੰਦੇ ਹਨ ਕਿ ਉਹ ਅਣਚਾਹੇ ਅਤੇ ਅਣਕਿਆਸੇ ਕੰਮ ਵੀ ਕਰ ਦਿੰਦਾ ਹੈ। ਬੇਰੁਜ਼ਗਾਰੀ ਵਿਚ ਮਨੁੱਖ ਕੁਝ ਵੀ ਕਰਨ ਨੂੰ ਮਜਬੂਰ ਹੋ ਸਕਦਾ ਹੈ।

ਮੇਜਰ ਮਾਂਗਟ ਨੇ ਔਰਤ-ਮਰਦ, ਪਤੀ-ਪਤਨੀ ਦੇ ਰਿਸ਼ਤੇ ਵਿਚ ਅਣਜੋੜ ਅਤੇ ਨਾਪਸੰਦਗੀ ਦਾ ਰਿਸ਼ਤਾ ਹੋਣ ਕਰਕੇ ਹੁੰਦੀ ਬੇਵਿਸ਼ਵਾਸੀ ਧੋਖੇ ਅਤੇ ਆਪਹੁਦਰੇਪਣ ਨੂੰ ਸਾਹਮਣੇ ਲਿਆਂਦਾ ਹੈ। ਪੰਜਾਬੀ ਕੁੜੀਆਂ ਦੇ ਮਾਪਿਆਂ ਨੂੰ ਲਾਲਚ ਵੱਸ ਜਾਂ ਮਜਬੂਰੀ ਵੱਸ ਅਤੇ ਭਾਰਤੀ ਸਮਾਜ ਦੀਆਂ ਬੰਦਿਸ਼ਾਂ ਕਰਕੇ ਕਈ ਤਰ੍ਹਾਂ ਦੇ ਸਮਝੌਤੇ ਕਰਨੇ ਪੈਂਦੇ ਹਨ। ਆਰਥਿਕ ਮਜਬੂਰੀਆਂ ਕਾਰਣ ਜਾਂ ਸੰਸਕਾਰਾਂ ਵੱਸ ਇਹ ਮਨੁੱਖ ਆਪਣੀਆਂ ਧੀਆਂ ਨੂੰ ਤੋਰ ਕੇ ਸੁਰਖਰੂ ਹੋਣਾ ਚਾਹੁੰਦਾ ਹੈ। ਕਿਸੇ ਦੇ ਕਹਿਣ ਤੇ ਕਹਾਣੀ ਲਿਖਣ ਲਈ ਰਾਜ਼ੀ ਹੋਣਾ ਇਕ ਬਰਤਾਂਤਕ ਵਿਧੀ ਹੈ ਜੋ ਕਹਾਣੀ ਨੂੰ ਯਥਾਰਥ ਰੰਗਣ ਦਿੰਦੀ ਹੈ। (ਮੇਰੀ ਕਹਾਣੀ ਲਿਖੀਂ)

ਮੇਜਰ ਮਾਂਗਟ ਅਤੇ ਹਰਪ੍ਰੀਤ ਸੇਖਾ ਨੇ ਹਮਜਿਨਸੀ ਰਿਸ਼ਤਿਆਂ ਨੂੰ ਆਪਣੀਆਂ ਕਹਾਣੀਆਂ ਵਿਚ ਲਿਆਂਦਾ ਹੈ ਅਤੇ ਇਨ੍ਹਾਂ ਰਿਸ਼ਤਿਆਂ ਦੇ ਬਣਨ ਅਤੇ ਟੁੱਟਣ ਦੇ ਕਾਰਣਾਂ ਨੂੰ ਘੋਖਣ ਦਾ ਪ੍ਰਯਤਨ ਵੀ ਕੀਤਾ ਹੈ। ਹਮਜਿਨਸੀ ਰਿਸ਼ਤੇ ਅਸਲ ਵਿਚ ਕੁਦਰਤੀ ਨਿਯਮਾਂ ਦੀ ਉਲੰਘਣਾ ਹਨ ਅਤੇ ਕਮਾਲ ਦੀ ਗੱਲ ਇਹ ਹੈ ਕਿ ਇਹ ਰਿਸ਼ਤੇ ਜਾਨਵਰਾਂ, ਪਸ਼ੂ ਪੰਛੀਆਂ ਵਿਚ ਨਹੀਂ ਕੇਵਲ ਮਨੁੱਖੀ ਸਭਿਆਚਾਰ ਦਾ ਅੰਗ ਹੀ ਹਨ। ਮੇਜਰ ਮਾਂਗਟ ਅਜਿਹੀ ਪ੍ਰਵਿਰਤੀ ਨੂੰ 'ਨਿਘਾਰ' ਦਾ ਨਾਂ ਦਿੰਦਾ ਹੈ। ਜਰਨੈਲ ਸਿੰਘ ਤੋਂ ਲੈ ਕੇ ਮੇਜਰ ਮਾਂਗਟ ਤੱਕ ਪਰਵਾਸ ਵਿਚ ਰਹਿ ਰਹੇ ਕਹਾਣੀਕਾਰ ਵਿਸ਼ਵ ਪੱਧਰ ਦੇ ਸਰੋਕਾਰ ਪ੍ਰਦੂਸ਼ਣ ਨਾਲ ਵੀ ਜੁੜੇ ਨਜ਼ਰ ਆਉਂਦੇ ਹਨ। ਕਈ ਕਹਾਣੀਆਂ ਵਿਚ ਮੇਜਰ ਮਾਂਗਟ ਬਿਰਤਾਂਤ ਘੱਟ ਦਿੰਦਾ ਹੈ ਅਤੇ ਵਧੇਰੇ ਕਹਾਣੀ ਵਾਰਤਾਲਾਪ ਵਿਚ ਚੱਲਦੀ ਹੈ। ਉਸਦੀਆਂ ਕਹਾਣੀਆਂ ਵਿਚ ਕਾਰਜ ਦੀ ਘਾਟ ਰੜਕਦੀ ਹੈ। ਬਿਰਤਾਂਤ ਵਿਚ ਦੁਹਰਾਉ ਵਧੇਰੇ ਹੈ ਤੇ ਕਹਾਣੀ ਵਿਚ ਉਪਦੇਸ਼ਾਤਮਿਕਤਾ ਭਾਰੂ ਹੁੰਦੀ ਹੈ। ਜਿਸ ਕਾਰਣ ਉਸਦੀ ਕਹਾਣੀ ਇਕ ਪੱਧਰ ਤੋਂ ਉਤਾਂਹ ਨਹੀਂ ਉੱਠ ਸਕਦੀ। ਮੇਜਰ ਮਾਂਗਟ ਪੰਜਾਬੀਆਂ ਦੇ ਦੋਹਰੇ ਚਰਿੱਤਰਾਂ ਨੂੰ ਸਕੈਨਰ ਹੇਠ ਲਿਆਉਂਦਾ ਹੈ। ਉਪਰੋਂ ਲੋਕ ਆਧੁਨਿਕ ਦਿਖਾਈ ਦਿੰਦੇ ਹਨ, ਸਰੀਰਕ ਤੌਰ ਤੇ ਉਹ ਕੈਨੇਡਾ ਵਿਚ ਵਿਚਰਦੇ ਹਨ ਪਰੰਤੂ ਮਾਨਸਿਕਤਾ, ਜਾਤ-ਪਾਤ, ਰੰਗ ਭੇਦ ਤੋਂ ਉੱਪਰ ਨਹੀਂ ਉੱਠ ਸਕਦੇ। ਅਜਿਹੇ ਪਾਤਰਾਂ ਨੂੰ ਕਹਾਣੀਕਾਰ 'ਤ੍ਰਿਸ਼ੰਕੂ' ਦੀ ਸੰਗਿਆ ਦਿੰਦਾ ਹੈ। ਮਖੌਟੇ ਕਹਾਣੀ ਵਿਚ ਵੀ ਦੋਹਰੇ ਜੀਵਨ ਨੂੰ ਸਾਹਮਣੇ ਲਿਆਂਦਾ ਗਿਆ ਹੈ। ਬਹੁਤ ਸਾਰੀਆਂ ਕਹਾਣੀਆਂ ਵਿਚ ਮੇਜਰ ਮਾਂਗਟ ਪੰਜਾਬੀ ਜੀਵਨ ਵਿਚਲੀਆਂ ਵਿਰੋਧਤਾਈਆਂ ਨੂੰ ਪ੍ਰਗਟ

ਕਰਦਾ ਹੈ। ਭੂ-ਹੇਰਵੇ ਦੀਆਂ ਧੁਨੀਆਂ ਵੀ ਮੇਜਰ ਮਾਂਗਟ ਦੀਆਂ ਕਹਾਣੀਆਂ ਵਿਚ ਸੁਣੀਆਂ ਜਾ ਸਕਦੀਆਂ ਹਨ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਮੇਜਰ ਮਾਂਗਟ ਕੋਲ ਸਮੱਸਿਆਵਾਂ ਦੀ ਪਹਿਚਾਣ ਤਾਂ ਹੈ ਪਰੰਤੂ ਇਹ ਸਮੱਸਿਆਵਾਂ ਬਿਰਤਾਂਤ ਵਿਚ ਢਲ ਕੇ ਨਾ ਤਾਂ ਨਵੀਆਂ ਜੁਗਤਾਂ ਲੈ ਕੇ ਸਾਹਮਣੇ ਆਉਂਦੀਆਂ ਹਨ ਅਤੇ ਨਾ ਹੀ ਉਨ੍ਹਾਂ ਦੀ ਪੇਸ਼ਕਾਰੀ ਹੀ ਅਜਿਹੀ ਹੁੰਦੀ ਹੈ ਕਿ ਉਹ ਪਾਠਕਾਂ ਉੱਪਰ ਵਧੇਰੇ ਪ੍ਰਭਾਵ ਪਾ ਸਕੇ। ਇਸ ਕਰਕੇ ਮੇਜਰ ਮਾਂਗਟ ਦੀ ਇਹ ਸ਼ਿਕਾਇਤ ਰਹਿੰਦੀ ਹੈ ਕਿ ਆਲੋਚਕ ਉਸ ਦੀਆਂ ਕਹਾਣੀਆਂ ਨੂੰ ਬਹੁਤਾ ਨਹੀਂ ਗੌਲਦੇ।

ਬਲਬੀਰ ਕੌਰ ਸੰਘੇੜਾ ਕੈਨੇਡਾ ਦੀਆਂ ਇਸਤਰੀ ਕਹਾਣੀਕਾਰਾਂ ਵਿਚੋਂ ਸਿਰਕੱਢ ਕਹਾਣੀਕਾਰ ਹੈ। ਉਸਦੇ ਹੁਣ ਤੱਕ ਤਿੰਨ ਕਹਾਣੀ ਸੰਗ੍ਰਹਿ 'ਆਪਣੇ ਹੀ ਓਹਲੇ', 'ਠੰਢੀ ਹਵਾ' ਅਤੇ 'ਖੰਭੇ' ਪ੍ਰਕਾਸ਼ਿਤ ਹੋਏ ਹਨ। ਸੰਘੇੜਾ ਦੀਆਂ ਆਪਣੀਆਂ ਕਹਾਣੀਆਂ ਵਿਚ ਪੂਰਵੀ ਅਤੇ ਪੱਛਮੀ ਸੱਭਿਆਚਾਰ ਦੇ ਟਕਰਾਉ ਵਿਚੋਂ ਪੈਦਾ ਹੋਈਆਂ ਸਮੱਸਿਆਵਾਂ ਨੂੰ ਬਿਰਤਾਂਤ ਵਿਚ ਢਾਲਦੀ ਹੈ। ਉਸਦੇ ਪਾਤਰ ਆਪਣੇ ਵੱਖਰੀ ਹੋਂਦ ਸਥਾਪਿਤ ਕਰਨ ਵੱਲ ਅਗ੍ਰਸਰ ਹੁੰਦੇ ਹਨ। ਉਸਦੀਆਂ ਕਹਾਣੀਆਂ ਅਨੁਸਾਰ ਪੂੰਜੀਵਾਦੀ ਵਿਵਸਥਾ ਮਨੁੱਖ ਅੰਦਰ ਵਿਕਸਿਤ ਪ੍ਰਵਿਰਤੀਆਂ ਨੂੰ ਜਨਮ ਦਿੰਦੀ ਹੈ। ਜਿਸ ਅਨੁਸਾਰ ਮਨੁੱਖ ਦਾ ਪਰਿਵਾਰ ਅਤੇ ਰਿਸ਼ਤੇ  ਤਹਿਸ਼-ਨਹਿਸ਼ ਹੋ ਜਾਂਦੇ ਹਨ। ਬਲਬੀਰ ਕੌਰ ਸੰਘੇੜਾ ਵਿਕਸਿਤ ਪੂੰਜੀਵਾਦੀ ਵਿਵਸਥਾ ਵਿਚ ਬਜ਼ੁਰਗਾਂ ਦੀ ਭੈੜੀ ਸਥਿਤੀ ਨੂੰ ਧੁਰ ਅੰਦਰੋਂ ਮਹਿਸੂਸ ਕਰਦੀ ਹੈ। ਪੰਜਾਬ ਵਿਚੋਂ ਆਏ ਬਜ਼ੁਰਗ ਢਲਦੀ ਉਮਰੇ ਔਖੇ ਕੰਮ ਕਰਦੇ ਹਨ। ਉਹ ਪੁੱਤਾਂ ਦੀ ਛਾਵੇਂ ਬੈਠਣ ਦਾ ਸੁਪਨਾ ਲੈਂਦੇ ਲੈਂਦੇ ਕਈ ਵਾਰ ਵਾਪਿਸ ਪਰਤ ਆਉਂਦੇ ਹਨ। ਉਨ੍ਹਾਂ ਨੂੰ ਉੱਥੇ ਰਿਸ਼ਤਿਆਂ ਦਾ ਨਿੱਘ ਨਹੀਂ ਮਿਲਦਾ। ਖੰਭੇ ਨਾਂ ਦੀ ਕਹਾਣੀ ਦੀ ਵਸਤੂ ਹੀ ਇਨ੍ਹਾਂ ਖੰਭਿਆਂ ਵਰਗੇ ਬਜ਼ੁਰਗਾਂ ਦੁਆਲੇ ਘੁੰਮਦੀ ਹੈ ਜਿਹੜੇ ਹੋਰਨਾਂ ਨੂੰ ਤਾਂ ਰੌਸ਼ਨੀ ਦਿੰਦੇ ਹਨ ਪਰੰਤੂ ਆਪ ਇਕੱਲ ਦੀ ਜ਼ਿੰਦਗੀ ਹੰਢਾਉਂਦੇ ਹਨ।

ਭਾਵੇਂ ਸਮਾਜ ਕਿੰਨਾ ਵੀ ਖੁਸ਼ਕ ਹੋ ਜਾਵੇ ਪਰੰਤੂ ਸਾਹਿਤਕਾਰ ਅਜਿਹੀ ਸਥਿਤੀ ਵਿਚੋਂ ਵੀ ਆਸ ਦੀ ਕਿਰਣ ਲੱਭ ਰਹੇ ਹੁੰਦੇ ਹਨ। ਇਸ ਲਈ ਉਹ ਜੀਵਨ ਨੂੰ ਇਕ ਮਕਸਦ ਨਾਲ ਜੋੜਨ ਲਈ ਯਤਨਸ਼ੀਲ ਰਹਿੰਦੇ ਹਨ। ਸਾਹਿਤਕਾਰ ਮਨੁੱਖ ਦੀ ਜ਼ਿੰਦਗੀ ਨੂੰ ਮਸ਼ੀਨ ਬਣਿਆਂ ਦੇਖ ਕੇ ਚਿੰਤਿਤ ਹੁੰਦੇ ਹਨ। ਨੈਤਿਕ ਕਦਰਾਂ ਕੀਮਤਾਂ ਜਦੋਂ ਪੈਸੇ ਜਾਂ ਵਸਤਾਂ ਦੁਆਲੇ ਘੁੰਮਣ ਲੱਗਦੀਆਂ ਹਨ ਤਾਂ ਸਾਹਿਤਕਾਰ ਅਜਿਹੀ ਸਥਿਤੀ ਵਿਚੋਂ ਨਿਕਲਣ ਦੇ ਰਸਤੇ ਤਲਾਸ਼ਦਾ ਹੈ। ਵਿਅਕਤੀਵਾਦ ਪ੍ਰਤੀ ਉਹ ਸੁਚੇਤ ਹੁੰਦਾ ਹੈ। ਕਹਾਣੀ 'ਬੰਦੀ' ਦੇ ਹਵਾਲੇ ਨਾਲ ਉਪਰੋਕਤ ਸਥਿਤੀਆਂ ਨੂੰ ਸਮਝਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ।

ਪਰਵਾਸ ਵਿਚ ਜਾ ਕੇ ਸਾਹਿਤਕਾਰ ਅਤੇ ਉਸਦੇ ਪਾਤਰ ਸਭਿਆਚਾਰ ਪ੍ਰਤੀ ਵਧੇਰੇ ਚਿੰਤਿਤ ਹੁੰਦੇ ਦਿਖਾਈ ਦਿੰਦੇ ਹਨ। ਆਪਣੀ ਜ਼ਿੰਦਗੀ ਦੀ ਹੋਂਦ ਨੂੰ ਬਣਾਈ ਰੱਖਣ ਲਈ ਪਰਵਾਸੀ ਮਸ਼ੀਨ ਨਾਲ ਮਸ਼ੀਨ ਹੁੰਦੇ ਹੋਏ ਦੁਨੀਆਂ ਦੇ ਦੂਜੇ ਮਸਲਿਆਂ ਤੋਂ ਟੁੱਟ ਜਾਂਦੇ ਹਨ। ਮੋਟੇ ਤੌਰ ਤੇ ਬਲਬੀਰ ਕੌਰ ਸੰਘੇੜਾ ਪੱਛਮੀ ਸਭਿਆਚਾਰ ਦੇ ਪ੍ਰਭਾਵਾਂ ਨੂੰ ਪੰਜਾਬੀ ਜੀਵਨ ਵਿਚ ਡੂੰਘਾ ਉਤਰਦਿਆਂ ਵੇਖ ਸਕਦੀ ਹੈ। ਹੋਰਨਾਂ ਕਹਾਣੀਕਾਰਾਂ ਵਾਂਗ ਸੰਘੇੜਾ ਵੀ ਪਰਵਾਸ ਧਾਰਣ ਕਰਨ ਦੇ ਕਾਰਣਾਂ ਵਿਚੋਂ ਪ੍ਰਮੁੱਖਤਾ ਆਰਥਿਕਤਾ ਨੂੰ ਹੀ ਦਿੰਦੀ ਹੈ। ਆਪਣੇ ਹੰਢਾਏ ਹੋਏ ਅਨੁਭਵਾਂ ਨੂੰ ਉਹ ਆਪਣੀਆਂ ਕਹਾਣੀਆਂ ਦਾ ਹਿੱਸਾ ਬਣਾਉਂਦੀ ਹੈ।

ਨਸਲਵਾਦੀ ਸੋਚ ਬਾਰੇ ਦੂਜੇ ਕਹਾਣੀਕਾਰਾਂ ਵਾਂਗ ਸੰਘੇੜਾ ਵੀ ਚਿੰਤਿਤ ਹੈ। ਉਹ ਇਹ ਮੰਨ ਕੇ ਤੁਰਦੀ ਹੈ ਕਿ ਹਰ ਨਸਲ ਜਾਂ ਸਮੁਦਾਇ ਵਿਚ ਚੰਗੇ ਮਾੜੇ ਵਿਅਕਤੀ ਹੋ ਸਕਦੇ ਹਨ। ਪਰੰਤੂ ਸਮੁੱਚੇ ਸਮੂਹ ਨੂੰ ਕਿਸੇ ਇਕ ਲੇਬਲ ਹੇਠ ਰੱਖਣਾ ਮਨੁੱਖੀ ਸੋਚ ਦਾ ਹਿੱਸਾ ਨਹੀਂ ਹੋਣਾ ਚਾਹੀਦਾ। ਬਲਬੀਰ ਕੌਰ ਸੰਘੇੜਾ ਨਾਰੀਵਾਦੀ ਸੋਚ ਅਧੀਨ ਪੱਛਮ ਵਿਚ ਪੰਜਾਬੀ ਔਰਤ ਦੀ ਲੜਾਈ ਨੂੰ ਬੜੀ ਸ਼ਿੱਦਤ ਨਾਲ



ਪੇਸ਼ ਕਰਦੀ ਹੈ। ਇਨ੍ਹਾਂ ਦੋਹਾਂ ਸਮੱਸਿਆਵਾਂ ਨੂੰ ਕਹਾਣੀ ਜੰਗ ਦੇ ਤਾਣੇ ਬਾਣੇ ਵਿਚੋਂ ਉੱਭਰਦਿਆਂ ਦੇਖਿਆ ਜਾ ਸਕਦਾ ਹੈ। ਇਸਤਰੀ ਦੀ ਦ੍ਰਿਸ਼ਟੀ ਤੋਂ ਸੰਘੇੜਾ ਦੀ ਕਹਾਣੀ 'ਮੁਕਤੀ' ਮਹੱਤਵਪੂਰ ਹੈ ਜਿਸਦੀ ਮੁੱਖ ਪਾਤਰ ਔਲਾਦ ਦੀ ਖ਼ਾਤਿਰ ਸਭ ਕੁਝ ਵਾਰ ਕੇ ਵੱਡੀ ਉਮਰੇ ਇਕੱਲਤਾ ਦਾ ਅਹਿਸਾਸ ਹੰਢਾਉਂਦੀ ਹੈ ਉਸਨੂੰ ਇਹ ਮਹਿਸੂਸ ਹੁੰਦਾ ਹੈ ਕਿ 'ਉਹ ਆਪਣੇ ਲਈ ਤਾਂ ਜੀਵੀ ਹੀ ਨਹੀਂ ਸੀ। ਉਹ ਜੀਵੀ ਸੀ ਤਾਂ ਘਰ ਲਈ, ਬੱਚਿਆਂ ਲਈ, ਸਮਾਜ ਲਈ, ਮਾਂ-ਬਾਪ ਲਈ, ਉਸਦਾ ਆਪਣਾ ਵਜੂਦ ਤਾਂ ਰਿਹਾ ਹੀ ਨਹੀਂ ਸੀ।' ਉਹ ਪੱਛਮੀ ਜੀਵਨ ਦਾ ਹੀ ਪ੍ਰਭਾਵ ਹੈ ਕਿ ਉਹ ਆਪਣੀ ਉਪਰੋਕਤ ਸੋਚ ਉੱਪਰ ਪ੍ਰਸ਼ਨ ਚਿੰਨ ਲਾਉਂਦੀ ਹੈ। ਉਹ ਆਪਣੇ ਵਾਸਤੇ ਜਿਊਣ ਲਈ ਤਤਪਰ ਨਜ਼ਰ ਆਉਂਦੀ ਹੈ, 'ਕਿਉਂ ਨਾ ਉਸਨੇ ਆਪਣੇ ਰਿਸ਼ਤਿਆਂ ਦੀ ਤੰਦ ਨੂੰ ਸਮਝਿਆ ਸੀ, ਕਿਉਂ ਸੁੱਖ ਦੁਨੀਆਂ ਦੇ ਹਰ ਦੂਜੇ ਇਨਸਾਨ ਤੋਂ ਭਾਲਦੀ ਰਹੀ ਸੀ ਅਤੇ ਆਪਣੇ ਆਪ ਲਈ ਜਿਊਣਾ ਕਿਉਂ ਨਹੀਂ ਸਿੱਖੀ ਸੀ ਉਹ।"

ਸੰਘੇੜਾ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਉਹ ਨਾਰੀਵਾਦੀਆਂ ਵਾਂਗ ਅੰਨੇ ਮਰਦ ਵਿਰੋਧ ਦਾ ਸ਼ਿਕਾਰ ਨਹੀਂ ਹੁੰਦੀ ਸਗੋਂ ਉਹ ਔਰਤ ਦੁਆਰਾ ਮਰਦ ਉੱਤੇ ਢਾਹੇ ਜਾਂਦੇ ਜ਼ੁਲਮਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਦਾ। ਪਾਤਰ ਮਰਦ ਹੋਵੇ ਜਾਂ ਔਰਤ ਪਰ ਸਥਿਤੀਆਂ ਦਾ ਸ਼ਿਕਾਰ ਹੋ ਸਕਦਾ ਹੈ। ਕਹਾਣੀ 'ਰਿਸ਼ਤੇ' ਦਾ ਗੁਰਮੇਲ ਸਿਘ ਆਪਣੀ ਮਾਂ ਅਤੇ ਪਤਨੀ ਦੋਨਾਂ ਹੱਥੋਂ ਸ਼ੋਸ਼ਿਤ ਹੋ ਕੇ ਕੰਗਾਲੀ ਦੀ ਜ਼ਿੰਦਗੀ ਤੱਕ ਪਹੁੰਚ ਜਾਂਦਾ ਹੈ। ਪਰੰਤੂ ਕਹਾਣੀਕਾਰਾਂ ਨੇ ਅੰਤ ਉੱਪਰ ਉਸਨੂੰ ਸਿੱਧੜ ਨਹੀਂ ਰਹਿਣ ਦਿੱਤਾ ਸਗੋਂ ਇਕ ਸੁਚੇਤ ਮਨੁੱਖ ਬਣਾ ਦਿੱਤਾ ਹੈ। ਬਲਬੀਰ ਕੌਰ ਸੰਘੇੜਾ ਪੱਛਮੀ ਸਮਾਜ ਵਿਚ ਔਰਤ ਦੀ ਵਿਕਾਊ ਸਥਿਤੀ ਨੂੰ ਬਿਰਤਾਂਤ ਦੇ ਮਾਧਿਅਮ ਰਾਹੀਂ ਪਾਠਕ ਤੱਕ ਪਹੁੰਚਾਉਂਦੀ ਹੈ। ਔਰਤ ਕਈ ਵਾਰ ਬਾਹਰੀ ਲਾਲਚ ਵਸ ਘਰ ਦਾ ਤਿਆਗ ਕਰ ਜਾਂਦੀ ਹੈ ਪਰੰਤੂ ਵਿਕਟ ਸਥਿਤੀਆਂ ਉਸਨੂੰ ਮੁੜ ਪਹਿਲੀ ਥਾਂ ਤੇ ਲੈ ਆਉਂਦੀਆਂ ਹਨ। ਇਸ ਦੌਰਾਨ ਪੱਛਮ ਵਿਚ ਪਲੀ ਔਰਤ ਨਾ ਤਾਂ ਹੌਸਲਾ ਹਾਰਦੀ ਹੈ ਅਤੇ ਨਾ ਹੀ ਆਪਣੀ ਪਛਾਣ ਗਵਾਉਂਦੀ ਹੈ। 'ਮੈਂ ਵਿਕਾਊ ਨਹੀਂ ਹਾਂ' ਦੀ ਪਾਤਰ ਗੀਟਾ ਸਟੀਵ ਨੂੰ ਕਹਿੰਦੀ ਹੈ, 'ਪੈਰੋਂ ਉੱਖੜੀ ਹਾਂ ਕੋਈ ਨਹੀਂ ਸੰਭਲ ਜਾਵਾਂਗੀ......... ਪਰ ਮੈਂ ਵਿਕਾਊ ਨਹੀਂ ਹਾਂ।"

ਬਲਬੀਰ ਕੌਰ ਸੰਘੇੜਾ ਗਿਰਦੇ ਜਾ ਰਹੇ ਨੈਤਿਕ ਮੁੱਲਾਂ ਨੂੰ ਪ੍ਰਗਟਾਵਾ ਦਿੰਦੀ ਹੈ। ਉਹ ਪੱਛਮੀ ਸਮਾਜ ਵਿਚ ਧੀ ਦੇ ਬਲਾਤਕਾਰ ਕਰਨ ਦੇ ਕੁਕਰਮਾਂ ਨੂੰ ਬਿਆਨ ਕਰਦੀ ਹੈ। 'ਬੰਦ ਕਮਰੇ' ਕਹਾਣੀ ਦੀ ਪਾਤਰ ਕੈਨੇਡਾ ਪਹੁੰਚ ਕੇ ਇਹ ਮਹਿਸੂਸ ਕਰਦੀ ਹੈ ਕਿ ਜ਼ਿੰਦਗੀ ਜਿਊਣ ਲਈ ਹੈ, ਇਹ  ਹਰ ਇਨਸਾਨ ਦਾ ਹੱਕ ਹੈ ਕਿ ਉਹ ਜ਼ਿੰਦਗੀ ਨੂੰ ਮਾਣੇ। ਅਜਿਹੇ ਅਹਿਸਾਸ ਤੋਂ ਬਾਅਦ ਹੀ ਉਹ ਮਸ਼ੀਨ ਵਾਂਗ ਕੰਮ ਕਰਨ ਨੂੰ ਅਤੇ ਮਰਦ ਦਾ ਸੰਗ ਮਾਨਣ ਤੋਂ ਪਾਸਾ ਵੱਟਦੀ ਹੈ। ਸੰਘੇੜਾ ਔਰਤ ਦੀਆਂ ਔਰਤ ਨਾਲ ਵਿਰੋਧਤਾਈਆਂ ਬਾਰੇ ਵੀ ਸੁਚੇਤ ਹੈ। ਇਕ ਮਨੁੱਖ ਦੇ ਤੌਰ ਤੇ ਇਹ ਕੋਈ ਅਣਹੋਣੀ ਨਹੀਂ। ਸੰਘੇੜਾ ਦੀਆਂ ਕਈ ਔਰਤ ਪਾਤਰਾਂ ਲਈ ਮੁਹੱਬਤ 'ਜੁਰਮ' ਬਣਦੀ ਹੈ। ਉਸਨੂੰ ਲੱਗਦਾ ਹੈ ਕਿ ਉਸਨੇ ਕਿਸੇ ਹੋਰ ਦਾ ਹੱਕ ਖੋਹਿਆ ਹੈ। ਇਕ ਹੋਰ ਥਾਂ ਸੰਘੇੜਾ ਅਜਿਹੀ ਔਰਤ ਦੀ ਕਹਾਣੀ ਬਿਆਨ ਕਰਦੀ ਹੈ ਜੋ ਵਿਆਹੀ ਜਾ ਕੇ ਅਮਰੀਕਨ ਬਣ ਜਾਂਦੀ ਹੈ। ਪਰੰਤੂ ਉਸ ਦਾ ਪਤੀ ਅਜਿਹਾ ਕੁਝ ਆਪਣੇ ਮਾਂ-ਬਾਪ ਦੀ ਖੁਸ਼ੀ ਲਈ ਕਰਦਾ ਹੈ ਅਤੇ ਵਿਆਹ ਕਰਵਾ ਕੇ ਮੁੜ ਆਪਣੀ ਦੋਸਤ ਗੋਰੀ ਕੋਲ ਪਹੁੰਚ ਜਾਂਦਾ ਹੈ। ਔਰਤ ਨੂੰ ਕਿਸੇ ਹੋਰ ਮਰਦ ਦੇ ਸਹਾਰੇ ਜ਼ਿੰਦਗੀ ਜਿਊਣੀ ਪੈਂਦੀ ਹੈ।

ਧਰਮ ਕੋਈ ਵੀ ਹੋਵੇ ਉਸ ਵਿਚ ਔਰਤ ਦੀ ਵੱਖਰੀ ਸਥਿਤੀ ਹੋ ਕੇ ਵੀ ਦੁਖਾਂਤ ਦੀ ਭਾਗੀ ਬਣਦੀ ਹੈ। ਕਿਸੇ ਮਰਦ ਦੀ ਦੂਸਰੀ ਪਤਨੀ ਬਣ ਕੇ ਰਹਿਣਾ ਔਰਤ ਲਈ ਮੌਤ ਦੇ ਬਰਾਬਰ ਹੀ ਤਾਂ ਹੁੰਦਾ ਹੈ। ਜਿਵੇਂ ਮਰਦ ਅਨੇਕਾਂ ਔਰਤਾਂ ਨਾਲ ਸੰਬੰਧ ਬਣਾਉਂਦਾ ਹੈ, ਉਸੇ ਤਰ੍ਹਾਂ ਸੰਘੇੜਾ ਦੀਆਂ ਕਈ ਨਾਇਕਾਵਾਂ ਅਨੇਕਾਂ ਮਰਦਾਂ ਨਾਲ ਸੰਬੰਧ ਬਣਾਉਂਦੀਆਂ ਹਨ। 'ਸ਼ਾਮਲੀ' ਇਸ ਦੀ ਉਦਾਹਰਣ ਹੈ ਉਸਦਾ ਪਤੀ ਉਸਦੇ ਬੀਮਾਰ ਹੋਣ ਤੇ ਉਸਦੀ ਸੇਵਾ ਟਹਿਲ ਵੀ ਕਰਦਾ ਹੈ। ਸ਼ਾਮਲੀ ਆਪ ਤਾਂ ਹਸਪਤਾਲ ਵਿਚ ਵੀ ਦੂਸਰੇ ਮਰਦਾਂ ਵੱਲ ਤੱਕਦੀ ਹੈ ਪਰੰਤੂ ਆਪਣੇ ਮਰਦ ਨੂੰ ਅਜਿਹਾ ਕਰਦਿਆਂ ਦੇਖ

ਕੇ ਦੁਖੀ ਹੁੰਦੀ ਹੈ।

ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਸੰਘੇੜਾ ਜਿੱਥੇ ਔਰਤ ਦੀ ਆਜ਼ਾਦੀ ਪ੍ਰਤੀ ਸੁਚੇਤ ਹੈ ਉੱਥੇ ਮਰਦ ਨਾਲ ਹੋ ਰਹੀ ਜ਼ਿਆਦਤੀ ਨੂੰ ਵੀ ਸਵੀਕਾਰ ਨਹੀਂ ਕਰਦੀ। ਇਉਂ ਉਸਦੀ ਸਹਿਜ ਸੋਚ ਪੱਛਮੀ ਸਮਾਜ ਦੀਆਂ ਅਨੇਕਾਂ ਤਹਿਆਂ ਫੋਲਦੀ ਹੈ। ਪਰ ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਕਹਾਣੀ ਦੇ ਬਿਰਤਾਂਤ ਪੱਖ ਤੋਂ ਉਸਦੀ ਕਹਾਣੀ ਕਈ ਵਾਰ ਕੱਸਵੀਂ ਨਹੀਂ ਰਹਿੰਦੀ। ਵਸਤੂ ਅਤੇ ਦ੍ਰਿਸ਼ਟੀ ਪੱਖੋਂ ਸੁਚੇਤ ਹੋਣ ਤੇ ਵੀ ਵਿਧੀ ਪੱਖੋਂ ਉਸਦੀ ਕਹਾਣੀ ਨੇ ਅਜੇ ਪ੍ਰੌੜ ਹੋਣਾ ਹੈ। ਉਸਨੂੰ ਕਹਾਣੀ ਦੇ ਦੁਹਰਾਉ ਤੋਂ ਬਚਣ ਦੀ ਲੋੜ ਹੈ।

ਹਰਪ੍ਰੀਤ ਸੇਖਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਦੀਆਂ ਜੜ੍ਹਾਂ ਕੈਨੇਡਾ ਵਿਚ ਹੀ ਹਨ। ਇਸ ਲਈ ਉਹ ਕੈਨੇਡਾ ਦੇ ਜੀਵਨ ਯਥਾਰਥ ਨੂੰ ਪਹਿਚਾਨਣ ਦੇ ਨਾਲ-ਨਾਲ ਮਹਿਸੂਸ ਕਰ ਸਕਦਾ ਹੈ ਅਤੇ ਬਾਹਰਮੁਖੀ ਹੋ ਕੇ ਇਕ ਵਿੱਥ ਤੋਂ ਪੰਜਾਬੀ ਭਾਈਚਾਰੇ ਦੀਆਂ ਕਮਜ਼ੋਰੀਆਂ ਨੂੰ ਫੜ ਸਕਦਾ ਹੈ। ਉਸ ਕੋਲ ਉਪਰਲੇ ਸਾਰੇ ਕਹਾਣੀਕਾਰਾਂ ਦਾ ਵਿਰਸਾ ਹੈ। ਇਸ ਵਿਰਸੇ ਵਿਚ ਕਹਾਣੀ ਦੇ ਬਿਰਤਾਂਤ ਨੂੰ ਕਈ ਪੜਾਅ ਪਾਰ ਕੀਤੇ ਹਨ ਅਤੇ ਇਉਂ ਇਕ ਪ੍ਰਪੱਕ ਕਹਾਣੀ ਕੈਨੇਡਾ ਦੀ ਨਵੀਂ ਪਹਿਚਾਣ ਬਣਦੀ ਹੈ। ਹਰਪ੍ਰੀਤ ਸੇਖਾ ਦਾ ਇਕੋ ਕਹਾਣੀ ਸੰਗ੍ਰਹਿ ਬੀਜੀ ਮੁਸਕਰਾ ਪਏ ਹੈ ਪਰੰਤੂ ਇਸ ਪਹਿਲੇ ਕਹਾਣੀ ਸੰਗ੍ਰਹਿ ਤੋਂ ਹੀ ਉਸਦੀ ਤਿੱਖੀ ਦ੍ਰਿਸ਼ਟੀ ਤੇ ਪ੍ਰੌੜ ਬਿਰਤਾਂਤ ਕਲਾ ਦੇ ਦਰਸ਼ਨ ਹੁੰਦੇ ਹਨ। ਹਰਪ੍ਰੀਤ ਸੇਖਾ ਉਨ੍ਹਾਂ ਵਿਸ਼ਿਆਂ ਨੂੰ ਵਧੇਰੇ ਹਿੰਮਤ ਨਾਲ ਹੱਥ ਪਾਉਂਦਾ ਹੈ ਜੋ ਜਾਂ ਤਾਂ ਪੰਜਾਬੀ ਕਹਾਣੀ ਲਈ ਵਿਵਰਜਿਤ ਰਹੇ ਹਨ ਜਾਂ ਬੜ ਓਪਰੇ ਰੂਪ ਵਿਚ ਇਨ੍ਹਾਂ ਨੂੰ ਹੱਥ ਪਾਇਆ ਗਿਆ। ਇਹ ਹਨ ਲੈਜ਼ਬੀਅਨ ਰਿਸ਼ਤੇ। ਹਰਪ੍ਰੀਤ ਸੇਖਾ ਇਨ੍ਹਾਂ ਰਿਸ਼ਤਿਆਂ ਦੇ ਪੈਦਾ ਹੋਣ ਦੇ ਕਾਰਣਾਂ ਨੂੰ ਲੱਭਣ ਦਾ ਯਤਨ ਵੀ ਕਰਦਾ ਹੈ। ਇਉਂ ਉਸਦੀ ਕਹਾਣੀ ਆਲੋਚਨਾਤਮਕ ਯਥਾਰਥਵਾਦੀ ਕਹਾਣੀ ਦਾ ਰੂਪ ਧਾਰਨ ਕਰ ਲੈਂਦੀ ਹੈ। ਡਿੰਪਲ ਇਕੱਲੀ ਕਾਰੀ ਪਰਵਾਸ ਵਿਚ ਆਪਣੇ ਮਾਸੜ ਹੱਥੋਂ ਬੇਪੱਤ ਹੁੰਦੀ ਹੈ ਅਤੇ ਇਕ ਆਸਰਾ ਭਾਲਦੀ ਹੈ। ਇਹ ਆਸਰਾ ਉਸਨੂੰ ਪੈਟੀ ਤੋਂ ਮਿਲਦਾ ਹੈ ਜਿਸਨੂੰ ਉਸਦਾ ਮਤਰੇਇਆ ਬਾਪ ਹੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ। ਇਉਂ ਦੋਨੋਂ ਇਕ ਦੂਜੇ ਦੇ ਨੇੜੇ ਆਉਂਦੇ ਹਨ ਅਤੇ ਲੈਜ਼ਬੀਅਨ ਰਿਸ਼ਤਿਆਂ ਵਿਚ ਬੱਝਦੀਆਂ ਹਨ।

ਹਰਪ੍ਰੀਤ ਸੇਖਾ ਆਪਣੇ ਪਾਤਰਾਂ ਨੂੰ ਸਭਿਆਚਾਰਕ ਵਿਰਸੇ ਤੋਂ ਮੁਕਤ ਹੋਣ ਦੀ ਪ੍ਰਕਿਰਿਆ ਵਿਚ ਪਾਉਂਦਾ ਹੈ ਪਰੰਤੂ ਤਲਾਕ ਤੋਂ ਬਾਅਦ ਪਤਨੀ ਆਪਣੇ ਪਤੀ ਦੀ ਮੌਤ ਉੱਪਰ ਲੋਕਾਚਾਰੀ ਨਿਭਾਉਣ ਜਾਂਦੀ ਹੈ। ਇਉਂ ਲੱਗਦਾ ਹੈ ਕਿ ਹਰਪ੍ਰੀਤ ਸੇਖਾ ਵਿਭਿੰਨ ਤਰੀਕਿਆਂ ਨਾਲ ਸਪੌਂਸਰ ਕਰਕੇ ਲਿਆਂਦੇ ਪਾਤਰਾਂ ਦੀਆਂ ਸਮੱਸਿਆਵਾਂ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਦਾ ਹੈ। ਵੱਖ ਹੋਏ ਜੋੜਿਆਂ ਦੇ ਦੁਖਾਂਤ ਦਾ ਸੇਕ ਉਨ੍ਹਾਂ ਦੇ ਬੱਚਿਆਂ ਤੱਕ ਲੱਗਦਾ ਹੈ। 'ਗਿਫਟ' ਕਹਾਣੀ ਦਾ ਸ਼ਾਨ ਇਸੇ ਲਈ ਵਿਆਹ ਕਰਾਉਣ ਤਰਜੀਹ ਨਹੀਂ ਦਿੰਦਾ। ਕਿਉਂਕਿ ਉਹ ਸਮਝਦਾ ਹੈ ਕਿ ਉਸਦੀ ਮੰਮੀ ਨੂੰ ਇਕੱਲਤਾ ਭਰਨ ਲਈ ਨਵਾਂ ਜੀਅ ਚਾਹੀਦਾ ਹੈ ਇਸ ਲਈ ਉਸ ਨੂੰ ਕਤੂਰੇ ਦਾ ਗਿਫ਼ਟ ਲਿਆ ਕੇ ਦਿੰਦਾ ਹੈ।

'ਬੀਜੀ ਮੁਸਕਰਾ ਪਏ' ਇਸੇ ਨਾਂ ਦੇ ਕਹਾਣੀ ਸੰਗ੍ਰਹਿ ਦੀ ਸਭ ਤੋਂ ਮਹੱਤਵਪੂਰਨ ਕਹਾਣੀ ਹੈ। ਇਥੇ ਵੀ ਵਿਆਹ ਵਿਦੇਸ਼ ਜਾਣ ਲਈ ਕਰਵਾਇਆ ਗਿਆ ਹੈ ਤੇ ਪ੍ਰੇਮੀ ਕਿਸੇ ਹੋਰ ਰਸਤਿਓਂ ਇਥੇ ਦਾਖਲ ਹੋਵੇਗਾ। ਪਰੰਤੂ ਸੇਖਾ ਸੁੱਖੀ ਪਾਤਰ ਨੂੰ ਅਜਿਹੀਆਂ ਸਥਿਤੀਆਂ ਵਿਚ ਪਾ ਦਿੰਦਾ ਹੈ ਕਿ ਉਹ ਗੁਰਮੀਤ ਦੇ ਪਿਆਰ ਦੇ ਪ੍ਰਭਾਵ ਹੇਠ ਉਸਦੀ ਹੋ ਕੇ ਰਹਿ ਜਾਂਦੀ ਹੈ। ਡਾਇਰੀਆਂ ਪੜ੍ਹਦੀ ਹੋਈ ਉਹ ਗੁਰਮੀਤ ਪ੍ਰਤੀ ਨਰਮ ਹੁੰਦੀ ਹੋਈ ਜਦੋਂ ਉਸ ਵਲੋਂ ਲਿਆਂਦਾ ਗਿਆ ਲਾਲ ਸੂਟ ਪਾਉਂਦੀ ਹੈ ਤਾਂ ਉਸਨੂੰ ਲੱਗਦਾ ਹੈ ਕਿ ਜਿਵੇਂ ਉਸਦੇ ਬੀਜੀ ਮੁਸਕਰਾ ਰਹੇ ਹੋਣ।

ਹਰਪ੍ਰੀਤ ਸੇਖਾ ਬਜ਼ੁਰਗਾਂ ਦੀਆਂ ਸਮੱਸਿਆਵਾਂ ਨੂੰ ਵੀ ਉਲੀਕਦਾ ਹੈ। ਪਰ ਇਹ ਸਮੱਸਿਆਵਾਂ



ਉਨ੍ਹਾਂ ਦੇ ਪਰਿਵਾਰ ਵੱਲੋਂ ਨਹੀਂ ਹਨ। ਸਗੋਂ ਇਹ ਉਨ੍ਹਾਂ ਦੀਆਂ ਮਾਨਸਿਕ ਗੁੰਝਲਾਂ ਵਿਚੋਂ ਪੈਦਾ ਹੁੰਦੀਆਂ ਹਨ। ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਉਹ ਰਾਮ ਗਊਆਂ ਦੇ ਵੱਗ ਵਿਚ ਸ਼ਾਮਲ ਹੋ ਗਏ ਹੋਣ। 'ਪੰਜ ਡਾਲਰ ਦਾ ਨੋਟ' ਕਹਾਣੀ ਵਿਚ ਵੀ ਇਕ ਵੱਖਰੀ ਦ੍ਰਿਸ਼ਟੀ ਤੋਂ ਬਜ਼ੁਰਗਾਂ ਦੀ ਮਾਨਸਿਕਤਾ ਦਾ ਚਿੱਤਰਨ ਹੈ। ਬੇਰੁਜ਼ਗਾਰੀ ਕਾਰਣ ਇਹ ਬਜ਼ੁਰਗ ਲੈਣ ਦੇਣ ਦੇ ਰੀਤੀ ਰਿਵਾਜ ਨਿਭਾਉਣ ਤੋਂ ਵੀ ਅਸਮਰੱਥ ਹਨ। ਪੈਨਸ਼ਨ ਲੱਗਣ ਤੇ ਹੀ ਉਹ ਬੱਚਿਆਂ ਤੱਕ ਨੂੰ ਪੈਸੇ ਦੇ ਸਕਦੇ ਹਨ। ਇਉਂ ਅਸੀਂ ਦੇਖਦੇ ਹਾਂ ਕਿ ਹਰਪ੍ਰੀਤ ਸੇਖਾ ਪਹਿਲਾਂ ਚਿਤਰੀਆਂ ਸਮੱਸਿਆਵਾਂ ਨੂੰ ਵੀ ਨਵੇਂ ਪਸਾਰ ਦੇ ਦਿੰਦਾ ਹੈ।

'ਢੋਲ' ਕਹਾਣੀ ਵਿਚ ਮਾਂ ਪਿਉ ਦੀਆਂ ਪੁੱਤਰ ਨੂੰ ਮਰਨ ਉਪਰੰਤ ਵੀ ਜਿਉਂਦੇ ਰੱਖਣ ਦੀਆਂ ਇੱਛਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਮਾਂ ਪਿਉ ਆਪਣੇ ਪੁੱਤਰ ਸੂਰਜ ਦੀ ਯਾਦ ਵਿਚ ਭੀਖ ਮੰਗ ਰਹੇ ਬੱਚਿਆਂ ਲਈ ਕੁਝ ਕਰਨਾ ਚਾਹੁੰਦੇ ਹਨ ਜੋ ਸੂਰਜ ਦੀ ਇੱਛਾ ਵੀ ਸੀ। ਇਹ ਕਾਰਜ ਪਾਤਰ ਨੂੰ ਉਦਾਸੀ ਵਿਚੋਂ ਕੱਢ ਕੇ ਚੜ੍ਹਦੀ ਕਲਾ ਵਿਚ ਲੈ ਆਉਂਦਾ ਹੈ। ਸਭਿਆਚਾਰ ਦੇ ਰਖਵਾਲੇ ਕਹਾਣੀ ਅਜਿਹੇ ਪੰਜਾਬੀ ਲੋਕਾਂ ਉੱਪਰ ਤਿੱਖਾ ਵਿਅੰਗ ਹੈ ਜੋ ਵਿਦੇਸ਼ੀ ਕੁੜੀਆਂ ਨਾਲ ਤਾਂ ਜਿਸਮਾਨੀ ਰਿਸ਼ਤੇ ਬਣਾਉਂਦੇ ਹਨ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ ਪਰੰਤੂ ਆਪਣ ਦੇਸ਼ ਦੀਆਂ ਕੁੜੀਆਂ ਨਾਲ ਉਹ ਅਜਿਹਾ ਕੁਝ ਨਹੀਂ ਹੋਣ ਦੇਣਾ ਚਾਹੁੰਦੇ। ਹਰਪ੍ਰੀਤ ਸੇਖਾ ਮਨੁੱਖ ਦੀਆਂ ਅਨੇਕਾਂ ਪ੍ਰਵਿਰਤੀਆਂ ਦੇ ਟਕਰਾਵਾਂ ਨੂੰ ਬੜੀ ਬਾਰੀਕੀ ਵਿਚ ਜਾ ਕੇ ਚਿੱਤਰਦਾ ਹੈ। 'ਕਿਤਾਬ ਵਿਚਲੇ ਫੁੱਲ' ਕਹਾਣੀ ਵਿਚ ਉਸਨੇ ਧਾਰਮਿਕਤਾ ਅਤੇ ਪ੍ਰਕਿਰਤਕ ਰਿਸ਼ਤਿਆਂ ਦੇ ਟਕਰਾਉ ਨੂੰ ਪੇਸ਼ ਕੀਤਾ ਹੈ। ਤ੍ਰਿਲੋਕ ਸਿੰਘ ਧਾਰਮਿਕ ਪ੍ਰਵਿਰਤੀਆਂ ਵਾਲਾ ਵਿਅਕਤੀ ਹੈ। ਜੋ ਹਰ ਵੇਲੇ ਰੱਬ ਦਾ ਨਾਂ ਲੈਂਦਾ ਹੈ ਪਰੰਤੂ ਉਸਦਾ ਵਿਆਹ ਬਾਲ ਬੱਚੇਦਾਰ ਸੁਰਜੀਤ ਨਾਲ ਹੋਣ ਕਾਰਣ ਉਸਦੀ ਸਰੀਰਕ ਅਤੇ ਮਾਨਸਿਕ ਸੰਤੁਸ਼ਟੀ ਨਹੀਂ ਹੁੰਦੀ ਇਸ ਲਈ ਉਸਦੀ ਨਜ਼ਰ ਆਪਣੀ ਮਤਰੇਈ ਧੀ ਪਿੰਕੀ ਉੱਪਰ ਹੈ। ਅਜਿਹੀ ਮਾਨਸਿਕ ਦੁਫੇੜ ਨੂੰ ਪੇਸ਼ ਕਰਨ ਕਾਰਣ ਸੇਖਾ ਇਕ ਵੱਖਰੀ ਦਿੱਖ ਵਾਲਾ ਕਹਾਣੀਕਾਰ ਸਿੱਧ ਹੁੰਦਾ ਹੈ। ਕੁਝ ਹੋਰ ਕਹਾਣੀਆਂ ਵਿਚ ਹਰਪ੍ਰੀਤ ਸੇਖਾ ਪੰਜਾਬੀ ਪਾਤਰਾਂ ਨੂੰ ਉਥੋਂ ਦੇ ਗੋਰੇ ਪਾਤਰਾਂ ਨਾਲ ਭਾਈਚਾਰਕ ਸਾਂਝ ਬਣਾਉਂਦਿਆਂ ਦਰਸਾਉਂਦਾ ਹੈ ਜੋ ਉਨ੍ਹਾਂ ਦੀ ਲੋੜ ਵੀ ਹੈ।

ਉਪਰਲੇ ਕੁਝ ਕਹਾਣੀਕਾਰਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਦੀ ਕਹਾਣੀ ਪੰਜਾਬੀ ਦੀ ਮੁੱਖ ਧਾਰਾ ਦੀ ਕਹਾਣੀ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀ ਹੈ ਬਲਕਿ ਇਸ ਵਿਚ ਪੇਸ਼ ਹੋ ਰਹੇ ਅਨੁਭਵ ਮੁਖਧਾਰਾ ਦੀ ਕਹਾਣੀ ਨਾਲੋਂ ਬਿਲਕੁਲ ਵੱਖਰੇ ਹਨ। ਬਿਰਤਾਂਤ ਦੀ ਦ੍ਰਿਸ਼ਟੀ ਤੋਂ ਵੀ ਇਹ ਕਹਾਣੀ ਮੁੱਖ ਧਾਰਾ ਦੀ ਕਹਾਣੀ ਨਾਲ ਵਰ ਮੇਚ ਕੇ ਤੁਰਦੀ ਹੈ। ਭਾਵੇਂ ਕੈਨੇਡਾ ਦੇ ਹੋਰ ਵੀ ਅਨੇਕਾਂ ਕਹਾਣੀਕਾਰ ਹਨ ਪਰੰਤੂ ਅਸੀਂ ਸਮਝਦੇ ਹਾਂ ਕਿ ਉਨ੍ਹਾਂ ਲਈ ਇਕ ਹੋਰ ਵੱਖਰਾ ਪਰਚਾ ਦਰਕਾਰ ਹੈ। ਫਿਰ ਵੀ ਉਪਰੋਕਤ ਕਹਾਣੀਕਾਰ ਸਮੁੱਚੀ ਕੈਨੇਡੀਅਨ ਕਹਾਣੀ ਦੇ ਮੁਹਾਂਦਰੇ ਨੂੰ ਸਪਸ਼ਟ ਕਰ ਦਿੰਦੇ ਹਨ। •

ਰੂਸੀ ਲੇਖਕ ਲੀਓ ਟਾਲਸਟਾਏ ਚੈਖ਼ੋਫ਼ ਤੋਂ ਬਾਅਦ
ਸੰਸਾਰ ਪ੍ਰਸਿੱਧ ਰੂਸੀ ਗਲਪਕਾਰ ਦਾਸਤੋਵਸਕੀ
ਦੇ ਜੀਵਨ ਬਾਰੇ ਪ੍ਰਸਿੱਧ ਗਲਪਕਾਰ
ਇੰਦਰ ਸਿੰਘ ਖਾਮੋਸ਼ ਦਾ ਨਵਾਂ ਸ਼ਾਹਕਾਰ
**ਕੁਠਾਲੀ ਵਿਚ ਪਿਆ ਸੋਨਾ**
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

# ਇਹਨਾਂ ਰਾਹਾਂ ਉੱਤੇ - ਰਿਸ਼ਤਿਆਂ ਦਾ ਜਮਾਤੀ ਵਿਸ਼ਲੇਸ਼ਣ

ਹਰਿੰਦਰ ਬਰਾੜ

ਅਵਤਾਰ ਸਿੰਘ ਬਿਲਿੰਗ ਅਜੋਕਾ ਨਾਵਲਕਾਰ ਬਣਨ ਤੋਂ ਪਹਿਲਾਂ ਇੱਕ ਚੇਤਨ ਕਥਾਕਾਰ ਵਜੋਂ ਆਪਣੀ ਪਛਾਣ ਸਥਾਪਿਤ ਕਰ ਚੁੱਕਾ ਸੀ। ਇਸ ਤੋਂ ਪਿੱਛੋਂ ਉਹ 'ਨਿਰੰਜਣ ਮਸ਼ਾਲਚੀ' ਨਾਵਲ ਰਾਹੀਂ ਨਾਵਲਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਇਸ ਨਾਵਲ ਵਿਚ ਉਹ ਜਾਗੀਰਦਾਰੀ ਪ੍ਰਥਾ ਦੇ ਅੰਤ ਅਤੇ ਸਰਮਾਇਦਾਰੀ ਦੇ ਆਗਮਨ ਦੌਰਾਨ ਮਾਨਸਿਕ ਸੰਤਾਪ ਹੰਢਾਉਂਦੇ ਪਾਤਰਾਂ ਦੀ ਦਾਸਤਾਨ ਪੇਸ਼ ਕਰਦਾ ਹੈ। "ਖੇੜੇ ਸੁੱਖ ਵਿਹੜੇ ਸੁੱਖ" ਉਸਦਾ ਦੂਜਾ ਮਹਾਂਕਾਵਿਕ ਨਾਵਲ ਹੈ ਜਿਸ ਵਿਚ ਉਹ ਪੇਂਡੂ ਜੀਵਨ ਦੇ ਕਰੀਬਨ ਸੌ ਸਾਲ ਦੇ ਸਭਿਆਚਾਰਕ ਇਤਿਹਾਸ ਨੂੰ ਪੇਸ਼ ਕਰਦਾ ਹੈ। "ਇਹਨਾਂ ਰਾਹਾਂ ਉੱਤੇ" ਬਿਲਿੰਗ ਦਾ ਤੀਜਾ ਨਾਵਲ ਹੈ। ਬਿਲਿੰਗ ਪਿੰਡ 'ਚ ਜੰਮਿਆ-ਪਲਿਆ ਅਤੇ ਪੜ੍ਹਿਆ ਵਿਅਕਤੀ ਹੈ। ਉਸਨੂੰ ਜਾਗੀਰਦਾਰੀ ਪ੍ਰਥਾ ਅਧੀਨ ਚਲਦੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਜੀਵਨ ਦੀ ਡੂੰਘੀ ਸਮਝ ਹੈ। ਇਸਦੇ ਨਾਲ ਹੀ ਉਸਨੂੰ ਸਰਮਾਇਦਾਰੀ ਪ੍ਰਥਾ ਦੀ ਵੀ ਡੂੰਘੀ ਸੂਝ ਹੈ। ਆਪਣੇ ਪਹਿਲੇ ਦੋ ਨਾਵਲਾਂ ਵਿਚ ਉਹ ਜਾਗੀਰਦਾਰੀ ਸਭਿਆਚਾਰ ਦੇ ਬਦਲਦੇ ਧਰਾਤਲ ਕਾਰਨ ਉਤਪੰਨ ਹੁੰਦੇ ਸੰਕਟ ਨੂੰ ਪੇਸ਼ ਕਰਦਾ ਹੈ। ਉਥੇ ਤੀਜੇ ਨਾਵਲ "ਇਹਨਾਂ ਰਾਹਾਂ ਉੱਤੇ" ਵਿਚ ਸਰਮਾਇਦਾਰੀ ਪ੍ਰਥਾ ਕਾਰਨ ਰਿਸ਼ਤਿਆਂ ਦੇ ਨਿੱਜਵਾਦੀ ਰੁਝਾਨ ਨੂੰ ਪੇਸ਼ ਕੀਤਾ ਹੈ। ਜਾਗੀਰਦਾਰੀ ਪ੍ਰਥਾ ਵਿਚ ਟੱਬਰ ਇੱਕ ਸਾਂਝੀ ਇਕਾਈ ਹੁੰਦਾ ਸੀ ਅਤੇ ਸਾਂਝੀ ਜ਼ਮੀਨ ਵਿਚੋਂ ਹੀ ਜੀਵਨ ਦੀਆਂ ਲੋੜਾਂ ਪ੍ਰਾਪਤ ਹੁੰਦੀਆਂ ਸਨ। ਇਸ ਲਈ ਉਨ੍ਹਾਂ ਦੇ ਹਿੱਤ, ਦੁੱਖ-ਸੁੱਖ ਤੇ ਹੋਰ ਵਿਵਹਾਰ ਸਾਂਝੇ ਹੁੰਦੇ ਸਨ। ਜਾਗੀਰਦਾਰੀ ਪ੍ਰਥਾ ਵਿਚ ਮਨੁੱਖ ਲਈ ਪਰਿਵਾਰ ਨਾਲੋਂ ਟੁੱਟ ਕੇ ਜਿਉਣਾ ਔਖਾ ਸੀ ਪਰ ਸਰਮਾਇਦਾਰੀ ਪ੍ਰਥਾ ਵਿਅਕਤੀ ਨੂੰ ਨਿਰੋਲ ਆਪਣੇ ਨਿੱਜ ਵੱਲ ਸੋਚਣ ਲਾਉਂਦੀ ਹੈ। ਵਿਅਕਤੀ ਨਿੱਜੀ ਸੁਆਰਥਾਂ ਲਈ ਸਾਰੇ ਰਿਸ਼ਤੇ ਭੁੱਲ ਜਾਂਦਾ ਹੈ। ਇਥੋਂ ਤੱਕ ਕਿ ਉਹ ਆਪਣੇ ਪਰਿਵਾਰ ਨਾਲੋਂ ਵੀ ਟੁੱਟ ਜਾਂਦਾ ਹੈ। ਇਸ ਨਾਵਲ ਵਿਚ ਬਿਲਿੰਗ ਨੇ ਇਹੀ ਮਸਲਾ ਪੇਸ਼ ਕੀਤਾ ਹੈ।

ਨਾਵਲ ਦਾ ਮੁੱਢ ਇੰਦਰਜੀਤ ਦੀ ਮੌਤ ਉਪਰੰਤ ਪੈਦਾ ਹੋਈ ਭਾਵੁਕ ਸਥਿਤੀ ਨਾਲ ਬੱਝਦਾ ਹੈ। ਰਿਸ਼ਤਿਆਂ ਦਾ ਭਰਮ ਜਾਲ ਇਸ ਘਟਨਾ ਤੋਂ ਹੀ ਟੁੱਟਣਾ ਸ਼ੁਰੂ ਹੋ ਜਾਂਦਾ ਹੈ। ਘਰ ਦੀ ਮੋਢੀ ਲਾਣੇਦਾਰਨੀ ਲਾਭ ਕੌਰ ਜਗੀਰੂ ਸੰਸਕਾਰਾਂ ਦਾ ਝੰਡਾ ਬਰਦਾਰ ਹੈ। ਉਹ ਇੰਦਰਜੀਤ ਦੀ ਵਿਧਵਾ ਸਰਬਜੀਤ ਨੂੰ ਉਸਦੇ ਜੇਠ ਲਛਮਣ ਦੇ ਲੜ ਲਾ ਕੇ ਉਸਦੇ ਹਿੱਸੇ ਆਉਂਦੀ ਦਸ ਕਿੱਲੇ ਜ਼ਮੀਨ ਨੂੰ ਆਪਣੇ ਕੋਲੋਂ ਖੁੱਸਣ ਨਹੀਂ ਦੇਣਾ ਚਾਹੁੰਦੀ। ਪ੍ਰੰਤੂ ਲਛਮਣ ਦੀ ਪਤਨੀ ਨਸੀਬ ਕੌਰ ਤੇ ਉਸਦੇ ਪੇਕੇ ਅਜਿਹਾ ਨਹੀਂ ਹੋਣ ਦਿੰਦੇ। ਜਾਗੀਰਦਾਰੀ ਸਮਾਜ ਵਿਚ ਵਿਰਸੇ ਦਾ ਵਾਰਿਸ ਉਸਦੇ ਆਪਣੇ ਹੀ ਖ਼ੂਨ ਵਿਚੋਂ ਹੋਣਾ ਜ਼ਰੂਰੀ ਹੁੰਦਾ ਹੈ। ਵਿਧਵਾ ਸਰਬਜੀਤ ਨੂੰ ਉਸਦੇ ਭਤੀਜੇ ਸੁੱਖੇ ਦੇ ਲੜ ਲਾ ਕੇ ਲਾਭ ਕੌਰ ਅਸਲ ਵਿਚ ਵਿਰਸੇ ਦੇ ਵਾਰਿਸ ਨੂੰ ਖ਼ੂਨ ਵਿਚ ਹੀ ਸੁਰੱਖਿਅਤ ਕਰ ਰਹੀ ਹੈ। ਜਾਗੀਰੂ ਸਭਿਆਚਾਰ ਦੀ ਗੈਰ ਮਨੁੱਖੀ ਵਿਆਹ ਪ੍ਰਣਾਲੀ ਤੋਂ ਨਾਬਰ ਹੋਇਆ ਸੁੱਖਾ ਘਰੋਂ ਭਾਂਜਵਾਦੀ ਹੋ ਜਾਂਦਾ ਹੈ। ਜਾਗੀਰੂ ਸੰਸਕਾਰਾਂ ਵਿਚ ਢਲੀ ਲਾਭ ਕੌਰ ਸੁੱਖੇ ਦੀਆਂ ਮੌਲਿਕ ਇੱਛਾਵਾਂ ਦਾ ਖ਼ਿਆਲ ਰੱਖਣ ਦੀ ਥਾਂ ਮੁੱਖ ਖ਼ਿਆਲ ਆਰਥਿਕ



ਅਧਾਰ ਜ਼ਮੀਨ ਦਾ ਰੱਖਦੀ ਹੈ।

ਘਰੋਂ ਭਗੌੜਾ ਹੋਇਆ ਸੁੱਖਾ ਨਾਵਲ ਦੇ ਅੰਤ ਤੱਕ ਜਾਗੀਰੂ ਦਵੰਦ ਦਾ ਸ਼ਿਕਾਰ ਰਹਿੰਦਾ ਹੈ। ਆਪਣੇ ਮਨ ਵਿਚ ਹਾਣ ਦੀ ਤਾਂਘ ਲੈ ਕੇ ਉਹ ਥਾਂ-ਥਾਂ ਭਟਕਦਾ ਹੈ। ਡੇਰੇ ਵਿਚ ਰਹਿੰਦਿਆਂ ਭਾਵੇਂ ਉਸਦੇ ਮਨ ਵਿਚਲੀ ਇਹ ਤਾਂਘ ਵਿਸ਼ਵਪ੍ਰੀਤ ਦੇ ਰੂਪ ਵਿਚ ਪੂਰੀ ਹੋ ਜਾਂਦੀ ਹੈ ਪ੍ਰੰਤੂ ਇਹ ਲੰਮਾ ਸਮਾਂ ਨਹੀਂ ਰਹਿੰਦੀ। ਜਗੀਰੂ ਮੋਹ ਵਿਚ ਬੱਝੇ ਸੁੱਖੇ ਨੂੰ ਵਾਪਸ ਪਿੰਡ ਪਰਤਣਾ ਪੈਂਦਾ ਹੈ। ਪਿੰਡ ਪਰਤ ਕੇ ਉਹ ਸਰਬਜੀਤ ਨੂੰ ਸਮਾਜਿਕ ਰੂਪ ਵਿਚ ਤਾਂ ਅਪਣਾ ਲੈਂਦਾ ਹੈ ਪ੍ਰੰਤੂ ਮਾਨਸਿਕ ਸਾਂਝ ਚਾਹੁੰਦੇ ਹੋਏ ਵੀ ਨਹੀਂ ਸਥਾਪਿਤ ਕਰ ਪਾਉਂਦਾ। ਉਹ ਸਰਬਜੀਤ ਤੋਂ ਚੋਰੀ ਵਿਸ਼ਵਪ੍ਰੀਤ ਨੂੰ ਮਿਲਦਾ ਹੈ। ਆਪਣੀ ਨਿੱਘਰਦੀ ਆਰਥਿਕ ਹਾਲਤ ਨੂੰ ਸੁਧਾਰਨ ਦੇ ਪ੍ਰਯਤਨਾਂ ਵਜੋਂ ਵਿਸ਼ਵਪ੍ਰੀਤ ਨਾਲ ਵਿਆਹ ਕਰਵਾ ਕੇ ਬਾਹਰ ਚਲਾ ਜਾਂਦਾ ਹੈ ਪ੍ਰੰਤੂ ਸੁੱਖੇ ਦਾ ਅੰਤਰ ਦਵੰਦ ਉਸਨੂੰ ਉੱਥੇ ਵੀ ਨਹੀਂ ਟਿਕਣ ਦਿੰਦਾ। ਸੁੱਖੇ ਦੀ ਚੇਤਨਾ ਵਿਚ ਜਾਗੀਰੂ ਸੰਸਕਾਰ ਅੰਤ ਸਮੇਂ ਤੱਕ ਵਿਦਮਾਨ ਰਹਿੰਦੇ ਹਨ। ਜਿਹੜੇ ਉਸਦੇ ਪੂੰਜੀਵਾਦੀ ਜੀਵਨ ਜਿਊਣ ਦੇ ਬਾਵਜੂਦ ਇਸ ਯਥਾਰਥ ਨੂੰ ਬਾਹਰਮੁਖੀ ਦ੍ਰਿਸ਼ਟੀ ਤੋਂ ਵੇਖਣ ਦੀ ਥਾਂ ਸੰਸਕਾਰਾਂ ਦੀ ਅੱਖ ਨਾਲ ਦਿਖਾਉਂਦੇ ਹਨ। ਉਸਦਾ ਇਹ ਸੰਸਕਾਰਕ ਦਵੰਦ ਇੱਕ ਪਾਸੇ ਜਿੱਥੇ ਉਸਨੂੰ ਸਰਬਜੀਤ ਦੇ ਨੇੜੇ ਨਹੀਂ ਹੋਣ ਦਿੰਦਾ ਉਥੇ ਦੂਜੇ ਪਾਸੇ ਵਿਸ਼ਵਪ੍ਰੀਤ ਤੋਂ ਵੀ ਦੂਰ ਕਰ ਦਿੰਦਾ ਹੈ। ਵਿਸ਼ਵਪ੍ਰੀਤ ਪੂਰੀ ਤਰ੍ਹਾਂ ਜਾਗੀਰੂ ਸੰਸਕਾਰਾਂ ਤੋਂ ਮੁਕਤ ਹੈ। ਸਰਮਾਇਦਾਰੀ ਨੇ ਉਸਨੂੰ ਇੰਨੇ ਕੁ ਆਰਥਿਕ ਆਧਾਰ ਦਿੱਤੇ ਹਨ ਕਿ ਜਿੱਥੇ ਉਹ ਆਪਣੇ ਪਹਿਲੇ ਨਸ਼ੇੜੀ ਪਤੀ ਰਮਨਜੀਤ ਨੂੰ ਤਲਾਕ ਦੇ ਦਿੰਦੀ ਹੈ ਉੱਥੇ ਉਹ ਆਪਣੇ ਪਿਆਰ ਸੁੱਖੇ ਦੀ ਧੰਗੇੜ ਵੀ ਬਹੁਤਾ ਚਿਰ ਨਹੀਂ ਝੱਲਦੀ। ਸੁੱਖਾ ਉਸ ਉੱਪਰ ਬਦਚਲਨੀ ਦਾ ਆਰੋਪ ਲਗਾਉਂਦਾ ਹੈ ਤਾਂ ਉਹ ਉਸ ਤੋਂ ਵੀ ਵੱਖ ਹੋ ਜਾਂਦੀ ਹੈ। ਨਾਵਲਕਾਰ ਨੇ ਸੁੱਖੇ ਦੇ ਇਸ ਮਾਨਸਿਕ ਦਵੰਦ ਨੂੰ ਜਾਗੀਰਦਾਰੀ ਦਵੰਦ ਦੇ ਪ੍ਰਤੀਰੂਪ ਵਜੋਂ ਪੇਸ਼ ਕੀਤਾ ਹੈ। ਜਾਗੀਰਦਾਰੀ ਸੰਸਕਾਰਾਂ ਦਾ ਪੱਲਾ ਸਰਮਾਇਦਾਰੀ ਸਮਾਜ ਵਿਚ ਵੀ ਨਾ ਛੱਡਣ ਵਾਲੇ ਵਿਅਕਤੀ ਇਸੇ ਤਰ੍ਹਾਂ ਦੁਖਾਂਤ ਭੋਗਦੇ ਹਨ। ਦੂਜੇ ਪਾਸੇ ਵਿਸ਼ਵਪ੍ਰੀਤ ਆਰਥਿਕ ਅਧਾਰ ਹੋਣ ਕਾਰਨ ਇਸ ਜਾਗੀਰੂ ਸੋਚ ਤੋਂ ਮੁਕਤ ਹੁੰਦੀ ਹੈ।

ਇਸ ਸਾਰੀ ਸਥਿਤੀ ਵਿਚ ਸਰਬਜੀਤ ਦੀ ਹਾਲਤ ਹੋਰ ਵੀ ਤਰਸਯੋਗ ਹੋ ਜਾਂਦੀ ਹੈ। ਸੁੱਖੇ ਨਾਲ ਪਰਨਾਈ ਹੋਣ ਦੇ ਬਾਵਜੂਦ ਸੁੱਖਾ ਉਸ ਨਾਲ ਮਾਨਸਿਕ ਤੌਰ 'ਤੇ ਨਹੀਂ ਜੁੜਦਾ। ਇਸਦੇ ਬਾਵਜੂਦ ਉਹ ਠਰੰਮੇ ਵਾਲੀ ਔਰਤ ਹੈ। ਸੁੱਖੇ ਦੇ ਰਵੱਈਏ ਤੋਂ ਨਿਰਾਸ਼ ਹੋਈ ਉਹ ਸਮਾਜਿਕ ਵਿਕਾਸ ਦੇ ਕੰਮਾਂ ਵਿਚੋਂ ਆਪਣੀ ਜ਼ਿੰਦਗੀ ਦਾ ਮਕਸਦ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਇਸ ਤਰ੍ਹਾਂ ਕਰਦੀ ਹੋਈ ਉਹ ਸਮਾਜਿਕ ਤੌਰ 'ਤੇ ਚੇਤਨ ਹੋਣ ਦਾ ਪ੍ਰਮਾਣ ਵੀ ਪੇਸ਼ ਕਰਦੀ ਹੈ। ਪ੍ਰੰਤੂ ਸੁੱਖੇ ਦੀਆਂ ਭੈਣਾਂ ਉਸ ਨਾਲ ਲੜਦੀਆਂ ਹਨ। ਉਹ ਸਰਮਾਇਦਾਰੀ ਸਮਾਜ ਦੀ ਸੋਚ ਅਨੁਸਾਰ ਵਿਦੇਸ਼ ਜਾ ਕੇ ਆਪਣਾ ਭਵਿੱਖ ਸੰਵਾਰਨ ਦੀ ਇੱਛਾ ਰੱਖਦੀਆਂ ਹਨ। ਸੁੱਖੇ ਦੇ ਵਿਦੇਸ਼ੋਂ ਵਾਪਸ ਆਉਣ ਦੀ ਖ਼ਬਰ ਸੁਣ ਕੇ ਉਹਨਾਂ ਨੂੰ ਆਪਣਾ ਭਵਿੱਖ ਖ਼ਤਰੇ ਵਿਚ ਪਿਆ ਨਜ਼ਰ ਆਉਂਦਾ ਹੈ। ਇਸੇ ਕਰਕੇ ਉਹਨਾਂ ਨੂੰ ਸਰਬਜੀਤ ਦੀ ਵਿਯੋਗੀ ਸਥਿਤੀ ਦੀ ਚਿੰਤਾ ਹੋਣ ਦੀ ਥਾਂ ਆਪਣੇ ਭਵਿੱਖ ਨੂੰ ਉੱਜਵਲ ਬਣਾਉਣ ਦਾ ਵੱਧ ਫ਼ਿਕਰ ਹੈ। ਪੂੰਜੀਵਾਦੀ ਰਿਸ਼ਤਿਆਂ ਦੇ ਨਿੱਜਵਾਦੀ ਹੋਣ ਦੀ ਸਿਖ਼ਰ ਉਨ੍ਹਾਂ ਦੇ ਇਸ ਵਿਵਹਾਰ ਵਿਚੋਂ ਸਪੱਸ਼ਟ ਹੁੰਦੀ ਹੈ। ਸਰਮਾਇਦਾਰੀ ਸਭਿਆਚਾਰ ਨੇ ਵਿਅਕਤੀ ਨੂੰ ਨਵੇਂ ਆਰਥਿਕ ਅਧਾਰ

ਤਾਂ ਦੇ ਦਿੱਤੇ ਹਨ ਪ੍ਰੰਤੂ ਬਦਲੇ ਵਿਚੋਂ ਉਸ ਤੋਂ ਨੈਤਿਕ ਅਧਾਰ ਖੋਹ ਲਏ ਹਨ। ਸਰਮਾਇਦਾਰੀ ਸਮਾਜ ਵਿਚ ਖ਼ੂਨ ਦੇ ਰਿਸ਼ਤਿਆਂ ਦਾ ਭਰਮ ਜਾਲ ਟੁੱਟ ਜਾਂਦਾ ਹੈ। ਜਦੋਂ ਵਿਅਕਤੀ ਦੇ ਜਾਤੀ ਜਾਂ ਜਮਾਤੀ ਆਰਥਿਕ ਹਿੱਤਾਂ 'ਤੇ ਪੋਲੀ ਜਿਹੀ ਸੱਟ ਵੱਜਦੀ ਹੈ ਤਾਂ ਜਾਗੀਰੂ ਰਿਸ਼ਤਿਆਂ ਦਾ ਖੋਲ ਤਿੜਕ ਜਾਂਦਾ ਹੈ ਤੇ ਪੂੰਜੀਵਾਦੀ ਰਿਸ਼ਤਿਆਂ ਦਾ ਸੱਚ ਸਾਹਮਣੇ ਆਉਂਦਾ ਹੈ। ਨਾਵਲ ਵਿਚ ਲਛਮਣ ਤੇ ਉਸਦੀ ਭੈਣ ਚਰਨੋ ਵਿਚਕਾਰ ਜ਼ਮੀਨ ਦੇ ਇੱਕ ਟੁਕੜੇ ਉੱਪਰ ਮਾਲਕੀ ਨੂੰ ਲੈ ਕੇ ਹੋਏ ਝਗੜੇ ਵਿਚੋਂ ਰਿਸ਼ਤਿਆਂ ਦਾ ਨਿੱਜਵਾਦੀ ਖਾਸਾ ਸਪੱਸ਼ਟ ਹੁੰਦਾ ਹੈ। ਚਰਨੋ ਆਪਣੇ ਮਾਪਿਆਂ ਦੀ ਜਾਇਦਾਦ ਵਿਚੋਂ ਆਪਣਾ ਹੱਕ ਸਮਝਦੀ ਹੋਈ ਪਲਾਟ ਪ੍ਰਾਪਤ ਕਰਨਾ ਚਾਹੁੰਦੀ ਹੈ ਪਰੰਤੂ ਲਛਮਣ ਲਈ ਆਪਣੀ ਭੈਣ ਨਾਲ ਬਚਪਨ ਦੀ ਸਾਂਝ ਦੀ ਥਾਂ ਜ਼ਮੀਨ ਪ੍ਰਮੁੱਖ ਹੈ।

ਨਾਵਲ ਦੀ ਸਾਰੀ ਕਹਾਣੀ ਵਿਚ ਪਾਤਰਾਂ ਦਾ ਦਿਸ਼ਾ ਨਿਰਦੇਸ਼ ਕਰਨ ਵਾਲਾ ਪਾਤਰ ਚੋਬਦਾਰ ਸ਼ਿੰਗਾਰਾ ਸਿੰਹੁ ਅਹਿਮ ਪਾਤਰ ਹੈ। ਉਹ ਪਟਿਆਲੇ ਗੁਰਦੁਆਰੇ ਵਿਚ ਸੇਵਾਦਾਰ ਹੈ। ਉਹ ਮੁੱਢ ਵਿਚ ਅਫੀਮ ਖਾਂਦਾ ਹੋਣ ਕਰਕੇ ਆਪਣੇ ਭਰਾ-ਭਰਜਾਈ ਵਲੋਂ ਤ੍ਰਿਸਕਾਰਿਆ ਹੁੰਦਾ ਹੈ। ਆਪਣੇ ਸਮਾਜਿਕ ਫਰਜ਼ਾਂ ਤੋਂ ਭਾਂਜਵਾਦੀ ਹੋਇਆ ਉਹ ਧਰਮ ਦੀ ਪਨਾਹ ਲੈਂਦਾ ਹੈ। ਇਸ ਤਰ੍ਹਾਂ ਧਰਮ ਨੇ ਇਕ ਅਜਿਹੀ ਜਮਾਤ ਪੈਦਾ ਕੀਤੀ ਹੈ ਜਿਹੜੀ ਕਿਰਤ ਤੋਂ ਭੱਜ ਕੇ ਆਪਣੀ ਰੋਜ਼ੀ-ਰੋਟੀ ਦੇ ਵਸੀਲੇ ਧਾਰਮਿਕ ਸੰਸਥਾਵਾਂ ਨੂੰ ਆਰਥਿਕ ਸਾਧਨਾਂ ਵਜੋਂ ਵਰਤ ਕੇ ਪੈਦਾ ਕਰਦੀ ਹੈ। ਸ਼ਿੰਗਾਰਾ ਸਿੰਹੁ ਇਸੇ ਜਮਾਤ ਦੀ ਪ੍ਰਤੀਨਿਧਤਾ ਕਰਦਾ ਹੈ। ਉਸ ਲਈ ਜਿਉਂਦੇ ਰਹਿਣ ਦਾ ਅਰਥ ਰੋਟੀ ਨਾਲ ਜੁੜਿਆ ਹੈ ਜਿਸਦੀ ਪੂਰਤੀ ਗੁਰਦੁਆਰੇ ਦੇ ਸੇਵਾਦਾਰ ਵਜੋਂ ਆਸਾਨੀ ਨਾਲ ਹੋ ਜਾਂਦੀ ਹੈ। ਸਾਧਾਰਨ ਲੋਕਾਂ ਨੂੰ ਗੱਲਬਾਤ ਦੁਆਰਾ ਪ੍ਰਭਾਵਿਤ ਕਰ ਲੈਣ ਦਾ ਹੁਨਰ ਉਸ ਵਿਚ ਲੋੜ ਅਨੁਸਾਰ ਮੌਜੂਦ ਹੈ।

ਨਾਵਲਕਾਰ ਨੇ ਇਸ ਨਾਵਲ ਵਿਚ ਉਹਨਾਂ ਵਿਅਕਤੀਆਂ ਦੀ ਮਨੋਦਸ਼ਾ ਨੂੰ ਪੇਸ਼ ਕੀਤਾ ਹੈ ਜਿਹੜੇ ਸਰਮਾਇਦਾਰੀ ਸਭਿਆਚਾਰ ਵਿਚ ਵਿਚਰਦੇ ਹੋਏ ਵੀ ਆਪਣੀ ਜਾਗੀਰੂ ਕੁੰਜ ਨਹੀਂ ਉਤਾਰਦੇ। ਇਸੇ ਦਵੰਦਾਤਮਿਕ ਸਥਿਤੀ ਕਾਰਨ ਹੀ ਉਹ ਦੁਖਾਂਤ ਹੰਢਾਉਂਦੇ ਹਨ। ਜਾਗੀਰੂ ਸੰਸਕਾਰਾਂ ਦੀ ਮਾਰ ਝੱਲਣ ਵਾਲਾ ਵਿਅਕਤੀ ਸਮਾਂ ਪੈਣ 'ਤੇ ਉਹੀ ਜਾਗੀਰੂ ਅਧਿਕਾਰਾਂ ਦੀ ਵਰਤੋਂ ਆਪਣੇ ਤੋਂ ਨੀਵਿਆਂ ਲਈ ਸਖ਼ਤੀ ਨਾਲ ਲਾਗੂ ਕਰਦਾ ਹੈ। ਇਸ ਨਾਵਲ ਵਿਚ ਨਸੀਬ ਕੌਰ ਜਿਹੜੀ ਆਪਣੀ ਸੱਸ ਲਾਭ ਕੌਰ ਦੀ ਅਧੀਨਗੀ ਝੱਲਦੀ ਹੋਈ ਔਖ ਮਹਿਸੂਸ ਕਰਦੀ ਹੈ ਪ੍ਰੰਤੂ ਲਾਭ ਕੌਰ ਦੀ ਮੌਤ ਉਪਰੰਤ ਆਪਣੇ ਆਪ ਨੂੰ ਘਰ ਦਾ ਮੋਢੀ ਸਮਝਦੀ ਹੋਈ ਲਾਭ ਕੌਰ ਦੇ ਹੱਥੋਂ ਡਿੱਗਿਆ ਜਾਗੀਰੂ ਸੰਸਕਾਰਾਂ ਵਾਲਾ ਡੰਡਾ ਚੁੱਕਦੀ ਹੈ ਅਤੇ ਆਪਣੀ ਔਲਾਦ ਉੱਤੇ ਵਰਤਦੀ ਵੀ ਹੈ। ਇਸ ਤਰ੍ਹਾਂ ਅਵਤਾਰ ਸਿੰਘ ਬਿਲਿੰਗ ਦਾ ਇਹ ਨਾਵਲ ਜਿੱਥੇ ਜਾਗੀਰੂ ਮਾਨਸਿਕਤਾ ਵਿਚ ਗ੍ਰਸੇ ਵਿਅਕਤੀਆਂ ਦੀ ਮਨੋਦਸ਼ਾ ਨੂੰ ਪੇਸ਼ ਕਰਦਾ ਹੈ ਉਥੇ ਪੂੰਜੀਵਾਦੀ ਰਿਸ਼ਤਿਆਂ ਦੇ ਮਕਾਨਕੀ ਖਾਸੇ ਨੂੰ ਵੀ ਨੰਗਾ ਕਰਦਾ ਹੈ। ਨਾਵਲ ਦੇ ਪਾਤਰ ਜੋ ਵੀ ਕਾਰਜ ਕਰਦੇ ਹਨ ਉਹ ਅਚੇਤ ਜਾਂ ਸੁਚੇਤ ਤੌਰ 'ਤੇ ਆਪਣੇ ਜਾਤੀ ਜਾਂ ਜਮਾਤੀ ਹਿੱਤਾਂ ਦੀ ਰਾਖੀ ਲਈ ਹੀ ਕਰਦੇ ਹਨ। ਬਿਲਿੰਗ ਇਸਦੀ ਪੇਸ਼ਕਾਰੀ ਵਿਚ ਪੂਰੀ ਤਰ੍ਹਾਂ ਸਫ਼ਲ ਹੈ। •

(ਪਿੰਡ ਤੇ ਡਾਕ. ਘੋਲੀਆ ਕਲਾਂ, ਜ਼ਿਲ੍ਹਾ ਮੋਗਾ)





# ਲੋਕ ਬੋਲਾਂ ਦਾ ਕਾਵਿ-ਸੰਗ੍ਰਹਿ — 'ਮੇਰੇ ਬੋਲ'

'ਮੇਰੇ ਬੋਲ' ਕਾਵਿ ਸੰਗ੍ਰਹਿ ਪੰਜਾਬੀ ਦੇ ਸੁਪ੍ਰਸਿੱਧ ਜਨਵਾਦੀ ਕਵੀ ਹਰਭਜਨ ਸਿੰਘ ਹੁੰਦਲ ਦਾ ਵੀਹਵਾਂ ਕਾਵਿ ਸੰਗ੍ਰਹਿ ਹੈ। ਹੁੰਦਲ ਪੰਜਾਬੀ ਕਵਿਤਾ ਵਿਚ ਪਿਛਲੇ 57 ਸਾਲਾਂ ਤੋਂ ਲੋਕ ਪ੍ਰਤੀਬੱਧਤਾ ਨਾਲ ਸਰਗਰਮ ਹੈ। ਉਸਦੀ ਰਸਮੀ ਜਾਣ-ਪਛਾਣ ਦੀ ਹੁਣ ਕੋਈ ਲੋੜ ਨਹੀਂ ਰਹੀ। 75 ਸਾਲ ਦੀ ਉਮਰ ਵਿਚ ਵੀ ਉਹ ਬਿਨਾਂ ਕਿਸੇ ਅਟਕਾਅ ਦੇ ਕਵਿਤਾ ਰਚਣ ਪ੍ਰਕਿਰਿਆ ਵਿਚ ਨੁਮਾਇਆਂ ਰੋਲ ਨਿਭਾਅ ਰਿਹਾ ਹੈ। ਉਹ ਕੇਵਲ ਕਵਿਤਾ ਰਚਦਾ ਨਹੀਂ ਸਗੋਂ ਕਵਿਤਾ ਜੀਂਦਾ ਹੈ। ਜਦ ਤੋਂ ਲੈ ਕੇ ਉਸਦੀ ਕਵਿਤਾ ਇਕ ਇਤਿਹਾਸਕ ਦਸਤਾਵੇਜ਼ ਬਣਦੀ ਆ ਰਹੀ ਹੈ। ਦੌਰ ਭਾਵੇਂ ਖੱਬੇ ਕੁਰਾਹੇ ਦਾ ਹੋਵੇ ਜਾਂ ਉੱਨੀ ਮਹੀਨੇ ਦੀ ਕਾਲੀ ਰਾਤ ਐਮਰਜੈਂਸੀ ਦਾ, ਉਸਦੀ ਕਵਿਤਾ ਨੇ ਆਪਣਾ ਬਣਦਾ ਰੋਲ ਨਿਭਾਇਆ ਹੈ। ਭਾਵੇਂ ਹੁੰਦਲ ਨੂੰ ਮਾਨਤਾ ਤੇ ਪ੍ਰਸਿੱਧੀ ਕਵਿਤਾ ਵਿਚ ਵਧੇਰੇ ਪ੍ਰਾਪਤੀ ਹੋਈ ਹੈ ਪਰ ਉਸਨੇ ਸਫ਼ਰਨਾਮੇ, ਮਿਡਲ, ਸਾਹਿਤਕ ਯਾਦਾਂ, ਸਾਹਿਤਕ ਲੇਖ, ਆਲੋਚਨਾ ਅਤੇ ਖੋਜ, ਅਤੇ ਸਵੈ-ਜੀਵਨੀ ਦੀਆਂ ਵੀ ਕਈ ਪੁਸਤਕਾਂ ਲਿਖੀਆਂ ਹਨ। ਇਸ ਤਰ੍ਹਾਂ ਉਸਦੀ ਲੇਖਣੀ ਦਾ ਸੰਸਾਰ ਵਿਸ਼ਾਲਤਮ ਹੈ। ਉਸ ਦੀਆਂ ਕਵਿਤਾਵਾਂ ਨੇ ਜਿੱਥੇ ਉਸਨੂੰ ਅਨੇਕਾਂ ਮਾਣ-ਸਨਮਾਨ ਦਿਵਾਏ ਉਥੇ ਜੇਲ੍ਹਾਂ ਦੀ ਯਾਤਰਾ ਵੀ ਕਰਵਾਈ। ਥਾਣਿਆਂ ਦੀ ਜਿੱਲਤ ਅਤੇ ਪੁਲਿਸ ਦੀਆਂ ਵਧੀਕੀਆਂ ਨੇ ਉਸਦਾ ਹੌਸਲਾ ਪਸਤ ਨਹੀਂ ਕੀਤਾ, ਸਗੋਂ ਉਸਨੇ ਇਸ ਤਜ਼ਰਬੇ ਨੂੰ ਆਪਣੀਆਂ ਕਵਿਤਾਵਾਂ ਵਿਚ ਕੁੰਦਨ ਬਣਾ ਲਿਆ। ਹੁੰਦਲ ਐਸਾ ਸੁਖਨਵਰ ਹੈ ਜੋ ਬਦਲਦੀਆਂ ਸਮਾਜਿਕ ਤੇ ਰਾਜਸੀ ਸਥਿਤੀਆਂ ਨੂੰ ਪਿਛਲੇ ਛੇ ਦਹਾਕਿਆਂ ਤੋਂ ਆਪਣੀ ਕਵਿਤਾ ਵਿਚ ਪ੍ਰਮਾਣਿਤ ਕਰ ਰਿਹਾ ਹੈ। ਪੰਜਾਬ ਦੇ ਅੱਤਵਾਦ ਦੇ ਦੌਰ ਵਿਚ ਜਿੱਥੇ ਬਹੁਤ ਸਾਰੇ 'ਲੋਕ ਕਵੀ' ਅਲੋਪ ਹੋ ਗਏ ਉਥੇ ਇਹ ਕਵੀ ਨਿਡਰਤਾ ਤੇ ਅਡੋਲਤਾ ਨਾਲ ਉਸ ਕੁਲਹਿਣੇ ਦੌਰ ਦੀਆਂ ਜ਼ਿੰਮੇਵਾਰ ਧਿਰਾਂ ਨੂੰ ਆਢੇ ਹੱਥੀਂ ਲੈਂਦਾ ਰਿਹਾ। ਜਿੰਨੀ ਬੇਬਾਕੀ, ਨਿਡਰਤਾ ਤੇ ਹੰਸ ਬੁੱਧ ਨਾਲ ਹੁੰਦਲ ਨੇ ਅੱਤਵਾਦੀ ਸੰਤਾਪ ਦੇ ਦੌਰ ਨੂੰ ਆਪਣੀਆਂ ਕਵਿਤਾਵਾਂ ਦੀ ਸੰਵੇਦਨਾ ਵਿਚ, ਬਿਆਨ ਕੀਤਾ, ਇਹ ਉਸੇ ਦੇ ਹਿੱਸੇ ਆਉਂਦਾ ਹੈ। ਉਹ ਹਮੇਸ਼ਾ ਲੋਕ ਸੰਘਰਸ਼ਾਂ ਨਾਲ ਜੁੜਿਆ ਹੋਣ ਕਰਕੇ ਕਦੇ ਖੜੋਤ ਵਿਚ ਨਹੀਂ ਆਇਆ। ਉਹ ਸੜਕਾਂ 'ਤੇ ਨਿਕਲੇ ਲੋਕ ਨੂੰ ਵਾਚ ਕੇ ਕਾਵਿ-ਸਿਰਜਣਾ ਕਰ ਰਿਹਾ ਹੈ। ਉਸਦੀ ਹਰ ਕਵਿਤਾ ਲੋਕ ਦਰਦ ਦੇ ਸੇਕ ਵਿਚ ਪਿਘਲ ਕੇ ਵਰਕਿਆਂ ਉੱਤੇ ਫੈਲਦੀ ਹੈ।

ਐਪਰ ਮੇਰਾ ਖੇਤਰ ਇਸ ਸੰਗ੍ਰਹਿ ਵਿਚ ਛਪੀਆਂ ਸਿਰਫ਼ ਉਹ ਗ਼ਜ਼ਲਾਂ ਹਨ ਜੋ ਕਿ ਹੁੰਦਲ ਦੀਆਂ ਪਹਿਲੀਆਂ ਗ਼ਜ਼ਲਾਂ ਨਾਲੋਂ ਵਧੇਰੇ ਗ਼ਜ਼ਲੀਅਤ ਦੇ ਨੇੜੇ ਹਨ। ਉਵੇਂ ਤਾਂ ਹੁੰਦਲ ਦੀਆਂ ਪਹਿਲਾਂ ਲਿਖੀਆਂ ਸੈਂਕੜੇ ਗ਼ਜ਼ਲਾਂ ਵੀ ਪੰਜਾਬੀ ਗ਼ਜ਼ਲ ਦਾ ਸਰਮਾਇਆ ਹਨ ਪਰ ਇਹਨਾਂ ਗ਼ਜ਼ਲਾਂ ਨੇ ਹੁੰਦਲ ਨੂੰ ਪੰਜਾਬੀ ਗ਼ਜ਼ਲ ਦਾ ਅਹਿਮ ਸ਼ਾਇਰ ਸਾਬਤ ਕਰ ਦਿੱਤਾ ਹੈ। ਅਸਲ ਵਿਚ ਕਵੀ ਹੁੰਦਲ ਆਪ ਮੰਨਦਾ ਹੈ ਕਿ ਕਵਿਤਾ ਤੇ ਗ਼ਜ਼ਲ ਦੇ ਖੇਤਰ ਵਿਚ ਉਹ ਹਮੇਸ਼ਾ ਸਿਖਾਂਦਰੂ ਰਹਿਣਾ ਪਸੰਦ ਕਰਦਾ ਹੈ। ਇਹ ਉਸਦੀ ਵਡਿਆਈ ਹੀ ਹੈ ਕਿ ਉਸਨੇ ਗ਼ਜ਼ਲ ਦੇ ਰੂਪਕ ਪੱਖ ਉੱਤੇ ਤਿੱਖੇ ਪਰਿਹਾਰ ਕਰਦਿਆਂ-ਕਰਦਿਆਂ ਵੀ ਗ਼ਜ਼ਲ ਦੇ ਸ਼ਿਲਪ ਸਬੰਧੀ ਉੱਚੀ ਪ੍ਰਬੀਨਤਾ ਹਾਸਿਲ ਕੀਤੀ। ਕਦੇ ਉਹ ਕਹਿੰਦਾ ਹੁੰਦਾ ਸੀ ਕਿ

ਕਿੰਨਾ ਫ਼ਿਕਰ ਗ਼ਜ਼ਲਗੋ ਕਰਦੇ ਟਿੱਪੀ ਅਤੇ ਸਿਹਾਰੀ ਦਾ,
ਐਪਰ ਚੇਤਾ ਭੁੱਲ ਜਾਂਦੇ ਨੇ ਦਿਲ ਤੇ ਚੱਲਦੀ ਆਰੀ ਦਾ।

ਤਦ ਬੜਾ ਚਿਰ ਮੈਨੂੰ ਵੀ ਉਹ ਗ਼ਜ਼ਲ ਵਿਰੋਧੀ ਹੀ ਲੱਗਦਾ ਰਿਹਾ ਪਰ ਗ਼ਜ਼ਲ ਦੇ ਖੇਤਰ ਵਿਚ ਲੰਮਾ ਸਮਾਂ ਕਾਰਜ਼ਸ਼ੀਲਤਾ ਨੇ ਮੈਨੂੰ ਹੁੰਦਲ ਦੇ ਇਸ ਸ਼ਿਅਰ ਦੇ ਅੰਤ੍ਰੀਵੀ ਅਰਥਾਂ ਪ੍ਰਤੀ ਸ਼ਰਧਾਮੁਖੀ ਬਣਾ ਦਿੱਤਾ ਹੈ। ਇਹ ਸ਼ਿਅਰ ਰੂਪਵਾਦ ਦੇ ਉਲਾਰ ਨੂੰ ਨਿਦਦਾ ਹੈ। ਇਹ ਸਾਰਥਕ ਹੈ। ਗ਼ਜ਼ਲ ਵਿਚ ਜੇਕਰ ਵਿਸ਼ਾ, ਸਵੈ ਰੁਦਨ ਅਤੇ ਦੇਹਵਾਦੀ ਬਖੇੜੇ ਦਾ ਹੋਵੇਗਾ ਤਾਂ ਉਸ ਗ਼ਜ਼ਲ ਦਾ ਸ਼ਿਲਪ ਵੀ ਕੁਝ ਸੁਆਰ ਨਹੀਂ ਸਕਦਾ। ਵਿਸ਼ਾ ਸ਼ਕਤੀਸ਼ਾਲੀ ਭਾਵ ਲੋਕ ਪੱਖੀ ਹੋਵੇ ਅਤੇ ਉਸਨੂੰ ਪੇਸ਼ ਕਾਰੀਗਰੀ ਨਾਲ ਕੀਤਾ ਹੋਵੇ ਤਦ ਹੀ ਉਹ ਅਸਲ ਗ਼ਜ਼ਲ ਬਣਦੀ ਹੈ। ਪਰ ਵਿਸ਼ਾ ਜੇਕਰ ਬਹੁਤ ਲੋਕ ਮੱਤਾ ਅਤੇ ਜ਼ਿੰਦਗੀ-ਮੱਤਾ ਵੀ ਹੋਵੇ ਪਰ ਜੇਕਰ ਉਸਨੂੰ ਸ਼ਿਲਪ ਵਿਚ ਪੇਸ਼ ਨਾ ਕੀਤਾ ਗਿਆ ਹੋਵੇ ਤ ਉਹ ਨਿਰਾਰਥਕਤਾ ਉਪਜਾਵੇਗਾ। ਇਹ ਸਾਰੀ ਸਥਿਤੀ ਹੁੰਦਲ ਬਾਖ਼ੂਬੀ ਸਮਝਦਾ ਸੀ। ਪਰ ਉਹ ਘੋਰ ਰੂਪਵਾਦ ਦੇ ਖਿਲਾਫ਼ ਬੋਲਦਾ ਤਾਂ ਇਵੇਂ ਲੱਗਦਾ ਸੀ ਕਿ ਗ਼ਜ਼ਲ ਦੇ ਖਿਲਾਫ਼ ਬੋਲ ਰਿਹਾ ਹੈ। ਦਰ ਹਕੀਕਤ ਹੁੰਦਲ ਗ਼ਜ਼ਲ ਦਾ ਪਿਆਰਾ ਸ਼ਾਇਰ ਸੀ ਪਰ ਜੋ ਕੁਝ ਗ਼ਜ਼ਲ ਦੇ ਨਾਮ ਉੱਤੇ "ਕੁੱਕੜ ਖੋਹੀ" ਹੋ ਰਹੀ ਸੀ ਉਹ ਉਸਦੇ ਖਿਲਾਫ਼ ਸੀ। ਜਦ ਬੁੱਲ੍ਹਾ 'ਮਸੀਤਾਂ ਵਿਚ ਚੋਰ ਉਚੱਕੇ' ਕਹਿੰਦਾ ਹੈ ਤਾਂ ਉਹ ਮਸੀਤਾਂ ਨੂੰ ਰੱਦ ਨਹੀਂ ਕਰਦਾ ਸਗੋਂ ਮਸੀਤਾਂ ਦੇ ਕਿਰਦਾਰ ਸੰਬੰਧੀ ਸੁਧਾਰ ਚਾਹੁੰਦਾ ਹੈ। ਆਮ ਅੱਖ ਨੂੰ ਉਹ ਨਾਸਤਕ ਲੱਗੇਗਾ। ਪਰ ਨਹੀਂ ਉਹ ਨਾਸਤਕ ਨਹੀਂ ਸੀ। ਏਸੇ ਤਰ੍ਹਾਂ ਸਾਡਾ ਪ੍ਰਗਤੀਵਾਦੀ ਸ਼ਾਇਰ ਹੁੰਦਲ ਜਦੋਂ ਗ਼ਜ਼ਲ ਦੇ ਘੋਰ ਰੂਪਵਾਦ ਅਤੇ 'ਠਿੱਬੀ ਤਕਤੀਹ' ਦੇ ਵਿਰੁੱਧ ਬੋਲਦਾ ਸੀ ਤਦ ਉਸਨੂੰ ਵੀ 'ਗ਼ਜ਼ਲ-ਨਾਸਤਕ' ਸਮਝਿਆ ਜਾਂਦਾ ਸੀ। ਹੁੰਦਲ ਨੇ ਵੀ ਗ਼ਜ਼ਲ ਦੇ ਬਹਿਰਾਂ, ਤਕਨੀਕਾਂ ਅਤੇ ਛੰਦਾਂ ਬਾਰੇ ਕਲਾ ਹਾਸਿਲ ਕਰ ਲਈ ਹੈ ਅਤੇ ਕੁਝ ਪੰਜਾਬੀ ਗ਼ਜ਼ਲ ਨੇ ਵੀ ਆਪਣਾ ਖਾਸਾ ਤਬਦੀਲ ਕਰ ਲਿਆ ਹੈ। ਜਿਸ ਕਰਕੇ ਹਰਭਜਨ ਸਿੰਘ ਹੁੰਦਲ ਨੂੰ ਬਿਨਾਂ ਕਿਸੇ ਸੰਕੋਚ ਦੇ ਪੰਜਾਬੀ ਦਾ ਪ੍ਰਬੁੱਧ ਗ਼ਜ਼ਲਕਾਰ ਮੰਨਣ ਵਿਚ ਕੋਈ ਹਿਚਕਚਾਹਟ ਨਹੀਂ। ਮੈਂ ਕੋਈ ਸਰਟੀਫਿਕੇਟ ਤਾਂ ਨਹੀਂ ਦੇ ਰਿਹਾ ਪਰ ਮੈਂ ਗ਼ਜ਼ਲ ਦੇ ਰਾਹਾਂ ਵਿਚ ਗੋਲ ਹੁੰਦਿਆਂ ਜਾਣ ਲਿਆ ਹੈ ਕਿ ਗ਼ਜ਼ਲ ਬਗੀਚੀ ਵਿਚ ਜੇਕਰ ਅੱਜ ਹਜ਼ਾਰ ਫੁੱਲ ਖਿੜ ਚੁੱਕੇ ਹਨ ਤਾਂ ਹੁੰਦਲ ਉਹ ਫੁੱਲ ਹੈ ਜਿਸ ਵਿਚੋਂ ਲੋਕ ਸਰੋਕਾਰਾਂ ਦੀ ਖੁਸ਼ਬੂ ਆਉਂਦੀ ਹੈ ਤੇ ਉਸਦੀ ਦਿੱਖ ਵੀ ਸੂਹੇ ਗੁਲਾਬ ਜਿਹੀ ਹੈ। ਸਫਾ 68 ਉਤਲੀ ਉਸਦੀ ਗ਼ਜ਼ਲ ਉਸਦੀ ਗ਼ਜ਼ਲ ਪ੍ਰਤੀ ਤਰਕ ਸੰਗਤ ਨਿਸ਼ਠਾ ਨੂੰ ਜ਼ਾਹਿਰ ਕਰਦੀ ਹੈ। ਇਸਦੇ ਸ਼ਿਅਰਾਂ ਵਿਚ ਭਾਵੇਂ ਉਸਨੂੰ ਅਜੇ ਵੀ ਰੋਸ ਹੈ ਕਿ ਗ਼ਜ਼ਲ ਦੇ ਆਪੂੰ ਬਣੇ ਖ਼ਲੀਫੇ ਉਸ ਨੂੰ ਗ਼ਜ਼ਲ ਪੱਖੋਂ ਅਣਗੌਲਿਆ ਕਰਨਾ ਚਾਹੁੰਦੇ ਹਨ। ਉਹ ਕਹਿੰਦਾ ਹੈ -

ਚੱਤੇ ਪਹਿਰ ਖ਼ਲੀਫੇ ਸੋਚਣ ਕਿੰਝ ਕਰਾਈਏ ਚੁੱਪ,
ਸੋਚਦਿਆਂ ਨੂੰ ਦਿਨ ਢਲ ਜਾਵੇ, ਬੂਹੇ ਲੱਥੇ ਸ਼ਾਮ।

ਪਰ ਹੁੰਦਲ ਇਹ ਵੀ ਆਸ ਕਰਦਾ ਹੈ ਕਿ ਕੋਈ ਜ਼ਰੂਰ ਉਸਦੀਆਂ ਗ਼ਜ਼ਲਾਂ ਦੇ ਗੁੱਝੇ ਭੇਤ ਨੂੰ ਖੋਲ੍ਹੇਗਾ -

ਗ਼ਜ਼ਲ ਦੀਆਂ ਪਰਤਾਂ ਜੋ ਫੋਲੇ ਖੋਲ੍ਹੇ ਗੁੱਝੇ ਭੇਤ,
ਪੌਣਾਂ ਹੱਥੀਂ ਉਸ ਨੂੰ ਭੇਜਾਂ ਸੁੱਚਾ ਸੁਰਖ ਸਲਾਮ।

ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਦੇ ਬਹੁਤ ਸਾਰੇ ਸ਼ਿਅਰ ਕ੍ਰਿਸ਼ਮਾਮੁਖੀ ਹਨ ਜੋ ਚੇਤਨਾ ਨੂੰ ਟੁੰਬਦੇ ਹਨ। ਸਾਮਰਾਜ ਦੇ ਨਵੇਂ ਪੈਂਤੜੇ ਗਲੋਬਲਾਈਜੇਸ਼ਨ ਨੂੰ ਉਹ ਇਕ ਹੀ ਸ਼ਿਅਰ ਵਿਚ ਇਵੇ ਕਹਿੰਦਾ ਹੈ-

ਇਨ੍ਹਾਂ ਦੇ ਕੋਲ ਡਾਲਰ ਨੇ ਤੇ ਕੁਫਰ ਦੇ ਸੰਦ ਨੇ ਸਾਰੇ,
ਵਿਛਾ ਕੇ ਜਾਲ 'ਹੁੰਦਲ' ਨੂੰ ਫਸਾਵਣ ਕੌਣ ਆਏ ਨੇ?



ਉਸਦੇ ਕੁਝ ਸ਼ਿਅਰ ਏਥੇ ਦਾਲ 'ਚੋ ਦਾਣੇ ਵਾਂਗ ਦੇ ਰਿਹਾ ਹਾਂ -

ਮੇਰੇ ਲਈ ਹਰ ਫੁੱਲ ਪੱਤਾ ਹੈ ਸਾਜ਼ਿੰਦਾ,
ਕੈਸੇ-ਕੈਸੇ ਸਾਜ ਵਜਾਉਂਦਾ ਰਹਿੰਦਾ ਹਾਂ।

ਬੰਬ ਜਦੋਂ ਬਸਰੇ ਤੇ ਡਿੱਗੇ ਸੜਿਆ ਸੀ ਬਗਦਾਦ ਜਦੋਂ,
ਤੀਰ ਜਿਵੇਂ ਜ਼ਹਿਰੀਲਾ ਕੋਈ ਅੰਗ-ਅੰਗ ਚੋਂ ਪਾਰ ਗਿਆ।

ਖ਼ੂਬ ਸੀ ਤੇਰੇ ਗਿਰਾਂ ਦੀ ਰਹਿਬਰੀ,
ਸੱਚ ਦੇ ਸਿਰ ਲਟਕਦੀ ਤਲਵਾਰ ਸੀ।

ਆ ਉਹਨਾਂ ਦੀ ਮਹਿਮਾ ਗਾਈਏ, ਕਹੀਏ ਕੋਈ ਸ਼ਿਅਰ ਨਵਾਂ,
ਕਿਹੜੇ ਸੀ ਉਹ ਸੱਜਣ ਜਿਹੜੇ ਅੱਗ ਦੀ ਰੁੱਤ ਅਡੋਲ ਰਹੇ।

ਭੁਲ ਗਏ ਭੋਲੇ ਸੀ ਲੋਕੀਂ ਘਰ ਦੀਆਂ ਸਭ ਮੁਸ਼ਕਿਲਾਂ,
ਸੁਰਗ ਦੇ ਲਾਰੇ ਤੇ ਵੇਖੋ ਕਿੰਝ ਭਰਮਾਏ ਗਏ।

ਢਹਿੰਦੀਆਂ ਸੋਚਾਂ ਦਾ ਪਰਦਾ ਜਦ ਉਠਾ ਕੇ ਵੇਖਿਆ,
ਦੂਰ ਦਿੱਸਹਦੇ ਸਿਤਾਰੇ ਵੇਖ ਮੁਸਕਾਂਦੇ ਰਹੇ।

ਅਤੇ ਇਹ ਜਾਣ ਕੇ ਖੁਸ਼ੀ ਦਾ ਫੁੱਲ ਖਿੜੇਗਾ ਕਿ ਹੁੰਦਲ ਹੁਣ 'ਆਪਣੇ ਦਿਲ ਉੱਤੇ ਚਲਦੀ ਆਰੀ' ਨੂੰ ਬਿਨਾਂ ਕਿਸੇ ਸਿਹਾਰੀ ਦੀ ਘਾਟ ਵਾਧ ਦੇ ਵਿਅਕਤ ਕਰਨ ਦੀ ਕਲਾ 'ਚ ਮਾਹਿਰ ਹੈ।

ਮਿਸਾਲ ਲਈ ਉਪਰਲੇ ਦੋਵੇਂ ਆਖ਼ਰੀ ਸ਼ਿਅਰ ਰਮਲ ਮਹਿਜ਼ੂਫ ਬਹਿਰ ਵਿਚ ਸੰਪੂਰਨ ਹਨ ਬਿਨਾਂ ਕਿਸੇ ਸਿਹਾਰੀ ਦੀ ਗਲਤੀ ਦੇ। ਹੁੰਦਲ ਦੇ ਹੇਠਲੇ ਸ਼ਿਅਰ ਦੇ ਉੱਤਰ ਵਿਚ ਮੈਂ ਕਹਿੰਦਾ ਹਾਂ -

ਤੇਰੀਆਂ ਗ਼ਜ਼ਲਾਂ ਨੇ ਹਨੇਰਿਆਂ ਦੀ ਹਿੱਕ ਉੱਤੇ ਲਟਲਟ ਬਲਦੇ ਦੀਪ ਬਾਲੇ ਹਨ ਤੇ ਏਸੇ ਕਰਕੇ ਕਈ ਪਾਰਖੂ ਤੇਰੀਆਂ ਸਮੁੱਚੀਆਂ ਗ਼ਜ਼ਲਾਂ ਉੱਤੇ ਵਿਸਤਾਰ ਨਾਲ ਲਿਖਣ ਲਈ ਕਾਹਲੇ ਹਨ।

ਤੇਰੀਆਂ ਗ਼ਜ਼ਲਾਂ ਨੇ ਕੀਤੀ ਦੱਸ ਕਿਹੜੀ ਰੌਸ਼ਨੀ,
ਪਾਰਖੂ ਐਵੇਂ ਹੀ ਤੇਰਾ ਨਾਮ ਚਮਕਾਂਦੇ ਰਹੇ।

ਸੁਲੱਖਣ ਸਰਹੱਦੀ

## ਹਰਸ਼ਰਨ ਸ਼ਰੀ.ਫ ਦੇ ਸ਼ਿਅਰ - 'ਅਰਸ਼ੋਂ ਉੱਤਰੇ ਤਾਰੇ'

ਹਰਸ਼ਰਨ ਸ਼ਰੀਫ ਪਟਿਆਲੇ ਦਾ ਨੌਜਵਾਨ ਗ਼ਜ਼ਲਕਾਰ ਹੈ ਜੋ ਗ਼ਜ਼ਲ ਦੇ ਮੰਡਲਾਂ ਵਿਚ ਇਕ ਚਮਕਦੇ ਸਿਤਾਰੇ ਵਾਂਗ ਪ੍ਰਗਟ ਹੋਇਆ ਹੈ। "ਅਰਸ਼ੋਂ ਉੱਤਰੇ ਤਾਰੇ" ਉਸਦਾ ਨਵ-ਪ੍ਰਕਾਸ਼ਿਤ ਜ਼ਿਕਰਯੋਗ ਗ਼ਜ਼ਲ ਸੰਗ੍ਰਹਿ ਹੈ। ਜਿਸਨੂੰ ਉਡਾਨ ਪਬਲੀਕੇਸ਼ਨ ਮਾਨਸਾ ਨੇ ਛਾਪਿਆ ਹੈ। ਇਸ ਸੰਗ੍ਰਹਿ ਦੇ ਕੁਲ 104 ਸਫਿਆਂ ਵਿਚ ਸਾਰੀਆਂ 82 ਗ਼ਜ਼ਲ ਵਿਸ਼ੇ ਅਤੇ ਰੂਪਕ ਪੱਖੋਂ ਸਲਾਹੁਣ ਯੋਗ ਹਨ। ਕੁਝ ਸਾਲ ਪਹਿਲਾਂ ਉਸਨੇ 'ਅਸ਼ਰਫੀਆਂ' ਨਾਲ ਗ਼ਜ਼ਲ ਪੱਖੋਂ ਪਟਿਆਲੇ ਨੂੰ ਮਾਲੋ-ਮਾਲ ਕੀਤਾ ਸੀ। ਮੇਰੀਆਂ ਨਜ਼ਰਾਂ ਵਿਚ ਪਟਿਆਲਾ ਸ਼ਹਿਰ ਗ਼ਜ਼ਲ ਵਾਸਤੇ ਪਹਿਲਾਂ ਹੀ ਵਿਸ਼ੇਸ਼ ਸੀ ਹੁਣ ਸਤਿਕਾਰਤ ਹੋ ਗਿਆ

ਹੈ। ਮੇਰੀ ਪੀੜ੍ਹੀ ਨੇ ਪੰਜਾਬੀ ਗ਼ਜ਼ਲ ਦੀ ਪੰਜਾਬ ਵਿਚ ਸਥਾਪਤੀ ਵਾਸਤੇ ਲੰਮਾ ਅਦਬੀ ਯੁੱਧ ਲੜਿਆ ਹੈ। ਗ਼ਜ਼ਲ ਦਾ ਮੈਦਾਨ ਗ਼ਜ਼ਲਕਾਰਾਂ ਦੇ ਹੱਥ ਹੈ। ਅੱਜ ਇਕੱਲੇ ਚੜ੍ਹਦੇ ਪੰਜਾਬ ਵਿਚ 1000 ਗ਼ਜ਼ਲਕਾਰ ਗ਼ਜ਼ਲਾਂ ਲਿਖ ਰਹੇ ਹਨ। ਇਸ ਤਰ੍ਹਾਂ ਗ਼ਜ਼ਲ ਦੀ ਬਗੀਚੀ ਵਿਚ ਹਜ਼ਾਰ ਫੁੱਲ ਖਿੜ ਚੁੱਕਾ ਹੈ। ਇਹਨਾਂ ਵਿਚ ਕਦੇ ਕਦੇ ਹੀ ਹਰਸ਼ਰਨ ਸ਼ਰੀਫ਼ ਜਿਹੇ ਸ਼ੋਖ ਰੰਗ ਅਤੇ ਕੁਆਰ ਗੰਧ ਵਾਲੇ ਫੁੱਲ ਖਿੜਦੇ ਹਨ।

ਅੱਜ ਪੰਜਾਬੀ ਗ਼ਜ਼ਲ ਨੇ ਸਾਰੀਆਂ ਪਰਿਭਾਸ਼ਾਵਾਂ ਆਪਣੇ ਨਾਲੋਂ ਝਾੜ ਦਿੱਤੀਆਂ ਹਨ। ਕਵਿਤਾ ਵਾਂਗ ਹਜ਼ਾਰਾਂ ਪਰਿਭਾਸ਼ਾਵਾਂ ਦੇ ਪਹਿਰਨ ਵਿਚ ਵੀ ਉਹ ਸਮਾਉਂਦੀ ਨਹੀਂ। ਹੁਣ ਇਹ ਵੀ ਮਸਲਾ ਨਹੀਂ ਕਿ ਗ਼ਜ਼ਲ 5ਵੀਂ 6ਵੀਂ ਸਦੀ ਵਿਚ ਅਰਬ 'ਚ ਪੈਦਾ ਹੋਈ ਜਾਂ ਫਿਰ ਫਾਰਸੀ ਵਿਚ। ਹੁਣ ਇਹ ਪੰਜਾਬੀ ਦੀ ਧੀ ਸਿਨਫ ਹੈ। ਪੰਜਾਬੀ ਗ਼ਜ਼ਲ ਦੇ ਇਤਿਹਾਸ ਵਿਚ ਸਾਡੀ ਸ਼ਲੋਕ ਪ੍ਰੰਪਰਾ ਦਾ ਵੀ ਹਿੱਸਾ ਹੈ ਅਤੇ ਸ਼ਲੋਕ ਪ੍ਰੰਪਰਾ ਪੰਜਾਬੀ (ਸੰਸਕ੍ਰਿਤ) ਵਿਚ ਗ਼ਜ਼ਲ ਦੀ ਉਤਪਤੀ ਤੋਂ ਵੀ ਹਜ਼ਾਰਾਂ ਸਾਲ ਪਹਿਲਾਂ ਦੀ ਹੈ। ਇਸ ਬਾਰੇ ਇਸ ਪੁਸਤਕ ਦੀ ਭੂਮਿਕਾ ਵਿਚ ਪ੍ਰਸਿੱਧ ਗ਼ਜ਼ਲ ਚਿੰਤਕ ਡਾ. ਐਸ. ਤਰਸੇਮ ਵੀ ਲਿਖਦਾ ਹੈ ਕਿ '... ਪਰ ਅਸੀਂ ਅਮੀਰ ਖੁਸਰੋ ਦੀ ਗ਼ਜ਼ਲਗੋਈ ਵਿਚ ਪੰਜਾਬੀ ਰੰਗ ਹੋਣ ਦੇ ਬਾਵਜੂਦ ਉਸਨੂੰ ਪੰਜਾਬੀ ਗ਼ਜ਼ਲ ਨਹੀਂ ਕਹਿੰਦੇ, ਭਾਰਤੀ ਗ਼ਜ਼ਲ ਹੀ ਕਹਿੰਦੇ ਹਾਂ, ਕਿਉਂਕਿ ਉਸ ਸਮੇਂ ਪੰਜਾਬੀ ਭਾਸ਼ਾ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਵਿਚ ਨਿਖਾਰ ਆਇਆ ਹੀ ਨਹੀਂ ਸੀ, ਜੋ 12ਵੀਂ ਸਦੀ ਵਿਚ ਰਚੇ ਫਰੀਦ ਜੀ ਦੇ ਸ਼ਲੋਕਾਂ ਵਿਚ ਦੇਖਿਆ ਜਾ ਸਕਦਾ ਹੈ। ਫਰੀਦ ਜੀ ਦੇ ਸ਼ਲੋਕ ਇਕ ਪ੍ਰਕਾਰ ਨਾਲ ਗ਼ਜ਼ਲ ਦੇ ਮਤਲੇ ਵਾਂਗ ਦੋ ਮਿਸ਼ਰਿਆਂ 'ਤੇ ਅਧਾਰਿਤ ਹਨ। ਇਹ ਸ਼ਲੋਕ ਇਕ ਆਰੰਭ ਬਿੰਦੂ ਹਨ, ਜਿਸ ਤੋਂ ਪੰਜਾਬੀ ਵਿਚ ਸ਼ਿਅਰ ਕਹਿਣ ਦੀਆਂ ਸੰਭਾਵਨਾਵਾਂ ਉਜਾਗਰ ਹੋਈਆਂ। ਇਸ ਤਰ੍ਹਾਂ ਤਰਸੇਮ ਨੇ ਮੇਰੀ ਧਾਰਨਾ ਨੂੰ ਬਲ ਦਿੱਤਾ ਹੈ ਕਿ ਪੰਜਾਬੀ ਗ਼ਜ਼ਲ ਦਾ ਬਾਹਰੀ ਰੂਪ ਭਾਵੇਂ ਅਰਬੀ ਫਾਰਸੀ ਤੇ ਉਰਦੂ ਵਲੋਂ ਆਇਆ ਪਰ ਇਸ ਦੀ ਅੰਤ੍ਰੀਵਤਾ ਪੰਜਾਬੀ ਦੀ ਸ਼ਲੋਕ ਪ੍ਰਥਾ ਸੀ ਅਤੇ ਸ਼ਲੋਕਾਂ ਵਿਚ ਜ਼ਿੰਦਗੀ ਦੇ ਹਰ ਪਹਿਲੂ ਉੱਤੇ ਸੰਜੀਦਗੀ ਨਾਲ ਗੱਲ ਕੀਤੀ ਮਿਲਦੀ ਹੈ। ਅਜੋਕੀ ਗਜ਼ਲ ਵੀ ਕਿਸੇ ਇਕ ਰੰਗ ਦੀ ਨਹੀਂ ਸਗੋਂ ਇਸ ਵਿਚ ਉਹ ਸਾਰੇ ਰੰਗ ਹਨ ਜੋ ਪੰਜਾਬੀ ਦੀ ਸਮੁਚੀ ਕਵਿਤਾ ਵਿਚ ਸਨ ਤੇ ਹਨ।

ਹਰਸ਼ਰਨ ਸ਼ਰੀਫ਼ ਦੀ ਗ਼ਜ਼ਲ ਉੱਤੇ, ਸ਼ਾਸਤਰ ਵਿਧਾਈ ਸੰਵਾਦ ਪ੍ਰਕਿਰਿਆ ਅਧੀਨ ਸਿਫਤਾਂ ਦੇ ਪੁਲ ਬੰਨ੍ਹੇ ਜਾ ਸਕਦੇ ਹਨ ਕਿਉਂਕਿ ਸਾਡੇ ਕੋਲ ਉਸ ਦੀ ਸ਼ਾਨਦਾਰ, ਨਵ ਭਾਵ ਬੋਧ ਅਤੇ ਤਰਕਮਤੀ ਦਿਲ ਦੀ ਸ਼ਾਇਰੀ ਮੌਜੂਦ ਹੈ। ਸ਼ਰੀਫ਼ ਨੇ ਪੰਜਾਬੀ ਗ਼ਜ਼ਲ ਦੀ ਰੂਹ ਨੂੰ ਪਛਾਣ ਲਿਆ ਹੈ ਤੇ ਉਸ ਨਾਲ ਪ੍ਰੇਮ ਕਰ ਲਿਆ ਹੈ। ਪ੍ਰੇਮ ਜੋ ਮਾਂ, ਭੈਣ, ਮਹਿਬੂਬਾ ਅਤੇ ਸਮਸਤ ਖਲਕਤ ਨਾਲ ਕੀਤਿਆਂ ਵੀ ਖ਼ਤਮ ਨਹੀਂ ਹੁੰਦਾ। ਉਸਦੀ ਪ੍ਰੇਮ ਹੁਣ ਲੋਕਾਂ ਨਾਲ ਪੈਣ ਹੀ ਵਾਲਾ ਹੈ।

ਪੰਜਾਬੀ ਗ਼ਜ਼ਲ ਵਿਚ ਕਦੇ-ਕਦੇ ਐਸਾ ਕ੍ਰਿਸ਼ਮਾ ਹੁੰਦਾ ਹੈ ਕਿ ਕੋਈ ਹਰਸ਼ਰਨ ਸ਼ਰੀਫ਼ ਪ੍ਰਗਟ ਹੁੰਦਾ ਹੈ। ਐਸੇ ਨਵੇਂ ਗ਼ਜ਼ਲਕਾਰਾਂ ਉੱਤੇ ਬਹੁਤ ਆਸਾਂ ਹਨ। ਜੇਕਰ ਸ਼ਰੀਫ ਗ਼ਜ਼ਲ ਨੂੰ ਪ੍ਰਣਾਇਆ ਰਿਹਾ ਤਾਂ ਗ਼ਜ਼ਲ ਦਾ ਮਹਾਨ ਸ਼ਾਇਰ ਬਣੇਗਾ। ਪੰਜਾਬੀ ਗਜ਼ਲ ਵਿਚ ਸ਼ਰੀਫ ਨੇ ਯਕੀਨ ਬੰਨ੍ਹਾਇਆ ਹੈ ਕਿ ਇਸਦੀ ਨੁਹਾਰ ਨਿੱਤ ਨਵੀਂ ਰਹੇਗੀ। ਸ਼ਰੀਫ ਦੇ ਬਹੁਤ ਸਾਰੇ ਸ਼ਿਅਰ ਹਨ ਜਿਨ੍ਹਾਂ ਵਿਚ ਪ੍ਰਸਿੱਧੀ ਪਾਉਣ ਦੀ ਕੈਫੀਅਤ ਹੈ। ਸ਼ਰੀਫ ਦੀ ਤਬੀਅਤ ਬਾ-ਬਹਿਰ ਹੈ। ਕੁਝ ਇਕ ਕਮੀਆਂ ਹਨ ਜੋ ਉਹ ਛੰਟ ਕਰ ਦੇਵੇਗਾ। ਗ਼ਜ਼ਲ ਪ੍ਰਤੀ ਉਸਦੀ ਅਕੀਦਤ ਪ੍ਰਗਟ ਕਰਦਾ ਉਸਦਾ ਸ਼ਿਅਰ ਦੇ ਕੇ ਪੁਸਤਕ ਨੂੰ ਦਿਲੋਂ ਜੀ ਆਇਆ ਹੈ।

ਗ਼ਜ਼ਲ ਦੇ ਨਾਲ ਮੈਂ ਸਤ ਜਨਮ ਦਾ ਰਿਸ਼ਤਾ ਨਿਭਾਉਂਦਾ ਹੈ,
ਐ ਦੇਵੀ ਸ਼ਾਰਦਾ! ਚਰਨਾਂ 'ਚ ਆਪਣੇ ਰਹਿਣ ਦੇ ਮੈਨੂੰ। ●

- ਸੁਲੱਖਣ ਸਰਹੱਦੀ



# ਸਾਮਰਾਜੀ ਸੰਕਟ : ਪੂੰਜੀਵਾਦੀ ਵਿਸ਼ਵੀਕਰਨ ਦੀ ਅਸਫਲਤਾ

- ਡਾ. ਅਨੂਪ ਸਿੰਘ

'ਪੂੰਜੀਵਾਦੀ ਵਿਸ਼ਵੀਕਰਨ ਦੀ ਅਸਫਲਤਾ', ਡਾ. ਅਨੂਪ ਸਿੰਘ ਦੀ ਪੁਸਤਕ 'ਪ੍ਰੇਰਨਾ ਪ੍ਰਕਾਸ਼ਨ, ਅੰਮ੍ਰਿਤਸਰ ਵਲੋਂ ਛਾਪੀ ਗਈ ਹੈ। ਇਸ ਪੁਸਤਕ ਵਿਚ ਲੇਖਕ ਨੇ ਪੂੰਜੀਵਾਦੀ ਸੰਕਟ ਦੇ ਪ੍ਰਭਾਵਾਂ ਨੂੰ ਨੌ ਖੰਡਾਂ ਵਿਚ ਵੰਡਿਆ ਹੈ। ਪੂੰਜੀਵਾਦ ਦਾ ਇਹ ਸੰਕਟ ਕੇਵਲ ਆਰਥਿਕ ਸੰਕਟ ਨਹੀਂ ਹੈ ਸਗੋਂ ਇਹ ਪੂੰਜੀਵਾਦੀ ਪ੍ਰਬੰਧ ਦਾ ਸੰਕਟ ਹੈ। ਪ੍ਰਬੰਧ ਜਿਹੜਾ 1889 ਦੇ ਫਰਾਂਸੀਸੀ ਇਨਕਲਾਬ ਤੋਂ ਤੁਰ ਕੇ ਸਵਾ ਦੋ ਸੌ ਸਾਲਾਂ ਵਿਚ ਵਿਕਸਿਤ ਹੋ ਕੇ, ਸੰਕਟ ਮੁਕਤ ਨਹੀਂ ਹੋ ਸਕਿਆ। ਪੂੰਜੀਵਾਦ ਦਾ ਇਹ ਵਿਕਾਸ, ਸਮੁੱਚੇ ਮਨੁੱਖੀ ਸਮਾਜ ਦਾ ਵਿਕਾਸ ਨਹੀਂ ਕਰ ਸਕਿਆ। ਇਸ ਨੇ ਆਪਣੀ ਜਿੱਤ ਸਮੇਂ ਜਮਹੂਰੀਅਤ, ਸੁਤੰਤਰਤਾ ਅਤੇ ਬਰਾਬਰਤਾ ਦਾ ਜਿਹੜਾ ਐਲਾਨ ਕੀਤਾ ਸੀ, ਇਸਨੇ ਅਸਲ ਵਿਚ ਇਹਨਾਂ ਤਿੰਨਾਂ ਨੂੰ ਹੀ ਬੇ-ਅਰਥ ਬਣਾਕੇ ਰੱਖ ਦਿੱਤਾ ਹੈ। ਪੂੰਜੀਵਾਦੀ ਪ੍ਰਬੰਧ ਵਿਚਲੀ ਜਮਹੂਰੀਅਤ ਕੇਵਲ ਵੋਟਾਂ ਦੀ ਹੀ ਮਾਪ ਬਣਕੇ ਰਹਿ ਗਈ ਹੈ ਇਹ ਬਹੁ ਸੰਮਤੀ ਲੋਕਾਂ ਨੂੰ ਖ਼ੁਸ਼ਹਾਲ ਕਰ ਸਕਣ ਦੀ ਥਾਵੇਂ ਉਹਨਾਂ ਨੂੰ ਗੁਰਬਤ ਦੇ ਨਰਕ ਹੀ ਜੁਟਾ ਸਕੀ ਹੈ। ਸੁਤੰਤਰਤਾ ਤੋਂ ਇਸਦਾ ਭਾਵ ਕੁਝ ਲੋਕਾਂ ਦੇ ਹੱਥਾਂ ਵਿਚ ਹਰ ਢੰਗ ਨਾਲ ਧਨ ਇਕੱਠਾ ਕਰਨ ਦੀ ਖੁੱਲੀ ਛੁੱਟੀ ਦੇਣਾ ਹੈ ਜਿਵੇ ਕਿ ਅਸੀਂ ਪੰਜਾਬ ਵਿਚ ਦੇਖ ਰਹੇ ਹਾਂ। ਬਰਾਬਰਤਾ ਸ਼ਬਦ ਤਾਂ ਸਭ ਤੋਂ ਵੱਧ ਦਰੜਿਆ ਗਿਆ ਹੈ। ਕਿਉਂਕਿ ਪੂੰਜੀਵਾਦ ਬਰਾਬਰਤਾ ਕਾਇਮ ਹੀ ਨਹੀਂ ਕਰ ਸਕਦਾ। ਪੂੰਜੀਵਾਦ ਤਾਂ ਕੁਝ ਕੁ ਮੁੱਠੀ ਭਰ ਲੋਕਾਂ ਨੂੰ ਧਨ ਕੁਬੇਰ ਬਣਾਉਂਦਾ ਹੈ। ਬਾਕੀ ਮਿਹਨਤਕਸ਼ ਮਜ਼ਦੂਰਾਂ ਕਿਸਾਨਾਂ ਨੂੰ ਤਾਂ ਰੱਜਵੀ ਰੋਟੀ ਵੀ ਨਹੀਂ ਨਸੀਬ ਹੋ ਸਕਦੀ। ਇਸ ਲਈ ਪਿਛਲੀਆਂ ਦੋ ਸਦੀਆਂ ਪੂੰਜੀਵਾਦ ਨੇ ਆਪਣੇ ਹੋਂਦ ਵਿਚ ਆਉਣ ਸਮੇਂ ਦੇ ਮੁੱਖ ਨਾਅਰਿਆਂ ਨੂੰ ਪੈਰਾਂ ਹੇਠ ਕੁਚਲਿਆ ਹੀ ਹੈ। ਜੇ ਅੱਜ ਲੋਕ ਗਰੀਬ ਹਨ, ਬੇ-ਰੁਜ਼ਗਾਰ ਹਨ, ਅਨਪੜ੍ਹ ਹਨ, ਬੀਮਾਰੀਆਂ ਕਾਰਨ ਇਲਾਜ ਕਰਵਾ ਸਕਣ ਤੋਂ ਅਸਮਰੱਥ ਹਨ ਤਾਂ ਇਹ ਸਭ ਪੂੰਜੀਵਾਦ ਦੇ ਗ਼ੈਰ ਮਨੁੱਖੀ ਕਿਰਦਾਰ ਨੂੰ ਹੀ ਸਾਹਮਣੇ ਲਿਆਉਂਦਾ ਹੈ। ਅਸਲ ਵਿਚ ਲੋਕਾਂ ਦੀ ਇਹ ਦਸ਼ਾ ਹੀ ਇਸ ਸੰਕਟ ਦਾ ਕਾਰਨ ਹੈ ਕਿ ਜਿਨ੍ਹਾਂ ਸਭ ਕੁਝ ਨੂੰ ਸਿਰਜਿਆ- ਉਪਜਾਇਆ ਹੈ, ਜੇ ਉਹ ਜੀਵਨ ਲੋੜਾਂ ਲਈ ਕੁਝ ਖਰੀਦ ਸਕਣ ਦੇ ਅਸਮਰਥ ਹਨ ਤਾਂ ਕਾਰਨ ਇਹੋ ਹੈ ਕਿ ਉਹਨਾਂ ਦੀ ਕਮਾਈ ਉਹਨਾਂ ਕੋਲ ਨਹੀਂ ਰਹੀ, ਉਹ ਪੂੰਜੀਪਤੀਆਂ ਦੀਆਂ ਤਿਜੋਰੀਆਂ ਵਿਚ ਜਾ ਸਮਾਈ ਹੈ।

ਇਸ ਪੁਸਤਕ ਰਾਹੀਂ ਡਾ. ਅਨੂਪ ਸਿੰਘ ਨੇ ਪੂੰਜੀਵਾਦ ਦੇ ਮੌਜੂਦਾ ਸੰਕਟ ਨੂੰ ਸਾਹਮਣੇ ਲਿਆਂਦਾ ਹੈ ਜਿਸ ਨੇ ਵਿਕਾਸ ਦੇ ਨਾਂ ਉੱਪਰ ਵਿਸ਼ਵੀਕਰਨ ਨੇ ਪਸਾਰ ਕੀਤਾ ਹੈ। ਤਿੰਨ ਤਰਸੂਲੀ ਅਦਾਰਿਆਂ - ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਵਿਸ਼ਵ ਵਪਾਰ ਸੰਗਠਨ ਨੂੰ ਹੋਂਦ ਵਿਚ ਲਿਆ ਕੇ, ਸਾਰੇ ਦੇਸ਼ਾਂ ਨੂੰ ਇਹਨਾਂ ਦੇ ਘੇਰੇ ਵਿਚ ਨਰੜ ਕੇ, ਮਨਮਰਜ਼ੀ ਦੀਆਂ ਲੁੱਟਾਂ ਕਰਨ ਲਈ ਰਾਹ ਪੱਧਰਾ ਕਰ ਲਿਆ ਹੈ। ਇਸਦਾ ਅਰਥ ਸਪੱਸ਼ਟ ਹੈ ਕਿ ਲੋਕਾਂ ਬਾਰੇ ਇਸ ਪੂੰਜੀਵਾਦੀ ਪ੍ਰਬੰਧ ਨੇ ਸੋਚਿਆ ਹੀ ਨਹੀਂ, ਜਿਵੇਂ ਕਿਤੇ ਲੋਕਾਂ ਤੋਂ ਬਿਨਾਂ ਸੰਸਾਰ ਹੀ ਉਹਨਾਂ ਨੂੰ ਸੰਤੁਸ਼ਟ ਕਰ ਦੇਵੇਗਾ। ਵਿਸ਼ਵੀਕਰਨ ਦੀ ਇਹ 'ਪ੍ਰਾਪਤੀ' ਹੈ ਕਿ ਇਸ ਨੇ ਬਸਤੀਵਾਦ ਤੋਂ ਮੁਕਤ ਹੋ ਕੇ ਸੰਸਾਰ ਨੂੰ, ਮੁੜ ਤੋਂ ਨਵੇਂ ਬਸਤੀਵਾਦ ਵਿਚ ਲੈ ਆਂਦਾ ਹੈ। ਜੇ ਬਸਤੀਵਾਦ ਤੋਂ ਮੁਕਤੀ ਲਈ ਸੁਧਾਰ ਕਰਦੇ, ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦੇ ਕੇ ਇਸ ਨੂੰ ਹਾਰ ਦਿੱਤੀ ਤਾਂ ਵਿਸ਼ਵੀਕਰਨ ਦੇ ਨਵ-ਬਸਤੀਵਾਦ ਤੋਂ ਮੁਕਤ ਹੋਣ ਲਈ ਵੀ ਸੰਘਰਸ਼ਾਂ ਤੋਂ ਬਿਨਾਂ ਦੂਜਾ ਰਾਹ ਨਹੀਂ ਹੈ।

ਡਾ. ਅਨੂਪ ਸਿੰਘ ਨੇ ਜਿਸ ਮਿਹਨਤ ਨਾਲ ਇਸ ਪੁਸਤਕ ਨੂੰ ਲਿਖਿਆ ਹੈ, ਉਸ ਤੋਂ ਪਾਠਕਾਂ ਨੂੰ ਲਾਭ ਉਠਾਉਣ ਲਈ ਵੀ ਮਿਹਨਤ ਦੀ ਲੋੜ ਹੈ ਕਿਉਂਕਿ ਪੁਸਤਕ ਵਿਚਲਾ ਵਿਸ਼ਾ ਵਸਤੂ ਬੜਾ

ਕਠਿਨ ਅਤੇ ਗੁੰਝਲਦਾਰ ਹੈ। ਇਹ ਹਰ ਇਕ ਲਈ ਸੌਖਿਆਂ ਸਮਝਿਆ ਜਾਣ ਵਾਲਾ ਨਹੀਂ ਹੈ। ਇਸ ਲਈ ਪਾਠਕ ਕਈ ਹੋਰ ਸਾਧਨ , ਪੁਸਤਕਾਂ, ਕੰਪਿਊਟਰ ਤੋਂ ਵੀ ਜਾਣਕਾਰੀ ਪ੍ਰਾਪਤ ਕਰਨੀ ਪੈਣੀ ਹੈ। ਇਹ ਚੰਗਾ ਹੁੰਦਾ ਕਿ ਡਾ. ਅਨੂਪ ਸਿੰਘ ਇਸ ਪੁਸਤਕ ਵਿਚਲੇ ਦਿੱਤੇ ਅੰਕੜਿਆਂ ਅਤੇ ਵੇਰਵਿਆਂ ਦੇ ਸੋਮਿਆਂ ਨੂੰ ਵੀ ਦਰਜ਼ ਕਰ ਦਿੰਦੇ। ਆਸ ਕਰਨੀ ਚਾਹੀਦੀ ਹੈ ਕਿ ਅਜਿਹੀ ਦਰੁੱਸਤੀ ਦੂਜੀ ਐਡੀਸ਼ਨ ਵਿਚ ਕਰ ਦਿੱਤੀ ਜਾਵੇਗੀ।

ਡਾ. ਅਨੂਪ ਸਿੰਘ ਨੇ ਇਸ ਸੰਕਟ ਤੋਂ ਮੁਕਤੀ ਲਈ ਅਸਲੀ ਗੱਲ 'ਸਮਾਜਵਾਦ' ਦੀ ਸਥਾਪਨਾ ਨੂੰ ਦਰਸਾਇਆ। ਉਹਨਾਂ ਦਾ ਇਹ ਸਿੱਟਾ ਬਿਲਕੁਲ ਦਰੁੱਸਤ ਹੈ। ਇਸਦੇ ਲਈ ਹੀ ਸਾਡੇ ਦੇਸ਼ ਦੀਆਂ ਖੱਬੀਆਂ ਸ਼ਕਤੀਆਂ ਯਤਨਸ਼ੀਲ ਹਨ। ਪ੍ਰੰਤੂ ਉਸਦੇ ਲਈ ਲੇਖਕਾਂ, ਪਾਠਕਾਂ, ਬੁੱਧੀਜੀਵੀਆਂ ਨੂੰ ਵੀ ਆਪਣਾ ਹਿੱਸਾ ਪਾਉਣ ਲਈ, ਹਰ ਮੌਕੇ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਸਮੇਂ ਸਾਡੇ ਦੇਸ਼ ਵਿਚ ਲੋਕ ਸਭਾ ਚੋਣਾਂ ਦਾ ਸਮਾਂ ਹੈ, ਇਸ ਵਿਚ ਵੀ ਦੇਸ਼ ਭਗਤ, ਧਰਮ ਨਿਰਪੱਖ, ਜਮਹੂਰੀ ਧਿਰਾਂ ਦਾ ਸਾਥ ਦੇਣਾ ਚਾਹੀਦਾ ਹੈ। ਅਸੀਂ ਜਾਣਦੇ ਹਾਂ ਕਿ ਦੋਵੇਂ ਪ੍ਰਮੁੱਖ ਹਾਕਮ ਪਾਰਟੀਆਂ ਸਾਡੇ ਦੇਸ਼ ਵਿਚ ਵਿਸ਼ਵੀਕਰਨ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹਨ। ਇਸ ਲਈ ਇਹਨਾਂ ਦੀ ਚੋਣਾਂ ਵਿਚ ਹਾਰ ਅਤੇ ਭਵਿੱਖ ਵਿਚ ਵਿਸ਼ਾਲ ਸੰਗਠਤ ਲੋਕ ਸੰਘਰਸ਼ ਹੀ ਪੂੰਜੀਵਾਦੀ ਵਿਸ਼ਵੀਕਰਨ ਨੂੰ ਪੂਰੀ ਹਾਰ ਦੇ ਸਕਣ ਲਈ, ਇਕੋ ਇਕ ਰਾਹ ਹੈ। ਇਸ ਪੂੰਜੀਵਾਦੀ ਸੰਕਟ ਦੇ ਸਮੇਂ, ਪੂੰਜੀਵਾਦੀ ਪ੍ਰਬੰਧ ਦੀਆਂ ਮੁੱਖ ਧਿਰਾਂ ਉਪਰ ਕਰੜੀ ਸੱਟ ਮਾਰਨ ਦਾ ਸਮਾਂ ਹੈ।

ਡਾ. ਅਨੂਪ ਸਿੰਘ ਇਸ ਪੁਸਤਕ ਲਈ ਵਧਾਈ ਦੇ ਪਾਤਰ ਹਨ ਜਿਨ੍ਹਾਂ ਇਸ ਪੁਸਤਕ ਦੁਆਰਾ ਵਿਸ਼ਵੀਕਰਨ ਨੂੰ ਸਮਝਣ-ਸਮਝਾਉਣ ਵਿਚ ਇਹ ਯਤਨ ਕੀਤਾ ਹੈ। ਪਾਠਕਾਂ ਨੂੰ ਇਸ ਪੁਸਤਕ ਦਾ ਨਿੱਠ ਕੇ ਅਧਿਅਨ ਕਰਨਾ ਚਾਹੀਦਾ ਹੈ। - ਸੂਫ਼ੀ ਅਮਰਜੀਤ

## ਨਿੱਕੇ-ਵੱਡੇ ਹਿਟਲਰ

(ਡਾ.ਕਰਮਜੀਤ ਸਿੰਘ ਨਡਾਲਾ)

ਨਿੱਕੇ-ਵੱਡੇ ਹਿਟਲਰ ਡਾ. ਕਰਮਜੀਤ ਸਿੰਘ ਨਡਾਲਾ ਦਾ ਪਹਿਲਾ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ, ਉਹ 'ਇਕ ਅਜੂਬਾ ਹੋਰ' ਮਿੰਨੀ ਕਹਾਣੀ ਸੰਗ੍ਰਹਿ ਸੰਪਾਦਿਤ ਕਰ ਚੁੱਕਾ ਹੈ। ਉਂਝ ਉਹ ਪਿਛਲੇ ਦੋ ਦਹਾਕਿਆਂ ਤੋਂ ਮਿੰਨੀ ਕਹਾਣੀ ਲਿਖਣ ਦੀ ਅਭਿਆਸ ਪ੍ਰਕਿਰਿਆ ਵਿਚੋਂ ਦੀ ਲੰਘ ਰਿਹਾ ਹੈ। ਲੇਖਕ, ਇੱਕ ਯਥਾਰਥਵਾਦੀ ਦ੍ਰਿਸ਼ਟੀਕੋਣ ਅਪਣਾ ਕੇ, ਅਜੋਕੇ ਸਮੇਂ ਦੇ ਸਮਾਜਿਕ ਵਰਤਾਰੇ ਦੇ ਸਤਿ-ਸੰਕਲਪਾਂ ਨੂੰ ਆਪਣੀਆਂ ਕਹਾਣੀਆਂ ਦੇ ਵਿਸ਼ਾ ਵਸਤੂ ਬਣਾਉਂਦਾ ਹੈ। ਜ਼ਾਹਿਰ ਹੈ ਕਿ ਇੰਜ ਕਰਨ ਵਾਲਾ ਸਾਹਿਤਕਾਰ ਉਸਦੇ ਸਾਹਮਣੇ ਸਮਾਜ ਦੇ ਪ੍ਰਬੰਧਕੀ, ਰਾਜਨੀਤਕੀ, ਵਿਦਿਅਕੀ ਅਤੇ ਸਭਿਆਚਾਰਕ, ਆਰਥਿਕ ਸਰੂਪ ਦੇ ਢਾਂਚੇ ਦੀ ਭੈੜੀ ਅਵਸਥਾ ਦਾ ਹੀ ਚਿਤਰਣ ਕਰਦਾ ਹੈ। ਅਜਿਹੇ ਵਰਤਾਰੇ ਦੇ ਕੌਣ ਜ਼ਿੰਮੇਵਾਰ ਹਨ? ਉਹ ਰਿਸ਼ਵਤਖੋਰ, ਬੇਈਮਾਨ ਅਫ਼ਸਰ, ਕਰਮਚਾਰੀ, ਅਧਿਆਪਕ, ਪੁਲਿਸ ਕਰਮਚਾਰੀ, ਰਾਜਨੀਤਕ ਖੇਤਰ ਦੇ ਨਾਂਮਧਰੀਕ ਨੇਤਾ, ਲੇਖਕ, ਇਨ੍ਹਾਂ ਨੂੰ ਨਿੱਕੇ-ਵੱਡੇ ਹਿਟਲਰ ਕਹਿੰਦਾ ਹੈ, ਜੋ ਲੋਕਾਂ ਦਾ ਜੋਕਾਂ ਵਾਂਗ ਖੂਨ ਚੂਸਦੇ ਹਨ। ਅਮਾਨਵੀ ਕੰਮ ਕਰਕੇ ਆਪ ਅਮੀਰ ਬਣਨ ਲਈ ਕਾਲੇ-ਧੰਦੇ ਕਰਦੇ ਹਨ। ਇਹ ਕਹਾਣੀ ਸੰਗ੍ਰਹਿ ਸਾਡੇ ਅਜੋਕੇ ਸਮਾਜਿਕ, ਆਰਥਿਕ, ਅਜਿਹਾ ਕੌੜਾ ਸੱਚ, ਜੋ ਕੌੜਾ ਤਾਂ ਲੱਗਦਾ ਹੈ। ਪ੍ਰੰਤੂ ਅਸੀਂ ਅਜਿਹੀਆਂ ਕਹਾਣੀਆਂ ਦੇ ਹਕੀਕੀ-ਵਰਤਾਰੇ, ਜਦ ਸਮਝ ਲੈਂਦੇ ਹਾਂ ਤਾਂ ਨਿਰ-ਸੰਦੇਹ ਜਾਗਤਿ ਜ਼ਰੂਰ ਹੋ ਜਾਂਦੇ ਹਾਂ। ਸਾਹਿਤ ਦਾ



ਮੰਤਵ, ਲੋਕ-ਮਾਨਸ ਨੂੰ ਜਗਾਉਣਾ ਹੁੰਦਾ ਹੈ।

ਇਸ ਸੰਗ੍ਰਹਿ ਵਿਚ ਕੁੱਲ 60 ਕਹਾਣੀਆਂ ਨੂੰ ਇੱਕ ਦਰਜਨ ਭਾਗਾਂ ਵਿਚ ਵੰਡ ਕੇ ਅਜੋਕੇ ਸਮਾਜ ਵਿਚ ਫੈਲੇ ਪੁਲਿਸ, ਸਿੱਖਿਆ, ਦਫ਼ਤਰੀ, ਬਜ਼ੁਰਗਾਂ, ਕਿਸਾਨਾਂ, ਜਾਨਵਰਾਂ, ਗਰੀਬਾਂ, ਭਰੂਣ-ਹੱਤਿਆਵਾਂ, ਧਰਮਾਂ, ਲੇਖਕਾਂ, ਭਰਮਾਂ-ਵਹਿਮਾਂ ਆਦਿ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਮਿੰਨੀ ਕਹਾਣੀਆਂ ਦਾ ਵਿਸ਼ਾ-ਵਸਤੂ ਬਣਾਇਆ ਗਿਆ ਹੈ। ਇਹੋ ਸਮੱਸਿਆਵਾਂ ਸਾਡੇ ਸਮਾਜ ਦੀ ਅਧੋਗਤੀ ਦਾ ਕਾਰਣ ਹਨ। ਹਰ ਕਹਾਣੀ ਸੰਬੰਧੀ ਪ੍ਰੋ. ਬਲਦੇਵ ਸਿੰਘ ਵਾਲੀਆ ਵਲੋਂ ਆਲੋਚਨਾਤਮਕ ਟਿੱਪਣੀ ਦਿੱਤੀ ਗਈ ਹੈ। ਇਸ ਨਾਲ ਜਿੱਥੇ ਕਹਾਣੀ ਲਿਖਣ ਦਾ ਮੰਤਵ ਸਪੱਸ਼ਟ ਹੋ ਜਾਂਦਾ ਹੈ, ਉਥੇ ਕਹਾਣੀ ਦੇ ਪਾਠਕਾਂ ਤੱਕ ਅਰਥ ਸੰਚਾਰਨ ਦੀ ਸਮੱਸਿਆ ਪੇਸ਼ ਨਹੀਂ ਹੁੰਦੀ। ਵੈਸੇ ਗੰਭੀਰ-ਪਾਠਕ, ਕਥਾ-ਪਾਠ ਪਿੱਛੋਂ, ਆਪ ਜੋ ਚਿੰਤਨ ਕਰਨ ਦੀ ਰਵਾਇਤ ਸਥਾਪਿਤ ਕਰਨ, ਤਾਂ ਉਨ੍ਹਾਂ ਅੰਦਰ ਸੋਚਣ ਸਮਝਣ ਤੇ ਵਿਚਾਰਨ ਦੀ ਰੁਚੀ ਪੈਦਾ ਹੁੰਦੀ ਹੈ। ਇਹ ਕਹਾਣੀਆਂ ਸਾਡੀਆਂ ਸਮਾਜਿਕ ਬੁਰਾਈਆਂ ਤੋਂ ਪੈਦਾ ਹੋਈਆਂ ਸਮੱਸਿਆਵਾਂ ਦਾ ਯਥਾਰਥ ਰੂਪ ਹਨ। ਜੋ ਕੁਝ ਪੇਸ਼ ਹੈ, ਘਟਿਤ ਹੁੰਦਾ ਹੈ, ਉਹ ਸੱਚ ਹੈ। ਪੁਲਿਸ ਤੰਤਰ ਹੋਵੇ, ਵਿਦਿਅਕ ਢਾਂਚਾ ਹੋਵੇ, ਜਾਂ ਕਾਰੋਬਾਰ ਤੇ ਪਰਿਵਾਰਿਕ ਬੇਨਿਯਮੀਆਂ ਹੋਣ ਜਾਂ ਰਾਜਨੀਤਿਕ ਧਾਰਮਿਕ-ਪਾਖੰਡ, ਸਭ ਖੇਤਰਾਂ ਵਿਚ ਅੰਨੇ ਨੂੰ ਬੋਲਾ ਘੜੀਸੀ ਜਾਂਦਾ ਹੈ। ਧੋਖੇ ਹੁੰਦੇ ਹਨ। ਬੇਇਨਸਾਫ਼ੀ ਹੈ। ਬਲਾਤਕਾਰ ਹੈ। ਗਰੀਬੀ-ਅਮੀਰੀ ਦਾ ਪਾੜਾ ਹੈ। ਲੋੜ ਇਸ ਹਨ੍ਹੇਰੇ ਵਿਚੋਂ ਮਾਰਗ-ਦਰਸ਼ਨ ਪਾ ਬਾਹਰ ਨਿਕਲਣ ਦੀ ਹੈ ਅਤੇ ਇਹ ਮਿੰਨੀ ਕਥਾਵਾਂ, ਪੰਜਾਬੀ-ਪਾਠਕਾਂ ਦੇ ਮਨਾਂ ਅੰਦਰ ਚੇਤਨਾ ਦੇ ਚਿਰਾ.ਗ ਜਗਾ ਸਕਦੀਆਂ ਹਨ ਤਾਂ ਜੋ ਪਾਠਕਾਂ ਅੰਦਰ ਗਿਆਨ ਵਿਗਿਆਨ ਦੀ ਜਾਗ੍ਰਿਤੀ ਪੈਦਾ ਹੋਵੇ।

ਮਿੰਨੀ ਕਹਾਣੀਆਂ ਨੂੰ ਰੋਚਕ, ਰਸਾਤਮਿਕ ਬਣਾਉਣ ਲਈ ਲੇਖਕ ਸੁਗਮ ਹਾਸਾ (Wit) ਕਦੇ ਅਸੰਗਤੀ (Incongrulty) ਅਤੇ ਫਿਟਕਾਰ (Reproval) ਜੁਗਤਾਂ ਦੀ ਵਰਤੋਂ ਕਰਦਾ ਹੈ, ਇਸ ਨਾਲ ਕਥਾ ਤੇ ਕਥਨ ਵਿਧੀ ਸਾਰਥਕ ਬਣਦੀ ਹੈ। ਪਾਤਰਾਂ ਦੇ ਵਾਰਤਾਲਾਪ ਛੋਟੇ, ਅਰਥ ਭਰਪੂਰ ਅਤੇ ਨਾਟਕੀ ਅੰਦਾਜ਼ ਵਾਲੇ ਹਨ। ਇਨ੍ਹਾਂ ਕਹਾਣੀਆਂ ਵਿਚ ਸੰਖੇਪਤਾ, ਸਰਲਤਾ ਤੇ ਤਿੱਖੇਪਣ ਦੀ ਪ੍ਰਕਿਰਤੀ ਸਾਫ਼ ਦ੍ਰਿਸ਼ਟੀਗੋਚਰ ਹੁੰਦੀ ਹੈ। ਹਰ ਕਹਾਣੀ ਵਿਚ ਬਹੁਤੇ ਪਾਤਰ ਨਹੀਂ, ਨਾ ਸਮੱਸਿਆ ਨੂੰ ਖੋਲ੍ਹਣ ਲਈ ਵੇਰਵੇ ਹਨ। ਸਮੱਸਿਆ ਪੇਸ਼ ਹੁੰਦੀ ਦਿਖਾਈ ਹੈ। ਬਾਕੀ ਸਭ ਕੁਝ ਪਾਠਕਾਂ ਦੀ ਸੂਝ-ਬੂਝ ਤੇ ਛੱਡ ਦਿੱਤਾ ਜਾਂਦਾ ਹੈ। ਕਹਾਣੀਆਂ ਦੀ ਬੁਣਤੀ ਬਣਤਰ ਤੇ ਸੰਰਚਨਾ ਮਿੰਨੀ ਸਰੂਪ ਵਾਲੀ ਹੈ। ਵਿਸਥਾਰ ਦੇਣ ਤੋਂ ਸੰਕੋਚ ਕੀਤਾ ਗਿਆ ਹੈ।

ਇਹ ਕਹਾਣੀਆਂ ਦਾ ਪਾਠ, ਪਾਠਕਾਂ ਦੇ ਅੰਦਰ ਸਿਰਜਨਾਤਮਿਕ ਵਲਵਲੇ ਜਗਾ ਕੇ, ਉਸਨੂੰ ਜਾਗ੍ਰਿਤ, ਬਾਹੋਸ਼ ਅਤੇ ਚੇਤਨ ਹੋਣ ਦੇ ਸਮਰੱਥ ਬਣਾ ਸਕਦਾ ਹੈ। ਇਹ ਕਹਾਣੀਆਂ ਸਾਨੂੰ ਸਾਡੇ ਅਜੋਕੇ ਜੀਵਨ, ਸਮਾਜ ਦੀ ਵਰਤਮਾਨ ਅਵਸਥਾ ਦੀ ਸਾਨੂੰ ਨੰਗੀ ਤਸਵੀਰ ਦਿਖਾਉਂਦੀਆਂ ਹਨ। ਅਕਲਮੰਦ ਨੂੰ ਇਸ਼ਾਰੇ ਨਾਲ ਸਮਝਾਉਣ ਦੀ ਕਲਾਤਮਿਕ ਵਿਧੀ ਅਰਥ ਭਰਪੂਰ ਹੁੰਦੀ ਹੈ। ਇਕੱਲੀ-ਇਕੱਲੀ ਕਹਾਣੀ ਸਾਨੂੰ ਕੁਝ ਸੁਨੇਹਾ ਦਿੰਦੀ ਹੈ, ਸੁਚੇਤ ਕਰਦੀ ਹੈ ਅਤੇ ਅਸਾਡੇ ਅੰਦਰ ਪਰਿਵਰਤਨ ਕਰਨ ਕਰਵਾਉਣ ਲਈ ਤਿੱਖੀ ਚੰਗਿਆੜੀ ਬਣਦੀ ਹੈ। ਅਜਿਹੇ ਮਿੰਨੀ ਕਹਾਣੀਆਂ ਦੇ ਸੱਜਰੇ ਸੰਗ੍ਰਹਿ ਦਾ ਸਵਾਗਤ ਕਰਨਾ ਬਣਦਾ ਹੈ। •

ਅਮਰ ਕੋਮਲ (ਡਾ.)

# ਪੁਸਤਕ ਪ੍ਰਾਪਤੀ

1. ਅਰਸ਼ੋਂ ਉਤਰੇ ਤਾਰੇ (ਗ਼ਜ਼ਲਾਂ) ਹਰਚਰਨ ਸ਼ਰੀਫ, ਪੰਨੇ 104, ਮੁੱਲ 120/-, ਉਡਾਨ ਪਬਲੀਕੇਸ਼ਨ, ਮਾਨਸਾ
2. ਸੁਰਖ਼ ਗਲਾਬੋਂ ਕਾ ਮੌਸਮ (ਉਰਦੂ ਗ਼ਜ਼ਲਾਂ) ਕਮਲ ਮੁੱਲ 130/- ਪੰਨੇ 120, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
3. ਖਿਣ (ਤਿਪਕੇ) ਇਕਬਾਲ ਦੀਪ, ਪੰਨੇ 88, ਮੁੱਲ 120/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ-31
4. ਮਿੱਟੀ ਮਿੱਟੀ ਮਹਾਂਕਥਾ (ਨਾਵਲ) ਚਰਨ ਅਸ਼ੋਕ ਆਲਮਗੀਰ ਪੰਨੇ 203, ਮੁੱਲ 200/- ਪੰਜ ਨਾਦ ਪ੍ਰਕਾਸ਼ਨ, ਲਾਂਬੜਾ ਜਲੰਧਰ।
5. ਅੱਗ ਦੇ ਅੱਥਰੂ (ਕਾਵਿ-ਸੰਗ੍ਰਹਿ) ਹਰਜਿੰਦਰ ਸਿੰਘ ਸੰਧੂ, ਪੰਨੇ 168, ਮੁੱਲ 60/- ਪੰਜ ਨਾਦ ਪ੍ਰਕਾਸ਼ਨ ਲਾਂਬੜਾ, ਜਲੰਧਰ
6. ਨੌ ਮਣ ਰੇਤ (ਕਾਵਿ ਸੰਗ੍ਰਹਿ) ਸੰਤ ਸੰਧੂ ਪੰਨੇ 128, ਮੁੱਲ 64/-, ਪੰਜ ਨਾਦ ਪ੍ਰਕਾਸ਼ਨ, ਲਾਂਬੜਾ, ਜਲੰਧਰ
7. ਧੰਨਵਾਦ, ਧੰਨਵਾਦ, ਧੰਨਵਾਦ (ਕਵਿਤਾ) ਰਵਿੰਦਰ ਸਿੰਘ ਸੋਢੀ ਸਫ਼ੇ 104, ਮੁੱਲ 140/- ਆਰਸੀ ਪਬਲਿਸ਼ਰਜ਼, ਦਿੱਲੀ
8. ਜਦੋਂ ਸਮਝ ਪਵੇ (ਗ਼ਜ਼ਲਾਂ) ਕੁਲਵੰਤ ਜੀਰਾ, ਪੰਨ 80, ਮੁੱਲ 70/- ਨਵੀਨ ਪ੍ਰਕਾਸ਼ਨ ਅੰਮ੍ਰਿਤਸਰ
9. ਗੀਤ ਤੋਂ ਸੁਲਘਦੀ ਲੀਕ ਤੱਕ (ਗ਼ਜ਼ਲਾਂ) ਪੰਨੇ 416, ਮੁੱਲ 500/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
10. ਪੂੰਜੀਵਾਦੀ ਵਿਸ਼ਵੀਕਰਨ ਦੀ ਅਸਫ਼ਲਤਾ (ਵਾਰਤਕ) ਡਾ. ਅਨੂਪ ਸਿੰਘ ਪੰਨੇ 144, ਮੁੱਲ 100/- ਪ੍ਰੇਰਨਾ ਪ੍ਰਕਾਸ਼ਨ ਅੰਮ੍ਰਿਤਸਰ
11. ਚਮਤਕਾਰੀ ਕੈਨੇਡਾ (ਵਾਰਤਕ ਸੰਗ੍ਰਹਿ) ਖੋਜੀ ਕਾਫ਼ਿਰ ਪੰਨੇ 240, ਮੁੱਲ 200/- ਸਿੰਘ ਬ੍ਰਦਰਜ਼, ਅੰਮ੍ਰਿਤਸਰ
12. ਨਿੱਕੇ-ਵੱਡੇ ਹਿਟਲਰ (ਮਿੰਨੀ ਕਹਾਣੀਆਂ) ਡਾ. ਕਰਮਜੀਤ ਸਿੰਘ ਨਡਾਲਾ ਪੰਨੇ 108, ਮੁੱਲ 125/- ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
13. ਦਵਿੰਦਰ ਸਤਿਆਰਥੀ (ਖੋਜ-ਨਿਬੰਧ) ਨਿਰਮਲ ਅਰਪਨ, ਪੰਨੇ 98, ਮੁੱਲ 40/- ਭਾਰਤੀ ਸਾਹਿਤ ਅਕਾਦਮੀ - ਦਿੱਲੀ
14. ਪੰਜਾਬੀ ਕਹਾਣੀ ਸਮਾਜਿਕ ਸਰੋਕਾਰ ਤੇ ਦ੍ਰਿਸ਼ਟੀ (ਡਾ. ਭੁਪਿੰਦਰ ਕੌਰ) ਪੰਨੇ 264, ਮੁੱਲ 300/- ਯੂਨੀਸਟਾਰ ਬੁਕਸ, ਚੰਡੀਗੜ੍ਹ
15. ਧੁੱਪ ਦੀ ਤਲਾਸ਼ (ਕਵਿਤਾ) ਨਵਤੇਜ ਗੜ੍ਹਦੀਵਾਲਾ ਮੁੱਲ 140/- ਪੰਨੇ 120, ਚੇਤਨਾ ਪ੍ਰਕਾਸ਼ਨ ਲੁਧਿਆਣਾ।

❖ ❖ ❖




## ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਗੁਰੂ ਕੀ ਨਗਰੀ ਬਠਿੰਡਾ
## ਪ੍ਰਗਤੀਵਾਦੀ ਰਿਆਇਤੀ ਪੁਸਤਕਾਂ

1. ਹਰਭਜਨ ਸਿੰਘ ਹੁੰਦਲ ਦੀ ਵਾਰਤਕ ਕਲਾ ਖੋਜ ਪੁਸਤਕ ਰਮਨਦੀਪ ਕੌਰ ਬਾਬਾ ਬਕਾਲਾ।
2. ਯਾਦਾਂ ਸੰਨ ਸੰਤਾਲੀ ਸੰਤਾਲੀ ਦਾ ਸੰਤਾਪ ਬਿਆਨ ਕਰਦੀ ਪੁਸਤਕ ਹਰਚਰਨ ਸਿੰਘ ਕਪੂਰਥਲਾ।
3. ਮਿੱਟੀ ਦੇ ਰੰਗ (ਗੀਤ ਸੰਗ੍ਰਹਿ) ਜ਼ੋਰਾ ਸਿੰਘ ਨਸਰਾਲੀ।
4. ਅੰਨ੍ਹੀ ਥੇਹ (ਸਿੱਖੀ ਦੇ ਨਾਂ 'ਤੇ ਡੇਰਿਆਂ ਵਿਚ ਛੂਤ ਛਾਤ ਦੇ ਪ੍ਰਕੋਪ ਦੀ ਲੰਮੀ ਨਿੱਕੀ ਕਹਾਣੀ) ਅਤਰਜੀਤ।
5. ਬਿਖਰੇ ਟਾਪੂ (ਪ੍ਰਵਾਸੀ ਲੇਖਕਾਂ ਦੀਆਂ ਕਹਾਣੀਆਂ) ਸੰਪਾਦਕ ਗੁਰਬਚਨ ਸਿੰਘ ਭੁੱਲਰ।
6. ਨੰਨ੍ਹਾਂ ਰਾਜ ਕੁਮਾਰ (ਫਰਾਂਸੀਸੀ ਬਾਲ ਨਾਵਲ) ਲੇਖਕ ਅਨੁਤੁਆਨ ਦ ਸੈਂਤੇਕਜੁਪੇਰੀ) ਅਨੁਵਾਦ ਡਾ. ਜਸਮੇਲ ਸਿੰਘ
7. ਕੀ ਪਿਐ ਪ੍ਰਦੇਸ (ਹੱਡ ਬੀਤੀ ਆਧਾਰਤ ਨਾਵਲ) ਬਲਵਿੰਦਰ ਸਿੰਘ ਦਿੱਲੀ।
8. ਧਰਤੀ ਦਾ ਪੁੱਤਰ (ਤੇਲਗੂ ਨਾਵਲ) ਡਾ. ਕੇਸ਼ਵ ਰੈਡੀ ਅਨੁਵਾਦ ਰਵਿੰਦਰ ਸਿੰਘ ਰਾਹੀ ਜੈਤੋ।
9. ਸੱਭਿਆਚਾਰ ਬਨਾਮ ਖੁੰਬਾਂ ਦੀ ਗੰਦੀ ਨਸਲ (ਖੋਜ ਅਤੇ ਮਿਡਲ ਆਦਿ) ਅਤਰਜੀਤ।
10. ਜ਼ਿੰਦਗੀ ਇਕ ਉਤਸਵ ਸਮਾਜਿਕ ਸਰੋਕਾਰਾਂ ਦੇ ਲੇਖ) ਜੋਗਿੰਦਰ ਸਿੰਘ ਸਿਵੀਆ।
11. ਮਾਸ ਖੋਰੇ ਤੀਜਾ ਸੰਸਕਰਨ (ਕਹਾਣੀ ਸੰਗ੍ਰਹਿ) ਅਤਰਜੀਤ।
12. ਟੁੱਟਦੇ ਬਣਦੇ ਰਿਸ਼ਤੇ ਤੀਜਾ ਸੰਸਕਰਨ (ਕਹਾਣੀ ਸੰਗ੍ਰਹਿ) ਅਤਰਜੀਤ।
13. ਧਰਤੀ ਤੋਂ ਆਕਾਸ਼ ਤੀਕ (ਗ਼ਜ਼ਲ ਸੰਗ੍ਰਹਿ) ਨਿਰਪਾਲ ਸਿੰਘ ਕਰਮਗੜ੍ਹ ਛਤਰਾਂ (ਬਠਿੰਡਾ)।
14. ਸ਼ੀਸ਼ਾ ਅੱਗ ਤੇ ਸਿਤਾਰ (ਕਹਾਣੀ ਸੰਗ੍ਰਹਿ) ਮਾਸਟਰ ਅਮਰੀਕ ਸਿੰਘ ਸ਼ੇਰ ਖਾਂ।
15. ਗੱਦਾਰ (ਸੰਤਾਲੀ ਦੀ ਵੰਡ ਦਾ ਦਰਦਨਾਕ ਨਾਵਲ) ਕ੍ਰਿਸ਼ਨ ਚੰਦਰ।
16. ਜਦੋਂ ਖੇਤ ਜਾਗੇ (ਤਿਲੰਗਾਨਾ ਦੀ ਕਿਸਾਨ ਲਹਿਰ ਨਾਲ ਸੰਬੰਧਤ ਨਾਵਲ) ਕ੍ਰਿਸ਼ਨ ਚੰਦਰ।
17. ਅਦਨਾ ਇਨਸਾਨ ਦੂਜਾ ਸੰਸਕਰਨ (ਕਹਾਣੀ ਸੰਗ੍ਰਹਿ) ਅਤਰਜੀਤ।
18. ਸਬੂਤੇ ਕਦਮ ਦੂਜਾ ਸੰਸਕਰਨ (ਚੋਣਵਾਂ ਕਹਾਣੀ ਸੰਗ੍ਰਹਿ) ਅਤਰਜੀਤ।
19. ਤੀਜਾ ਯੁੱਧ ਤੀਜਾ ਸੰਸਕਰਨ (ਕਹਾਣੀ ਸੰਗ੍ਰਹਿ) ਅਤਰਜੀਤ।
20. ਸੋਵੀਅਤ ਬਾਲ ਕਹਾਣੀਆਂ (1 ਤੋਂ 12 ਤੱਕ ਲੜੀ) ਸੰਪਾਦਕ ਅਤਰਜੀਤ।
21. 1084ਵੇਂ ਦੀ ਮਾਂ (ਬੰਗਾਲੀ ਨਾਵਲ) ਬੰਗਾਲ ਦੀ ਨਕਸਲਬਾੜੀ ਲਹਿਰ ਦਾ ਦੁਖਾਂਤ ਮਹਾਸ਼ਵੇਤਾ ਦੇਵੀ।
22. ਸ਼ਿਕਾਰ (ਕਹਾਣੀ ਸੰਗ੍ਰਹਿ) ਬੰਗਾਲੀ ਕਬੀਲਿਆਂ ਬਾਰੇ ਕਹਾਣੀਆਂ ਮਹਾਸ਼ਵੇਤਾ ਦੇਵੀ।
23. ਕਿੱਸਾ ਦੁੱਲਾ ਭੱਟੀ ਤੇ ਇਸਦੀ ਭਾਵ ਯੁਗਤ (ਖੋਜ ਪੁਸਤਕ) ਮਰਹੂਮ ਮਾਸਟਰ ਗਿਆਨ ਚੰਦ।
24. ਕਿਰਚਾਂ (ਕਹਾਣੀ ਸੰਗ੍ਰਹਿ) ਨਾਰੀ ਸੰਵੇਦਨਾ ਦੀਆਂ ਕਹਾਣੀਆਂ ਸੋਮਾ ਸਬਲੋਕ।
25. ਹੇਮ ਜਯੋਤੀ (ਪਹਿਲੀ ਜਿਲਦ) ਸੱਤਰਵਿਆਂ ਦੇ ਪਰਚੇ ਹੇਮ ਜਯੋਤੀ ਦੀਆਂ ਲਿਖਤਾਂ ਸੰਪਾਦਕ ਅਤਰਜੀਤ।
26. ਹੇਮ ਜਯੋਤੀ (ਦੂਜੀ ਜਿਲਦ) ਹੇਮ ਜਯੋਤੀ ਕਹਾਣੀ ਸੰਗ੍ਰਹਿ ਸੰਪਾਦਕ ਅਤਰਜੀਤ।
27. ਹੇਮ ਜਯੋਤੀ (ਤੀਜੀ ਜਿਲਦ) ਸੰਪਾਦਕ ਅਤਰਜੀਤ।
28. ਇਨਕਲਾਬ ਦੀ ਸੂਹੀ ਲਾਟ, ਦੁਰਗਾ ਭਾਬੀ (ਜੀਵਨੀ) ਲੇਖਕ ਅਤਰਜੀਤ।
29. ਕਿਹੋ ਜਿਹਾ ਸੀ ਸਾਡਾ ਭਗਤ ਸਿੰਘ ? ਰੁਮਾਂਟਕ ਇਨਕਲਾਬੀ ਤੋਂ ਕੌਮਿਊਨਿਸਟ ਇਨਕਲਾਬੀ ਅਤਰਜੀਤ।
30. ਨਵੀਆਂ ਸੋਚਾਂ, ਨਵੀਆਂ ਲੀਹਾਂ (ਨਾਵਲ) ਕੁੜੀਆਂ ਨੂੰ ਸਮਰਪਤ ਨਾਵਲ ਅਤਰਜੀਤ।
31. ਭਲਾ ਮੈਂ ਕੌਣ ? (ਨਾਟ ਸੰਗ੍ਰਹਿ) ਪ੍ਰਗਤਵਾਦੀ ਨਾਟਕਾਂ ਦਾ ਸੰਗ੍ਰਹਿ ਪ੍ਰਮਿੰਦਰ ਕੌਰ ਸਵੈਚ, ਕੈਨੇਡਾ।
32. ਖ਼ਾਮੋਸ਼ੀ ਦੀ ਮੌਤ (ਕਾਵਿ ਸੰਗ੍ਰਹਿ) ਲੋਕ ਪੱਖੀ ਕ੍ਰਾਂਤੀਕਾਰੀ ਨਜ਼ਮਾਂ ਡਾ. ਗਗਨਦੀਪ ਕੌਰ।
33. ਰਾਵਨ ਮਰਿਆ ਨਹੀਂ (ਕਾਵਿ ਸੰਗ੍ਰਹਿ) ਕਵਿਤਾਵਾਂ ਮਾਸਟਰ ਸਤਨਾਮ ਸਿੰਘ ਸਮਾਣਾ।
34. ਸੋਵੀਅਤ ਬਾਲ ਕਹਾਣੀਆਂ (ਨੰਨ੍ਹੇ ਮੁੰਨਿਆਂ ਲਈ 1 ਤੋਂ 12 ਨੰਬਰ ਤੱਕ ਪੁਸਤਕ ਲੜੀ)
35. ਇਨਕਲਾਬ ਦਾ ਸੂਹਾ ਚਿੰਨ੍ਹ ਭਗਤ ਸਿੰਘ (ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ। ਸੰਪਾਦਕ ਅਤਰਜੀਤ।
36. ਕੱਚੀਆਂ ਕੰਧਾਂ ਦੇ ਗੀਤ (ਇਨਕਲਾਬੀ ਗੀਤ) ਜ਼ੋਰਾ ਸਿੰਘ ਨਸਰਾਲੀ।
37. ਆਤਮਵਾਦੀ ਭਟਕਣਾ ਤੇ ਪਦਾਰਥਵਾਦੀ ਸੱਚ (ਤਰਕਸ਼ੀਲ ਪੁਸਤਕ) ਹੇਮ ਰਾਜ ਸਟੈਨੋ।
38. ਅੱਕ ਦਾ ਦੁੱਧ ਆਤਮ ਕਥਾ ਅਤਰਜੀਤ।

Chirag Quarterly April-June 2009
Registered with the Registrar of News-Papers of India No. PUN-PUN 0'2276/AL/TC94

ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ ਜਿਨਾਂ ਹਿੰਮਤ ਯਾਰ ਬਣਾਈ।

ਇੱਕ ਨਾਂ ਜਿਸ ਤੇ ਤੁਸੀਂ ਭਰੋਸਾ ਕਰ ਸਕਦੇ ਹੋ ®

# ਅਮਰ ਪ੍ਰੀਤ

ਅਤੇ

AMAR PREET

*Growth is Life*

## ਸੰਗਰਾਮ (ਗੋਲੀ ਅਤੇ ਮੈਸ਼)

**ਸੰਤੁਲਿਤ ਪਸ਼ੂ ਖੁਰਾਕ**

**ਡੀਲਰਸ਼ਿਪ ਲਈ ਸੰਪਰਕ ਕਰੋ-**

**ਪ੍ਰੀਤ ਫੀਡ ਸੇਲਜ਼ ਤਰਨ ਤਾਰਨ**

ਫੋਨ :-

**01852-222927 (M) 98760-72265**

**Fax:- 01852-225327**